**1000/Sukhpiar Singh**

**PUNJAB VIDHAN SABHA**

*Friday, the 28th March, 2025*

*The Vidhan Sabha met in the Punjab Vidhan Sabha Hall, Vidhan Bhavan, Sector 1, Chandigarh at 10.00 A.M. Mr. Speaker (Sardar Kultar Singh Sandhwan) in the Chair.*

-------

**STARRED QUESTIONS AND ANSWERS**

**ਮਾਣਯੋਗ ਸਪੀਕਰ**: ਵਾਹਿਗੁਰੂ ਜੀ। ਪ੍ਰਸ਼ਨ ਕਾਲ।

**ਬੁਢਲਾਡਾ ਡਿਪੂ ਵਿਖੇ ਨਵੀਆਂ ਬੱਸਾਂ ਦੇਣਾ**

***1649. ਪ੍ਰਿੰਸੀਪਲ ਬੁੱਧ ਰਾਮ:** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਬੁਢਲਾਡਾ ਬੱਸ ਡਿਪੂ ਪਿਛਲੇ 40 ਸਾਲ ਪੁਰਾਣਾ ਹੈ, ਜਿੱਥੇ 6 ਮਹੀਨੇ ਪਹਿਲਾਂ ਲਗਭਗ 98 ਬੱਸਾਂ ਸਨ ਪਰ ਇਹਨਾਂ ਵਿੱਚੋਂ 20 ਬੱਸਾਂ ਕੰਡਮ ਹੋ ਜਾਣ ਅਤੇ 2 ਬੱਸਾਂ ਬਰਨਾਲਾ ਡਿਪੂ ਵਿੱਚ ਭੇਜ ਦੇਣ ਕਾਰਨ ਇੱਥੇ ਗਿਣਤੀ ਸਿਰਫ 76 ਰਹਿ ਗਈ ਹੈ, ਜਿਸ ਨਾਲ ਪਿੰਡਾਂ ਦੇ ਲੋਕਲ ਰੂਟ ਬੰਦ ਹੋ ਗਏ ਹਨ ਅਤੇ ਖਾਸ ਤੌਰ ਤੇ ਵਿਦਿਆਰਥੀਆਂ ਲਈ ਬਹੁਤ ਮੁਸ਼ਕਿਲ ਪੇਸ਼ ਆ ਰਹੀ ਹੈ। ਜੇਕਰ ਅਜਿਹਾ ਹੈ ਤਾਂ ਕੀ ਸਰਕਾਰ ਬੁਢਲਾਡਾ ਬੱਸ ਡਿਪੂ ਵਿੱਚ ਨਵੀਆਂ ਬੱਸਾਂ ਦਾ ਪ੍ਰਬੰਧ ਕਰੇਗੀ; ਜੇਕਰ ਹਾਂ ਤਾਂ ਕਦੋਂ ਤੱਕ?

**ਸਰਦਾਰ ਲਾਲਜੀਤ ਸਿੰਘ ਭੁੱਲਰ:** ਇਹ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਪੀ.ਆਰ.ਟੀ.ਸੀ.ਬੁਢਲਾਡਾ ਡਿਪੂ ਸਾਲ 1979 ਵਿੱਚ ਸਥਾਪਿਤ ਕੀਤਾ ਗਿਆ ਸੀ ਅਤੇ ਇਸ ਡਿਪੂ ਨੂੰ ਤਕਰੀਬਨ 45 ਸਾਲ ਹੋ ਚੁੱਕੇ ਹਨ।

ਪੀ ਆਰ ਟੀ ਸੀ ਬੁਢਲਾਡਾ ਡਿਪੂ ਵਿੱਚ ਪਿੱਛਲੇ 6 ਮਹੀਨਿਆਂ ਦੌਰਾਨ ਕੁੱਲ 81 ਬੱਸਾਂ ਦਾ ਫਲੀਟ ਮੌਜੂਦ ਸੀ ਜਿਹਨਾਂ ਵਿੱਚੋਂ 08 ਬੱਸਾਂ ਕੰਡਮ ਹੋਈਆਂ ਅਤੇ 2 ਬੱਸਾਂ ਬਰਨਾਲਾ ਡਿਪੂ ਨੂੰ ਤਬਦੀਲ ਕੀਤੀਆਂ ਗਈਆਂ ਸਨ। ਇੱਥੇ ਇਹ ਵੀ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਜੋ 2 ਬੱਸਾਂ ਬਰਨਾਲਾ ਡਿਪੂ ਤਬਦੀਲ ਕੀਤੀਆਂ ਗਈਆਂ ਸਨ ਇਹਨਾਂ ਬੱਸਾਂ ਦੇ ਬਦਲਵੇਂ ਪ੍ਰਬੰਧ ਕਰਦੇ ਹੋਏ 1 ਬੱਸ ਪਟਿਆਲਾ ਡਿਪੂ ਅਤੇ 1 ਬੱਸ ਕਪੂਰਥਲਾ ਡਿਪੂ ਤੋਂ ਬੁਢਲਾਡਾ ਡਿਪੂ ਵਿੱਚ ਤਬਦੀਲ ਕਰ ਦਿੱਤੀਆਂ ਗਈਆਂ ਸਨ।ਇਸ ਦੇ ਨਾਲ ਹੀ ਪੀ.ਆਰ.ਟੀ.ਸੀ. ਵੱਲੋਂ ਇਸ ਸਮੇਂ ਜੋ ਕਿਲੋਮੀਟਰ ਸਕੀਮ ਅਧੀਨ 83 ਸਧਾਰਨ ਬੱਸਾਂ ਹਾਇਰ ਕੀਤੀਆਂ ਜਾ ਰਹੀਆਂ ਹਨ ਜਿਹਨਾਂ ਵਿੱਚੋਂ 3 ਬੱਸਾਂ ਬੁਢਲਾਡਾ ਡਿਪੂ ਵਿੱਚ ਭੇਜੀਆਂ ਜਾ ਚੁੱਕੀਆਂ ਹਨ ਜਿਸ ਅਨੁਸਾਰ ਇਸ ਸਮੇਂ ਬੁਢਲਾਡਾ ਵਿੱਚ 76 ਬੱਸਾਂ ਮੌਜੂਦ ਹਨ। ਮੌਜੂਦਾ ਸਮੇਂ ਬੁਢਲਾਡਾ ਹਲਕੇ ਵਿੱਚ ਪੀਆਰਟੀਸੀ ਦੇ 08 ਲੋਕਲ ਰੂਟ ਬੰਦ ਪਏ ਹਨ।

ਇੱਥੇ ਇਹ ਵੀ ਵਰਨਣਯੋਗ ਹੈ ਕਿ ਪੀਆਰਟੀਸੀ ਵੱਲੋਂ ਨਵੀਆਂ ਬੱਸਾਂ ਦਾ ਪ੍ਰਬੰਧ ਕਰਦੇ ਹੋਏ ਪੀਆਰਟੀਸੀ ਦੀਆਂ ਆਪਣੀਆਂ ਮਲਕੀਅਤ ਵਾਲੀਆਂ 400 ਸਧਾਰਨ, 100 ਮਿਡੀ ਬੱਸਾਂ ਅਤੇ ਕਿਲੋਮੀਟਰ ਸਕੀਮ ਅਧੀਨ 100 ਸਧਾਰਨ ਬੱਸਾਂ ਪਾਉਣ ਲਈ ਪ੍ਰਕਿਰਿਆ ਅਰੰਭੀ ਹੋਈ ਹੈ ਅਤੇ ਇਸ ਪ੍ਰਕਿਰਿਆ ਰਾਹੀਂ ਮਿਤੀ 31/03/2026 ਤੱਕ ਬੱਸਾਂ ਪੀਆਰਟੀਸੀ ਦੇ ਫਲੀਟ ਵਿੱਚ ਆਉਣ ਦੀ ਸੰਭਾਵਨਾ ਹੈ। ਇਹਨਾਂ ਆਉਣ ਵਾਲੀਆਂ ਬੱਸਾਂ ਵਿੱਚੋਂ ਬੁਢਲਾਡਾ ਡਿਪੂ ਦੀ ਲੋੜ ਅਨੁਸਾਰ ਬੱਸਾਂ ਪਹਿਲ ਦੇ ਅਧਾਰ ਤੇ ਮੁਹੱਈਆ ਕਰਵਾ ਦਿੱਤੀਆਂ ਜਾਣਗੀਆਂ ਜਿਸ ਨਾਲ ਡਿਪੂ ਦੇ ਬੰਦ ਪਏ ਰੂਟਾਂ ਨੂੰ ਚਲਾ ਦਿੱਤਾ ਜਾਵੇਗਾ।

ਮਾਣਯੋਗ ਸਪੀਕਰ ਸਾਹਿਬ, ਮਾਣਯੋਗ ਮੈਂਬਰ ਸਾਹਿਬ ਨੇ ਪੁੱਛਿਆ ਹੈ ਕਿ ਇਨ੍ਹਾਂ ਦੇ ਬੁਢਲਾਡੇ ਡਿਪੂ ਵਿੱਚ 98 ਬੱਸਾਂ ਹਨ ਪਰ 20 ਕੰਡਮ ਹੋ ਗਈਆਂ ਹਨ। ਇੱਥੇ ਮੈਂ ਦੱਸ ਦਿੰਦਾ ਹਾਂ ਕਿ ਇਨ੍ਹਾਂ ਦੇ ਡਿਪੂ ਵਿੱਚ 98 ਬੱਸਾਂ ਨਹੀਂ ਸਨ, 81 ਬੱਸਾਂ ਦਾ ਫਲੀਟ ਸੀ। ਉਸ ਵਿੱਚੋਂ 8 ਕੰਡਮ ਹੋਈਆਂ ਅਤੇ ਜਿਹੜੀਆਂ 2 ਬਰਨਾਲਾ ਡਿਪੂ ਨੂੰ ਭੇਜੀਆਂ ਸਨ। ਉਸ ਵਿੱਚ ਅਸੀਂ 2 ਬੱਸਾਂ ਪਟਿਆਲਾ ਅਤੇ ਕਪੂਰਥਲਾ ਡਿਪੂ ਤੋਂ ਭੇਜ ਦਿੱਤੀ ਹੈ। ਬਾਕੀ 8 ਕੰਡਮ ਬੱਸਾਂ ਲਈ ਅਸੀਂ ਇਨ੍ਹਾਂ ਨੂੰ ਨਵੀਆਂ ਬੱਸਾਂ ਪਾਉਣੀਆਂ ਹਨ। ਇਨ੍ਹਾਂ ਦੇ ਜਲਦੀ ਹੀ ਰੂਟ ਬਣਨੇ ਹਨ, ਉਸ ਵਿੱਚ ਅਸੀਂ ਦੇ ਦੇਵਾਂਗੇ। ਜਿਹੜੀਆਂ ਕਿ 200 ਵੱਡੀਆਂ ਬੱਸਾਂ ਇਸੇ ਸਾਲ ਪੈਣੀਆਂ ਹਨ, ਬਾਕੀ 100 ਮਿਡੀ ਬੱਸਾਂ ਪੈਣੀਆਂ ਹਨ। ਉਸ ਵਿੱਚ ਜਿਹੜੇ ਛੋਟੇ ਰੂਟਾਂ ਵਿੱਚ ਸਟੂਡੈਂਟ ਸਕੂਲਾਂ ਵਿੱਚ ਜਾਂਦੇ ਹਨ, ਉੱਥੇ ਮਿਡੀ ਬੱਸਾਂ ਡਿਪੂ ਨੂੰ ਦਿੱਤੀਆਂ ਜਾਣਗੀਆਂ ਅਤੇ ਜਿਹੜੇ ਇਨ੍ਹਾਂ ਦੇ ਘੱਟ ਰੂਟ ਚਲਦੇ ਹਨ, ਉਹ ਰੂਟ ਜਲਦੀ ਚਾਲੂ ਕਰ ਦਿੱਤੇ ਜਾਣਗੇ।

**ਪ੍ਰਿੰਸੀਪਲ ਬੁੱਧ ਰਾਮ:** ਸਰ, 45 ਸਾਲ ਪਹਿਲਾਂ ਡਿਪੂ ਬਣਿਆ ਸੀ। ਇਹ ਸਾਡਾ ਪੁਰਾਣਾ ਡਿਪੂ ਹੈ। ਛੇ ਮਹੀਨੇ ਪਹਿਲਾਂ 98 ਬੱਸਾਂ ਸਨ। 20 ਕੰਡਮ ਹੋ ਗਈਆਂ ਸੀ, ਸਾਰੇ ਪਿੰਡਾਂ ਦੇ ਛੋਟੇ ਰੂਟ ਬੰਦ ਹੋ ਗਏ। ਜਵਾਬ ਵਿੱਚ ਵੀ ਲਿਖਿਆ ਹੈ ਕਿ 8 ਰੂਟ ਬੰਦ ਪਏ ਹਨ। ਸੋ, ਅਸੀਂ ਬੇਨਤੀ ਕਰਦੇ ਹਾਂ ਪਰ ਚਲੋ ਤੁਹਾਡਾ ਧੰਨਵਾਦ ਹੈ ਕਿ ਤੁਸੀਂ ਬਰਨਾਲਾ ਡਿਪੂ ਤੋਂ 2 ਬੱਸਾਂ ਸਾਨੂੰ ਵਾਪਸ ਕਰ ਦਿੱਤੀਆਂ। ਤਿੰਨ ਬੱਸਾਂ ਹੋਰ ਆ ਗਈਆਂ ਹਨ। ਸਾਨੂੰ ਘੱਟੋ ਘੱਟ 20 ਬੱਸਾਂ ਦੀ ਡਿਮਾਂਡ ਹੈ ਤਾਂ ਜੋ ਬੰਦ ਹੋਏ ਰੂਟ ਚੱਲ ਸਕਣ। ਸਾਡੇ ਬੁਢਲਾਡੇ ਦਾ ਡਿਪੂ ਰਤੀਆ ਸਾਈਡ ਤੇ ਹੈ, ਇੱਕ ਪਾਸੇ ਹੈ, ਇੱਥੇ ਹੋਰ ਦੂਜੇ ਡਿਪੂਆਂ ਦੀਆਂ ਬੱਸਾਂ ਨਹੀਂ ਆਉਂਦੀਆਂ, ਸਿਰਫ ਸਾਡੇ ਡਿਪੂ ਦੀਆਂ ਬੱਸਾਂ ਹੀ ਆਉਂਦੀਆਂ ਹਨ। ਜਿਵੇਂ ਬਰਨਾਲਾ, ਸੰਗਰੂਰ ਅਤੇ ਲੁਧਿਆਣਾ ਦੇ ਵੱਡੇ ਡਿਪੂ ਹਨ ਜਿੱਥੇ ਵੱਖ ਵੱਖ ਰੂਟਾਂ ਦੀਆਂ ਹਿਮਾਚਲ ਅਤੇ ਹਰਿਆਣਾ ਦੀਆਂ ਬੱਸਾਂ ਵੀ ਆ ਜਾਂਦੀਆਂ ਹਨ। ਸਾਡੇ ਬੁਢਲਾਡਾ ਡਿਪੂ ਵਿੱਚ ਮੇਰੇ ਹੀ ਡਿਪੂ ਦੀਆਂ ਬੱਸਾਂ ਚਲਦੀਆਂ ਹਨ, ਬਾਹਰਲੇ ਡਿਪੂ ਦੀਆਂ ਬੱਸਾਂ ਨਹੀਂ ਆਉਂਦੀਆਂ। ਸੋ, ਸਪੀਕਰ ਸਾਹਿਬ, ਤੁਹਾਡੇ ਜ਼ਰੀਏ ਮੰਤਰੀ ਜੀ ਨੂੰ ਬੇਨਤੀ ਹੈ ਕਿ ਸਾਨੂੰ 20 ਦੇ ਕਰੀਬ ਬੱਸਾਂ ਦਿਉ ਤਾਂ ਕਿ ਅਸੀਂ ਪਿੰਡਾਂ ਦੇ ਰੂਟ ਚਲਾ ਸਕੀਏ ਅਤੇ ਇਹ ਕਦੋਂ ਤੱਕ ਦੇ ਦਿੱਤੀਆਂ ਜਾਣਗੀਆਂ?

**ਮਾਣਯੋਗ ਸਪੀਕਰ:** ਹਾਂ ਜੀ, ਮੰਤਰੀ ਜੀ ਕਦੋਂ ਤੱਕ ਚਲਾ ਦਿਉਗੇ?

**ਮੰਤਰੀ:** ਮਾਣਯੋਗ ਸਪੀਕਰ ਸਾਹਿਬ, 83 ਬੱਸਾਂ ਕਿਲੋਮੀਟਰ ਸਕੀਮ ਤੇ ਵੀ ਹਾਇਰ ਕੀਤੀਆਂ ਜਾ ਰਹੀਆਂ ਹਨ। ਅਸੀਂ ਇਨ੍ਹਾਂ ਦੀ ਮੰਗ ਨੂੰ ਮੁੱਖ ਤੌਰ ਤੇ ਦੇਖਦੇ ਹੋਏ ਪਹਿਲਾਂ ਇਨ੍ਹਾਂ ਦੇ ਡਿਪੂ ਦੇ ਜਿੰਨੇ ਰੂਟ ਚਲਦੇ ਸੀ, ਪਹਿਲਾਂ ਉਹ

ਸਾਰੇ ਚਲਾ ਦੇਵਾਂਗੇ। ਉਸ ਤੋਂ ਬਾਅਦ ਕੋਈ ਹੋਰ ਵੀ ਵਾਇਬਿਲਟੀ ਦੇਖ ਲਵਾਂਗੇ। ਜਿਹੜੇ 8 ਬੰਦ ਹੋਏ ਹਨ, ਉਹ ਤਾਂ ਅਸੀਂ ਪਹਿਲ ਦੇ ਆਧਾਰ ਤੇ ਚਲਾ ਦੇਵਾਂਗੇ, ਜਦੋਂ ਵੀ ਬੱਸਾਂ ਆ ਜਾਂਦੀਆਂ ਹਨ।

**ਪ੍ਰਿੰਸੀਪਲ ਬੁੱਧ ਰਾਮ:** ਬਹੁਤ ਬਹੁਤ ਧੰਨਵਾਦ ਜੀ।

**ਮਾਣਯੋਗ ਸਪੀਕਰ**: ਵਾਹ ਜੀ ਵਾਹ, ਧੰਨਵਾਦ। ਅਗਲਾ ਸਵਾਲ ਸਰਦਾਰ ਦਵਿੰਦਰਜੀਤ ਸਿੰਘ ਲਾਡੀ ਢੋਸ ਜੀ।

(ਇਸ ਸਮੇਂ ਸਿੱਖਿਆ ਮੰਤਰੀ, ਸਰਦਾਰ ਹਰਜੋਤ ਸਿੰਘ ਬੈਂਸ ਸਦਨ ਵਿੱਚ ਹਾਜ਼ਰ ਨਹੀਂ ਸਨ।)

**ਸਰਦਾਰ ਦਵਿੰਦਰਜੀਤ ਸਿੰਘ ਲਾ**ਡੀ ਢੋਸ: *1489 ਜੀ।

**ਮਾਣਯੋਗ ਸਪੀਕਰ**: ਇਹ ਪ੍ਰਸ਼ਨ ਬਾਅਦ ਵਿੱਚ ਲੈ ਲਵਾਂਗੇ। ਅਗਲਾ ਸਵਾਲ ਕਟਾਰੀਆ ਜੀ।

-------

## ਜੀਰਾ ਤੋਂ ਮੱਲਾਂਵਾਲਾ ਸੜਕ ਦੀ ਮੁਰੰਮਤ ਕਰਨਾ

***1428 ਸ੍ਰੀ ਨਰੇਸ਼ ਕਟਾਰੀਆ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜੀਰਾ ਤੋਂ ਮੱਲਾਂਵਾਲਾ ਸੜਕ ਦੀ ਹਾਲਤ ਬਹੁਤ ਖਰਾਬ ਹੈ; ਜੇਕਰ ਹਾਂ ਤਾਂ ਇਸ ਸੜਕ ਦੀ ਮੁਰੰਮਤ ਪਹਿਲ ਦੇ ਅਧਾਰ ਤੇ ਕਦੋਂ ਤੱਕ ਕੀਤੀ ਜਾਵੇਗੀ?

**ਸਰਦਾਰ ਹਰਭਜਨ ਸਿੰਘ**: ਜ਼ੀਰਾ-ਮੱਲਾਂਵਾਲਾ ਸੜਕ ਦੀ ਹਾਲਤ ਵਸਾਹਤ ਵਾਲੀ ਅਲੱਗ ਅਲੱਗ ਜਗ੍ਹਾ ਅਤੇ ਪਿੰਡ ਮੱਲਾਂਵਾਲਾ ਵਿਖੇ ਲਗਭਗ 2 ਕਿਲੋਮੀਟਰ ਬਹੁਤ ਖਰਾਬ ਹੈ। ਇਸ ਸੜਕ ਦੀ ਕੁੱਲ ਲੰਬਾਈ 19.95 ਕਿਲੋਮੀਟਰ ਹੈ ਅਤੇ ਜਿਸ ਵਿੱਚੋਂ 13.95 ਕਿਲੋਮੀਟਰ ਲੋਕ ਨਿਰਮਾਣ ਵਿਭਾਗ ਅਧੀਨ ਪੈਂਦੀ ਹੈ ਅਤੇ 6.00 ਕਿਲੋਮੀਟਰ ਦੀ ਲੰਬਾਈ ਪੰਜਾਬ ਮੰਡੀ ਬੋਰਡ ਫਿਰੋਜ਼ਪੁਰ ਅਧੀਨ ਪੈਂਦੀ ਹੈ। ਇਸ ਸੜਕ ਦੀ ਚੌੜਾਈ 5.50 ਮੀਟਰ ਹੈ। ਦੱਸਣਯੋਗ ਹੈ ਕਿ ਸਾਲ 2024-25 ਦੌਰਾਨ ਲਿੰਕ ਸੜਕਾਂ ਦੀ ਰਿਪੇਅਰ ਲਈ ਪੰਜਾਬ ਮੰਡੀ ਬੋਰਡ ਵੱਲੋਂ ਜੋ ਤਜਵੀਜ਼ ਮੰਗੀ ਗਈ ਸੀ, ਉਸ ਵਿੱਚ ਮਹਿਕਮਾ ਲੋਕ ਨਿਰਮਾਣ ਵਿਭਾਗ ਅਧੀਨ ਪੈਂਦੀ 13.95 ਕਿਲੋਮੀਟਰ ਲੰਬਾਈ ਦੀ ਸੜਕ ਨੂੰ ਰਿਪੇਅਰ ਕਰਨ ਦੀ ਤਜਵੀਜ਼ ਬਾਬਤ ਰਕਮ 414.00 ਲੱਖ ਰੁਪਏ ਦੀ ਮੰਡੀ ਬੋਰਡ ਨੂੰ ਭੇਜੀ ਗਈ ਹੈ। ਬਜਟ ਉਪਬੰਧ ਅਤੇ ਉਪਲਬਧਤਾ ਹੋਣ ਉਪਰੰਤ ਇਸ ਕੰਮ ਨੂੰ ਕਰਵਾਇਆ ਜਾਵੇਗਾ।

ਇਸ ਤੋਂ ਇਲਾਵਾ ਪੰਜਾਬ ਮੰਡੀ ਬੋਰਡ, ਫਿਰੋਜ਼ਪੁਰ ਵੱਲੋਂ ਦੱਸੇ ਅਨੁਸਾਰ ਉਹਨਾਂ ਦੇ ਹਿੱਸੇ ਦੀ 6.00 ਕਿਲੋਮੀਟਰ ਸੜਕ ਦੀ ਲੰਬਾਈ Special Assistance to State for Capital Investment 2024-2025 ਸਕੀਮ ਤਹਿਤ ਰਿਪੇਅਰ ਲਈ ਪ੍ਰਵਾਨ ਕੀਤਾ ਗਿਆ ਹੈ ਅਤੇ ਇਸ ਸੜਕ ਦੀ ਰਿਪੇਅਰ ਦਾ ਕੰਮ ਪ੍ਰਗਤੀ ਅਧੀਨ ਹੈ।

**1000/Sukhpiar Singh/BS khokhar**

**1005/Manika Rani**

**ਸ੍ਰੀ ਨਰੇਸ਼ ਕਟਾਰੀਆ**: ਸਪੀਕਰ ਸਾਹਿਬ, ਮੈਂ ਆਪ ਜੀ ਦੇ ਜ਼ਰੀਏ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿਉਂਕਿ ਇਨ੍ਹਾਂ ਨੇ ਪਿਛਲੇ ਸੈਸ਼ਨ ਵਿੱਚ ਵੀ, ਉਸ ਤੋਂ ਪਹਿਲੇ ਸੈਸ਼ਨ ਵਿੱਚ ਵੀ ਇਹੀ ਕਿਹਾ ਸੀ ਕਿ ਜਿਹੜੀ ਜ਼ੀਰੇ ਤੋਂ ਮੱਲਾਂਵਾਲਾ ਵਾਲੀ ਸੜਕ ਹੈ, ਉਹ ਬਣਾ ਦਿਆਂਗੇ। ਮੈਂ ਦੱਸਣਾ ਚਾਹੁੰਦਾ ਹਾਂ ਕਿ ਸਿਰਫ 15 ਮਿੰਟ ਦਾ ਸਫਰ ਹੈ ਪਰੰਤੂ 45 ਮਿੰਟ ਦਾ ਸਮਾਂ ਪੂਰਾ ਲੱਗਦਾ ਹੈ। ਜਿਹੜੇ ਲੋਕ ਉਥੇ ਰੋਜ਼ ਆਉਣ ਜਾਣ ਵਾਲੇ ਹਨ, ਡੇਲੀ ਸਫਰ ਕਰਨ ਵਾਲੇ ਹਨ, ਉਹ ਬਹੁਤ ਖੱਜਲ ਹੋ ਰਹੇ ਹਨ। ਉਨ੍ਹਾਂ ਨੂੰ ਵਾਇਆ 15 ਕਿਲੋਮੀਟਰ ਉੱਤੋਂ ਦੀ ਆਉਣਾ ਪੈਂਦਾ ਹੈ। ਉਹ ਬਹੁਤ ਦੁਖੀ ਹੋ ਰਹੇ ਹਨ। ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਪਿਛਲੀ ਵਾਰੀ ਵੀ ਇਹੀ ਗੱਲ ਕਹੀ ਸੀ ਕਿ ਜਲਦੀ ਬਣਾ ਦਿਆਂਗੇ ਅਤੇ ਹੁਣ ਵੀ ਇਹੀ ਜਵਾਬ ਦੇ ਰਹੇ ਹਨ। ਸਪੀਕਰ ਸਾਹਿਬ, ਮੈਂ ਚਾਹੁੰਦਾ ਹਾਂ ਕਿ ਇਸ ਸੜਕ ਨੂੰ ਜਲਦੀ ਤੋਂ ਜਲਦੀ ਬਣਾਉਣ ਲਈ ਟਾਈਮ ਬਾਊਂਡ ਕੀਤਾ ਜਾਵੇ?

**ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਮੈਂ ਪਹਿਲਾਂ ਜਵਾਬ ਵਿੱਚ ਦੱਸ ਚੁੱਕਾ ਹਾਂ ਕਿ ਇਹ ਮੰਡੀ ਬੋਰਡ ਦੇ ਅਧੀਨ ਸੜਕ ਪੈਂਦੀ ਹੈ। ਉਸ ਦੀ ਰਿਪੇਅਰ ਵਾਸਤੇ ਫੰਡਜ਼ ਵੀ ਮੰਡੀ ਬੋਰਡ ਰਾਹੀਂ ਜਾਰੀ ਹੁੰਦੇ ਹਨ। ਕਾਫੀ ਲੰਮੇ ਸਮੇਂ ਤੋਂ ਆਰ.ਡੀ.ਐਫ. ਦੇ ਫੰਡ ਰੁਕੇ ਹੋਣ ਕਰਕੇ ਇਸ ਉੱਤੇ ਕੰਮ ਨਹੀਂ ਕਰ ਸਕੇ। ਹੁਣ ਮੰਡੀ ਬੋਰਡ ਵੱਲੋਂ ਜਿਹੜੀ ਛੇ ਕਿਲੋਮੀਟਰ ਦੀ ਸੜਕ ਹੈ, ਉਸ ਨੂੰ ਬਣਾਉਣ ਦੀ ਪ੍ਰਵਾਨਗੀ ਤਾਂ ਮਿਲ ਗਈ ਹੈ। ਉਸ ਦਾ ਕੰਮ ਪ੍ਰਗਤੀ ਅਧੀਨ ਹੈ। ਮੈਂ ਆਸ ਕਰਦਾ ਹਾਂ ਕਿ ਜਿਹੜੀ ਬਾਕੀ 14 ਕਿਲੋਮੀਟਰ ਦੀ ਸੜਕ ਹੈ ਔਰ ਜਦੋਂ ਵੀ ਮੰਡੀ ਬੋਰਡ ਦੇ ਫੰਡਜ਼ ਰਲੀਜ਼ ਕੀਤੇ ਜਾਣਗੇ, ਉਸ ਨੂੰ ਵੀ ਅਸੀਂ ਕੰਪਲੀਟ ਕਰ ਦਿਆਂਗੇ।

**ਸ੍ਰੀ ਨਰੇਸ਼ ਕਟਾਰੀਆ**: ਸਪੀਕਰ ਸਾਹਿਬ, ਉਸ ਸੜਕ ਉੱਤੇ ਸੌ ਤੋਂ ਵੱਧ ਪਿੰਡ ਲੱਗਦਾ ਹੈ। ਸਪੀਕਰ ਸਾਹਿਬ, ਮੈਂ ਚਾਹੁੰਦਾ ਹਾਂ ਕਿ ਮੰਤਰੀ ਸਾਹਿਬ ਇਸ ਨੂੰ ਟਾਈਮ ਬਾਊਂਡ ਕਰਨ ਜੀ।

**ਮਾਣਯੋਗ ਸਪੀਕਰ**: ਹਾਂ ਜੀ, ਮੰਤਰੀ ਜੀ। ਕੀ ਤੁਸੀਂ ਟਾਈਮ ਬਾਊਂਡ ਕਰ ਸਕਦੇ ਹੋ?

**ਮੰਤਰੀ**: ਸਰ, ਇਹ ਤਾਂ ਮੰਡੀ ਬੋਰਡ ਦੀ ਸੜਕ ਹੈ ਔਰ ਮੰਡੀ ਬੋਰਡ ਦੇ ਫੰਡਜ਼ ਉੱਪਰ ਹੀ ਨਿਰਭਰ ਕਰਦੀ ਹੈ ਪਰ ਮੈਂ ਇੰਨਾ ਕਹਿ ਸਕਦਾ ਹਾਂ ਕਿ ਜਿਹੜੀ ਦੋ ਕਿਲੋਮੀਟਰ ਦੀ ਸੜਕ, ਜੋ ਕਿ ਜ਼ਿਆਦਾ ਖਰਾਬ ਹੈ, ਉਸ ਲਈ ਅਸੀਂ ਮੰਡੀ ਬੋਰਡ ਨੂੰ ਖਾਸ ਰਿਕੁਐਸਟ ਕਰਾਂਗਾ ਜੀ।

**ਮਾਣਯੋਗ ਸਪੀਕਰ**: ਧੰਨਵਾਦ ਜੀ। ਹਾਂ ਜੀ। ਸਰਦਾਰ ਦਵਿੰਦਰਜੀਤ ਸਿੰਘ ਲਾਡੀ ਢੋਸ।

-------

**ਹਲਕਾ ਧਰਮਕੋਟ ਵਿੱਚ ਸਕੂਲ ਆਫ ਐਮੀਨੈਂਸ ਕੈਲਾ ਦੀ ਨਵੀਂ ਬਿਲਡਿੰਗ ਬਣਾਉਣਾ**

***1489. ਸਰਦਾਰ ਦਵਿੰਦਰਜੀਤ ਸਿੰਘ ਲਾਡੀ ਢੋਸ:** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

ੳ) ਹਲਕਾ ਧਰਮਕੋਟ ਵਿੱਚ ਸਕੂਲ ਆਫ ਐਮੀਨੈਂਸ ਕੈਲਾ ਦੀ ਨਵੀਂ ਬਿਲਡਿੰਗ ਦਾ ਕੰਮ ਕਦੋਂ ਸ਼ੁਰੂ ਕੀਤਾ ਜਾਵੇਗਾ;

ਅ) ਹਲਕਾ ਧਰਮਕੋਟ ਵਿੱਚ ਪੈਂਦੇ ਸਰਕਾਰੀ ਹਾਈ ਸਮਾਰਟ ਸਕੂਲ ਰਾਊਵਾਲ ਜੋ ਕਿ ਸਾਰੀਆਂ ਸ਼ਰਤਾਂ ਪੂਰੀਆਂ ਕਰਦਾ ਹੈ, ਨੂੰ ਕਦੋਂ ਤੱਕ ਅੱਪਗ੍ਰੇਡ ਕੀਤਾ ਜਾਵੇਗਾ; ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਹਰਜੋਤ ਸਿੰਘ ਬੈਂਸ:** ੳ) ਹਲਕਾ ਧਰਮਕੋਟ ਦੇ ਸਕੂਲ ਆਫ ਐਮੀਨੈਂਸ ਕੈਲਾ ਦੀ ਨਵੀਂ ਬਿਲਡਿੰਗ ਦਾ ਕੰਮ ਅਗਲੇ ਵਿੱਤੀ ਵਰ੍ਹੇ 2025-26 ਵਿੱਚ ਸ਼ੁਰੂ ਕਰ ਦਿੱਤਾ ਜਾਵੇਗਾ।

ਅ) ਹਲਕਾ ਧਰਮਕੋਟ ਵਿੱਚ ਸਥਿਤ ਸਰਕਾਰੀ ਹਾਈ ਸਮਾਰਟ ਸਕੂਲ ਰਾਊਵਾਲ ਵਿਭਾਗ ਦੀ ਅੱਪਗ੍ਰੇਡੇਸ਼ਨ ਪਾਲਿਸੀ ਅਨੁਸਾਰ ਸਾਰੀਆਂ ਸ਼ਰਤਾਂ ਪੂਰੀਆਂ ਨਹੀਂ ਕਰਦਾ ਹੈ ਅਤੇ ਨਾ ਹੀ ਇਸ ਨੂੰ ਅੱਪਗ੍ਰੇਡ ਕਰਨ ਦੀ ਕੋਈ ਤਜਵੀਜ਼ ਸਿੱਖਿਆ ਵਿਭਾਗ ਦੇ ਵਿਚਾਰ ਅਧੀਨ ਹੈ।

ਮਾਣਯੋਗ ਸਪੀਕਰ, ਮਾਣਯੋਗ ਮੈਂਬਰ ਸਾਹਿਬ ਨੇ ਪੁੱਛਿਆ ਹੈ ਕਿ ਜਿਹੜਾ ਇਨ੍ਹਾਂ ਦੇ ਹਲਕੇ ਵਿੱਚ ਸਕੂਲ ਆਫ ਐਮੀਨੈਂਸ ਬਣਾ ਰਹੇ ਹਾਂ, ਉਸ ਦਾ ਕੰਮ ਕਦੋਂ ਤੱਕ ਸ਼ੁਰੂ ਕਰ ਦਿੱਤਾ ਜਾਵੇਗਾ। ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਸਕੂਲ ਟੋਟਲੀ ਗਰੀਨ ਫੀਲਡ ਸਕੂਲ ਬਣੇਗਾ। ਜਿਹੜੇ ਸਾਡੇ ਬਾਕੀ ਸਕੂਲ ਆਫ ਐਮੀਨੈਂਸ ਹਨ, ਉਨ੍ਹਾਂ ਦੀ ਐਗਜਿਸਟਿੰਗ ਵਿੱਚ ਹੀ ਅਸੀਂ ਰੈਨੋਵੇਸ਼ਨ ਜਾਂ ਬਲਾਕਸ ਐਡ ਕਰ ਕਰ ਰਹੇ ਹਾਂ। ਇਸ ਸਕੂਲ ਦੀ ਬਾਊਂਡਰੀ ਵਾਲ ਬਣ ਗਈ ਹੈ। ਇਸ ਦੀਆਂ ਡਰਾਇੰਗਜ਼ ਬਣ ਗਈਆਂ ਹਨ। ਇਸ ਲਈ ਬਜਟ ਦੀ ਐਲੋਕੇਸ਼ਨ ਵੀ ਹੋ ਗਈ ਹੈ। ਇਸ ਦਾ ਟੈਂਡਰ ਲਗਾ ਦੇਵਾਂਗੇ ਔਰ ਕੰਮ ਵੀ ਸ਼ੁਰੂ ਕਰਵਾ ਦਿੱਤਾ ਜਾਵੇਗਾ। ਦੂਜਾ, ਇਨ੍ਹਾਂ ਨੇ ਆਪਣੇ ਏਰੀਏ ਦੇ ਹਾਈ ਸਕੂਲ ਬਾਰੇ ਸਵਾਲ ਕੀਤਾ ਹੈ, ਉਸ ਲਈ ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਸਰਕਾਰੀ ਹਾਈ ਸਮਾਰਟ ਸਕੂਲ, ਰਾਊਵਾਲ ਹੈ, ਇਸ ਨੂੰ ਅਪਗਰੇਡ ਕਰਵਾਉਣ ਦੀ ਮੰਗ ਕੀਤੀ ਗਈ ਹੈ। ਇਸ ਸਕੂਲ ਵਿੱਚ 326 ਬੱਚੇ ਪੜ੍ਹਦੇ ਹਨ। ਆਲੇ-ਦੁਆਲੇ ਦੇ ਸਕੂਲ ਕਾਫੀ ਦੂਰ ਹਨ ਔਰ ਜਿਹੜੇ ਸੀਨੀਅਰ ਸੈਕੰਡਰੀ ਸਕੂਲ ਹਨ, ਉਹ ਸਿਰਫ ਲੜਕੀਆਂ ਦੇ ਹਨ। ਇਸ ਸਕੂਲ ਕੋਲ ਫਿਲਹਾਲ ਢਾਈ ਏਕੜ ਜਗ੍ਹਾ ਹੈ। ਮੈਂ ਮਾਣਯੋਗ ਮੈਂਬਰ ਸਾਹਿਬ ਨੂੰ ਰਿਕੁਐਸਟ ਕੀਤੀ ਹੈ ਕਿ ਜੇਕਰ ਪਿੰਡ ਵਾਲਿਆਂ ਤੋਂ ਕਿੱਲ੍ਹਾ-ਦੋ ਕਿੱਲਾ ਜ਼ਮੀਨ ਦਿਵਾ ਦਿੱਤੀ ਜਾਵੇ ਤਾਂ ਇਸ ਸਕੂਲ ਨੂੰ ਅਪਗਰੇਡ ਕੀਤਾ ਜਾ ਸਕਦਾ ਹੈ। ਇਸ ਲਈ ਮਾਣਯੋਗ ਮੈਂਬਰ ਸਾਹਿਬ ਨੇ ਹਾਮੀ ਭਰੀ ਹੈ ਕਿ ਅਸੀਂ ਪਿੰਡ ਦੀ ਪੰਚਾਇਤ ਤੋਂ ਜ਼ਮੀਨ ਦਿਵਾ ਦੇਵਾਂਗੇ । ਸਪੀਕਰ ਸਾਹਿਬ, ਜਦੋਂ ਕੋਈ ਸਕੂਲ ਸੀਨੀਅਰ ਸੈਕੰਡਰੀ ਸਕੂਲ ਬਣਦਾ ਹੈ ਤਾਂ ਉਸ ਵਿੱਚ ਗਰਾਊਂਡ ਅਤੇ ਲੈਬਜ਼ ਬਣਦੀਆਂ ਹਨ। ਸੋ, ਜੇਕਰ ਜ਼ਮੀਨ ਮਿਲ ਜਾਂਦੀ ਹੈ ਤਾਂ ਅਸੀਂ ਇਸ ਸਕੂਲ ਨੂੰ ਪੱਕਾ ਅਪਗਰੇਡ ਕਰ ਦੇਵਾਂਗੇ।

**ਸਰਦਾਰ ਦਵਿੰਦਰਜੀਤ ਸਿੰਘ ਲਾਡੀ ਢੋਸ**: ਧੰਨਵਾਦ ਸਪੀਕਰ ਸਾਹਿਬ। ਮੰਤਰੀ ਸਾਹਿਬ, ਤੁਹਾਡਾ ਵੀ ਧੰਨਵਾਦ ਕਿ ਤੁਸੀਂ ਮੈਨੂੰ ਯਕੀਨ ਦਿਵਾਇਆ ਹੈ ਕਿ ਜਿਹੜਾ ਸਕੂਲ ਆਫ ਐਮੀਨੈਂਸ ਕੈਲੇ ਦਾ ਸਕੂਲ ਹੈ, ਉਸ ਦਾ ਕੰਮ ਅਗਲੇ ਸਾਲ ਸ਼ੁਰੂ ਹੋ ਜਾਵੇਗਾ। ਮੰਤਰੀ ਸਾਹਿਬ, ਇਸ ਲਈ ਵੀ ਧੰਨਵਾਦ ਕਿ ਤੁਸੀਂ ਮੈਨੂੰ ਯਕੀਨ ਦਿਵਾਇਆ ਹੈ ਕਿ ਉਸ ਸਕੂਲ ਵਿੱਚ ਸਾਰੀਆਂ ਫੈਸਲਟੀਜ਼ ਹੋਣਗੀਆਂ ਅਤੇ ਸਾਰਾ ਇਨਫਰਾਸਟਰੱਕਚਰ ਵੀ ਨਵਾਂ ਹੋਵੇਗਾ। ਦੂਸਰਾ, ਜਿਹੜਾ ਮੇਰਾ ਸਰਕਾਰੀ ਹਾਈ ਸਮਾਰਟ ਸਕੂਲ, ਰਾਊਵਾਲ ਵਾਲਾ ਸਵਾਲ ਹੈ, ਉਸ ਸਕੂਲ ਨੂੰ ਅਪਗਰੇਡ ਕਰਨਾ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਪਿੰਡ ਦੀ ਪੰਚਾਇਤ ਜ਼ਮੀਨ ਦੇਣ ਲਈ ਤਿਆਰ ਹੈ, ਬੱਚੇ ਪੂਰੇ ਹਨ। ਮੇਰੇ ਖਿਆਲ ਅਨੁਸਾਰ 328 ਬੱਚੇ ਹਨ। ਜਿਹੜੀ ਇਹ ਸ਼ਰਤ ਹੈ, ਇਹ ਅਸੀਂ ਪੂਰੀ ਕਰ ਦੇਵਾਂਗੇ। ਕ੍ਰਿਪਾ ਕਰਕੇ ਇਹ ਸਕੂਲ ਅਪਗਰੇਡ ਕੀਤਾ ਜਾਵੇ। ਸਪੀਕਰ ਸਾਹਿਬ, ਇੱਕ ਮੈਂ ਸਾਡੇ ਸਿਹਤ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਮੈਂ ਸਵਾਲ ਲਗਾਇਆ ਸੀ ਕਿ ਮੇਰੇ ਹਲਕੇ ਵਿੱਚ ਡਾਕਟਰਾਂ ਦੀ ਕਮੀ ਹੈ। ਸਿਹਤ ਮੰਤਰੀ ਸਾਹਿਬ ਨੇ ਮੈਨੂੰ ਦੋ ਡਾਕਟਰ ਦੇ ਦਿੱਤੇ ਹਨ। ਬਹੁਤ-ਬਹੁਤ ਧੰਨਵਾਦ ਜੀ।

**ਮਾਣਯੋਗ ਸਪੀਕਰ**: ਧੰਨਵਾਦ ਕਰਨ ਲਈ ਤਾਂ ਸਮਾਂ ਫਿਰ ਮਿਲ ਜਾਵੇਗਾ, ਹੁਣ ਬੈਠ ਜਾਓ ਕਿਉਂਕਿ ਦੂਜੇ ਸਾਥੀਆਂ ਦੇ ਸਵਾਲ ਰਹਿ ਜਾਂਦੇ ਹਨ। ਹਾਂ ਜੀ। ਅਗਲਾ ਸਵਾਲ। ਡਾਕਟਰ ਵਿਜੈ ਸਿੰਗਲਾ।

------

**ਸਰਹਿੰਦ ਡਰੇਨ ਦੀ ਸਫਾਈ ਕਰਵਾਉਣਾ**

***1615. ਡਾਕਟਰ ਵਿਜੈ ਸਿੰਗਲਾ:** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕਿ ਹਲਕਾ ਮਾਨਸਾ ਵਿੱਚੋਂ ਜਾਂਦੀ ਸਰਹਿੰਦ ਡਰੇਨ ਦੀ ਸਫਾਈ ਕਰਨ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ?

**ਸ੍ਰੀ ਬਰਿੰਦਰ ਕੁਮਾਰ ਗੋਇਲ**: ਸ੍ਰੀਮਾਨ ਜੀ,

ੳ) ਹਰ ਸਾਲ, ਮਾਨਸੂਨ ਸੀਜ਼ਨ ਸ਼ੁਰੂ ਹੋਣ ਤੋਂ ਪਹਿਲਾਂ, ਹਰੇਕ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰਾਂ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਪੱਧਰੀ ਕਮੇਟੀਆਂ ਬਣਾਈਆਂ ਜਾਂਦੀਆਂ ਹਨ ਤਾਂ ਜੋ ਜ਼ਰੂਰੀ ਹੜ੍ਹ ਸੁਰੱਖਿਆ ਕਾਰਜਾਂ ਦੀ ਸਿਫਾਰਸ਼ ਅਤੇ ਮੁਲਾਂਕਣ ਕੀਤਾ ਜਾ ਸਕੇ।

ਅ) ਡਿਪਟੀ ਕਮਿਸ਼ਨਰਾਂ ਵੱਲੋਂ ਸਿਫਾਰਸ਼ ਕੀਤੇ ਕੰਮਾਂ ਦੀਆਂ ਸੂਚੀਆਂ ਰਾਜ ਹੜ੍ਹ ਕੰਟਰੋਲ ਬੋਰਡ ਨੂੰ ਪ੍ਰਵਾਨਗੀ ਹਿੱਤ ਭੇਜੀਆਂ ਜਾਂਦੀਆਂ ਹਨ।

ੲ) ਪੰਜਾਬ ਰਾਜ ਜੇ ਸਾਰੇ ਵਿਭਾਗਾਂ ਦੇ ਪ੍ਰਸ਼ਾਸਕੀ ਮੁੱਖੀ ਅਤੇ ਸਬੰਧਤ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਦੇ ਨਾਲ ਮੁੱਖ ਮੰਤਰੀ, ਪੰਜਾਬ ਦੀ ਪ੍ਰਧਾਨਗੀ ਹੇਠ ਰਾਜ ਹੜ੍ਹ ਕੰਟਰੋਲ ਬੋਰਡ ਦੀ ਮੀਟਿੰਗ ਕੀਤੀ ਜਾਂਦੀ ਹੈ।

ਸ) ਰਾਜ ਹੜ੍ਹ ਕੰਟਰੋਲ ਬੋਰਡ ਫੰਡਾਂ ਦੀ ਉਪਲੱਬਧਤਾ ਅਤੇ ਕੰਮ ਦੀ ਮਹੱਤਤਾ/ਜ਼ਰੂਰਤ ਦੇ ਅਧਾਰ ਤੇ ਕੰਮਾਂ ਨੂੰ ਮਨਜ਼ੂਰੀ ਦਿੱਤੀ ਜਾਂਦੀ ਹੈ।

ਹ) ਕੋਡਲ ਫਾਰਮੈਲਟੀਆਂ ਪੂਰੀਆਂ ਕਰਨ ਉਪਰੰਤ ਮਨਜ਼ੂਰ ਕੀਤੇ ਕੰਮਾਂ ਨੂੰ ਲਾਗੂ ਕੀਤਾ ਜਾਂਦਾ ਹੈ।

ਕ) ਉੱਪਰ ਦੱਸੀ ਗਈ ਪ੍ਰਕਿਰਿਆ ਦੇ ਅਨੁਸਾਰ ਸਰਹਿੰਦ ਡਰੇਨ ਦੀ ਸਫਾਈ ਨਾਲ ਸਬੰਧਤ ਕੰਮ ਰਾਜ ਹੜ੍ਹ ਕੰਟਰੋਲ ਬੋਰਡ ਦੁਆਰਾ ਨਿਰਧਾਰਤ ਮਹੱਤਤਾ ਅਤੇ ਫੰਡਾਂ ਦੀ ਉਪਲੱਬਧਤਾ ਦੇ ਅਨੁਸਾਰ ਕੀਤਾ ਜਾਵੇਗਾ।

**1005/Manika Rani/BS khokhar**

**1010/Gurpreet kaur**

**ਡਾਕਟਰ ਵਿਜੈ ਸਿੰਗਲਾ:** ਮੰਤਰੀ ਸਾਹਿਬ ਵੱਲੋਂ ਜੋ ਜਵਾਬ ਦਿੱਤਾ ਗਿਆ ਹੈ ਕਿ ਜਦੋਂ ਫੰਡ ਉਪਲਬੱਧ ਹੋਣਗੇ ਤਾਂ ਉਦੋਂ ਸਫਾਈ ਕਰਵਾ ਦੇਵਾਂਗੇ। ਸਰਹਿੰਦ ਚੋਅ ਮੇਰੇ ਹਲਕੇ ਦੇ ਹੀਰੋ ਕਲਾਂ, ਹੋਡਲਾ ਅਤੇ ਧਲੇਵਾਂ ਪਿੰਡ ਦੇ ਵਿੱਚੋਂ ਲੰਘਦਾ ਹੈ। ਪਿੰਡ ਵਾਲੀ ਸਾਈਡ ਵਾਲੀ ਪਟੜੀ ਬਿਲਕੁਲ ਹੀ ਖਤਮ ਹੋ ਚੁੱਕੀ ਹੈ। ਪਿੰਡ ਵਾਲੇ ਲੋਕਾਂ ਨੇ ਉਸ ਪਟੜੀ ਨੂੰ ਮਿੱਟੀ ਪਾ ਕੇ ਹੀ ਬਚਾਇਆ ਹੈ।

**ਮਾਣਯੋਗ ਸਪੀਕਰ:** ਉਹ ਤਾਂ ਤੁਸੀਂ ਮੰਤਰੀ ਸਾਹਿਬ ਨੂੰ ਦੱਸ ਹੀ ਦਿੱਤਾ ਹੋਣਾ ਹੈ। ਹੋਰ ਮੈਂਬਰਾਂ ਨੇ ਵੀ ਪ੍ਰਸ਼ਨ ਪੁੱਛਣੇ ਹਨ। ਨਹੀਂ ਤਾਂ ਇਕੱਲੇ ਆਪਣੇ ਭਾਸ਼ਣ ਹੀ ਰਹਿ ਜਾਣੇ ਹਨ। ਤੁਸੀਂ ਸਵਾਲ ਪੁੱਛੋ।

**ਡਾਕਟਰ ਵਿਜੈ ਸਿੰਗਲਾ:** ਏਨੀ ਦੇਰ ਵਿੱਚ ਤਾਂ ਮੈਂ ਖਤਮ ਹੀ ਕਰ ਦੇਣਾ ਸੀ।

**ਮਾਣਯੋਗ ਸਪੀਕਰ:** ਤੁਸੀਂ ਸਵਾਲ ਪੁੱਛੋ।

**ਡਾਕਟਰ ਵਿਜੈ ਸਿੰਗਲਾ:** ਸਰ, ਮੈਂ ਸਵਾਲ ਹੀ ਪੁੱਛ ਰਿਹਾ ਹਾਂ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉੱਥੇ ਬਹੁਤ ਸਾਰੀਆਂ ਨਹਿਰੀ ਕਿੱਕਰਾਂ ਹਨ ਅਤੇ ਫੋਰੈਸਟ ਡਿਪਾਰਟਮੈਂਟ ਕਿੱਕਰਾਂ ਨੂੰ ਪੁੱਟਣ ਨਹੀਂ ਦਿੰਦਾ। ਜਦੋਂ ਮੀਂਹ ਆਉਂਦੇ ਹਨ ਤਾਂ ਹਰ ਵਾਰ ਪਿੰਡਾਂ ਵਿੱਚ ਹੜ੍ਹ ਆਉਂਦੇ ਹਨ। ਮੰਤਰੀ ਸਾਹਿਬ ਯਕੀਨੀ ਬਣਾ ਦੇਣ ਤਾਂ ਕਿ ਅਸੀਂ ਪਟੜੀ ਬਣਾ ਸਕੀਏ ਜਿਸ ਕਰਕੇ ਪਿੰਡਾਂ ਦਾ ਜਾਨੀ ਅਤੇ ਮਾਲੀ ਨੁਕਸਾਨ ਨਾ ਹੋ ਸਕੇ।

**ਮੰਤਰੀ:** ਮਾਣਯੋਗ ਸਪੀਕਰ ਸਾਹਿਬ, ਹਰ ਸਾਲ ਡੀ.ਸੀ. ਸਾਹਿਬ ਦੀ ਪ੍ਰਧਾਨਗੀ ਹੇਠ ਮੌਨਸੂਨ ਸ਼ੀਜ਼ਨ ਤੋਂ ਪਹਿਲਾਂ ਜ਼ਿਲ੍ਹਾ ਪੱਧਰੀ ਕਮੇਟੀਆਂ ਹੜ੍ਹਾਂ ਸਬੰਧੀ ਸਾਰੀ ਸਮੀਖਿਆ ਵੀ ਕਰਦੀਆਂ ਹਨ ਅਤੇ ਸਿਫਾਰਸ਼ ਵੀ ਕਰਦੀਆਂ ਹਨ।

ਡੀ.ਸੀ. ਸਾਹਿਬ ਦੀਆਂ ਸਿਫਾਰਸ਼ਾਂ ਫਲੱਡ ਕੰਟਰੋਲ ਬੋਰਡ, ਪੰਜਾਬ ਨੂੰ ਭੇਜੀਆਂ ਜਾਂਦੀਆਂ ਹਨ। ਇਸ ਤੋਂ ਬਾਅਦ ਮੁੱਖ ਮੰਤਰੀ ਸਾਹਿਬ ਦੀ ਪ੍ਰਧਾਨਗੀ ਹੇਠ ਸਾਰੇ ਪ੍ਰਸ਼ਾਸਕੀ ਮੁੱਖੀ ਅਤੇ ਡਿਪਟੀ ਕਮਿਸ਼ਨਰਜ਼ ਦੀ ਮੀਟਿੰਗ ਹੁੰਦੀ ਹੈ। ਮਹੱਤਤਾ ਅਤੇ ਜ਼ਰੂਰਤ ਦੇ ਮੁਤਾਬਿਕ ਜਿਹੜੀਆਂ ਸਿਫਾਰਸ਼ਾਂ ਉੱਥੋਂ ਆਉਂਦੀਆਂ ਹਨ ਉਨ੍ਹਾਂ ਅਨੁਸਾਰ ਸਾਰੇ ਕੰਮ ਕਰਵਾਏ ਜਾਂਦੇ ਹਨ। ਪਿਛਲੇ ਸਾਲ 394.25 ਕਰੋੜ ਰੁਪਏ ਦੀ ਲਾਗਤ ਨਾਲ ਸਾਰੇ ਪੰਜਾਬ ਵਿੱਚ ਡਰੇਨਾਂ ਦਾ ਕੰਮ ਕੀਤਾ ਗਿਆ ਹੈ। ਬਾਕੀ ਜਿੱਥੋਂ ਤੱਕ ਮਾਨਸਾ ਜ਼ਿਲ੍ਹੇ ਦੀ ਗੱਲ ਹੈ, ਇਕੱਲੇ ਮਾਨਸਾ ਜ਼ਿਲ੍ਹੇ ਵਿੱਚ 07 ਕਰੋੜ 83 ਲੱਖ ਰੁਪਿਆ ਲੱਗਿਆ ਸੀ। ਸਰਹਿੰਦ ਡਰੇਨ ਦੇ ਪਿਛਲੇ ਸਾਲ ਵੀ ਕੰਮ ਹੋਏ ਹਨ ਅਤੇ ਹੁਣ ਵੀ ਰਿਪੋਰਟ ਦੇ ਮੁਤਾਬਿਕ ਡਰੇਨ ਦਾ ਸਾਰਾ ਕੰਮ ਕਰਕੇ ਦਿੱਤਾ ਜਾਵੇਗਾ।

**ਡਾਕਟਰ ਵਿਜੈ ਸਿੰਗਲਾ:** ਮੈਂ ਮੰਤਰੀ ਸਾਹਿਬ ਨੂੰ ਇਹੀ ਬੇਨਤੀ ਕਰਦਾ ਹਾਂ ਕਿ ਜਿੱਥੇ ਜਿੱਥੇ ਸਫਾਈ ਨਹੀਂ ਹੋਈ, ਮੌਨਸੂਨ ਸੀਜ਼ਨ ਆਉਣ ਤੋਂ ਪਹਿਲਾਂ ਉੱਥੇ ਸਫਾਈ ਕਰਵਾਉਣੀ ਯਕੀਨੀ ਬਣਾ ਦਿੱਤੀ ਜਾਵੇ। ਧੰਨਵਾਦ ਜੀ।

-----

## ਜ਼ਿਲ੍ਹਾ ਪਠਾਨਕੋਟ ਵਿੱਚ ਪੈਂਦੇ ਪਿੰਡਾਂ ਵਿੱਚ "ਪ੍ਰਧਾਨ ਮੰਤਰੀ ਗ੍ਰਾਮ ਅਵਾਸ ਯੋਜਨਾ" ਤਹਿਤ ਲਾਭਪਾਤਰੀਆਂ ਨੂੰ ਘਰ ਬਣਾ ਕੇ ਦੇਣਾ

***1501. ਸ੍ਰੀ ਅਸ਼ਵਨੀ ਕੁਮਾਰ ਸ਼ਰਮਾ:** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਪਠਾਨਕੋਟ ਵਿੱਚ ਪੈਂਦੇ ਪਿੰਡਾਂ ਵਿੱਚ "ਪ੍ਰਧਾਨ ਮੰਤਰੀ ਅਵਾਸ ਯੋਜਨਾ (ਗ੍ਰਾਮੀਣ)" ਤਹਿਤ ਵਿੱਤੀ ਸਾਲ **2022—23** ਤੋਂ ਹੁਣ ਤੱਕ ਕਿਹੜੇ—ਕਿਹੜੇ ਪਿੰਡਾਂ ਵਿੱਚ ਕਿਹਨਾਂ—ਕਿਹਨਾਂ ਲੋਕਾਂ ਨੂੰ ਘਰ ਬਣਾ ਕੇ ਦੇ ਦਿੱਤੇ ਗਏ ਹਨ ਅਤੇ ਬਾਕੀ ਰਹਿੰਦੇ ਕਿੰਨੇ ਲਾਭਪਾਤਰੀਆਂ ਨੂੰ ਕਦੋਂ ਤੱਕ ਘਰ ਬਣਾ ਕੇ ਦਿੱਤੇ ਜਾਣਗੇ; ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਤਰੁਨਪ੍ਰੀਤ ਸਿੰਘ ਸੌਂਦ:** ਸ੍ਰੀਮਾਨ ਜੀ, ਜ਼ਿਲ੍ਹਾ ਪਠਾਨਕੋਟ ਵਿੱਚ ਪੈਂਦੇ ਪਿੰਡਾਂ ਵਿੱਚ "ਪ੍ਰਧਾਨ ਮੰਤਰੀ ਅਵਾਸ ਯੋਜਨਾ (ਗ੍ਰਾਮੀਣ)" ਤਹਿਤ ਵਿੱਤੀ ਸਾਲ **2022—23** ਤੋਂ ਲੈ ਕੇ ਹੁਣ ਤੱਕ ਕੁੱਲ **1506** ਘਰ ਸੈਂਕਸ਼ਨ ਕੀਤੇ ਜਾ ਚੁੱਕੇ ਹਨ, ਜਿਸਦਾ ਲਾਭਪਾਤਰੀ ਵਾਰ ਮਕਾਨਾਂ ਦਾ ਵੇਰਵਾ ਅਨੁਲੱਗ 'ੳ' ਤੇ ਨੱਥੀ ਹੈ। ਬਾਕੀ ਰਹਿੰਦੇ ਲਾਭਪਾਤਰੀਆਂ ਦੇ ਘਰਾਂ ਦਾ ਕੰਮ ਵੀ ਉਸਾਰੀ ਅਧੀਨ ਹੈ ਅਤੇ ਜਿਹਨਾਂ ਨੂੰ ਜੁਲਾਈ, **2025** ਦੇ ਅੰਤ ਤੱਕ ਮੁਕੰਮਲ ਕਰਨ ਦੇ ਯੋਗ ਉਪਰਾਲੇ ਕੀਤੇ ਜਾ ਰਹੇ ਹਨ।

**ਸ੍ਰੀ ਅਸ਼ਵਨੀ ਕੁਮਾਰ ਸ਼ਰਮਾ:** ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਮੰਤਰੀ ਸਾਹਿਬ ਵੱਲੋਂ ਜਵਾਬ ਦਿੱਤਾ ਗਿਆ ਹੈ ਕਿ 1506 ਘਰ ਸੈਂਕਸ਼ਨ ਹਨ ਪਰ ਮੇਰਾ ਸਵਾਲ ਇਹ ਸੀ ਕਿ ਕਿੰਨੇ ਘਰ ਬਣ ਚੁੱਕੇ ਹਨ। ਮੈਂ ਇਹ ਵੀ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰੀ ਪੱਧਰ ਤੇ ਅਸੀਂ ਉਨ੍ਹਾਂ ਲੋੜੀਂਦੇ ਪਰਿਵਾਰਾਂ ਨੂੰ ਚਿੰਨਤ ਕਰਨ ਦਾ ਸਰਕਾਰ ਵੱਲੋਂ ਕੋਈ ਉਪਰਾਲਾ ਕੀਤਾ ਜਾ ਰਿਹਾ ਹੈ ਕਿ ਕਿਹੜੇ ਕਿਹੜੇ ਪਰਿਵਾਰਾਂ ਨੂੰ ਇਹ ਲਾਭ

ਦਿੱਤਾ ਜਾਣਾ ਹੈ। ਜੇਕਰ ਸਰਕਾਰ ਵੱਲੋਂ ਇਹ ਉਪਰਾਲਾ ਕੀਤਾ ਗਿਆ ਹੈ ਤਾਂ ਹੁਣ ਤੱਕ ਕਿੰਨੇ ਪਰਿਵਾਰ ਬਚੇ ਹਨ ਜਿਨ੍ਹਾਂ ਨੂੰ ਇਸ ਸਕੀਮ ਦਾ ਲਾਭ ਮਿਲਣਾ ਚਾਹੀਦਾ ਹੈ।

**ਮੰਤਰੀ:** ਸਰ, ਇਹ ਕਾਫੀ ਲੰਬਾ ਡਾਟਾ ਹੈ ਪਰ ਮੈਂ ਥੋੜ੍ਹਾ ਬਹੁਤ ਦੱਸ ਦਿੰਦਾ ਹਾਂ। ਸਾਲ 2021-22 ਵਿੱਚ 15674 ਟਾਰਗੈਟ ਹਾਊਸ ਸੀ ਜਿਸ ਵਿੱਚੋਂ 14784 ਘਰ ਕੰਪਲੀਟ ਕਰ ਦਿੱਤੇ ਗਏ ਹਨ। ਸਾਡੀ ਕੰਪਲੀਸ਼ਨ ਦੀ ਪਰਸੈਂਟੇਜ਼ 94.30% ਹੈ। 170.19 ਕਰੋੜ ਰੁਪਏ ਦੇ ਫੰਡਜ਼ ਯੂਟੀਲਾਈਜ਼ ਕਰ ਲਏ ਗਏ ਹਨ। ਮੈਂ ਮੈਂਬਰ ਸਾਹਿਬ ਨੂੰ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਪ੍ਰਧਾਨ ਮੰਤਰੀ ਆਵਾਸ ਯੋਜਨਾ ਵਿੱਚ ਮਕਾਨ ਬਣਾਉਂਦੇ ਹਾਂ ਤਾਂ ਇਸ ਦੇ ਲਈ ਤਿੰਨ ਕਿਸ਼ਤਾਂ ਵਿੱਚ ਪੈਸੇ ਆਉਂਦੇ ਹਨ। ਮਕਾਨ ਸੈਂਕਸ਼ਨ ਹੋਣ ਤੇ 30 ਹਜਾਰ ਰੁਪਏ ਦੀ ਪਹਿਲੀ ਕਿਸ਼ਤ ਦਿੱਤੀ ਜਾਂਦੀ ਹੈ। ਮਕਾਨ ਦੇ ਲੈਂਟਰ ਲੈਵਲ ਤੇ ਪੁੱਜਣ ਤੇ 72 ਹਜਾਰ ਰੁਪਏ ਦੀ ਦੂਜੀ ਕਿਸ਼ਤ ਦਿੱਤੀ ਜਾਂਦੀ ਹੈ ਅਤੇ ਮਕਾਨ ਕੰਪਲੀਟ ਹੋਣ ਤੇ 18 ਹਜਾਰ ਰੁਪਏ ਦੀ ਤੀਜੀ ਕਿਸ਼ਤ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਮਨਰੇਗਾ ਤਹਿਤ 90 ਦਿਹਾੜੀਆਂ ਤੇ 322 ਰੁਪਏ ਪ੍ਰਤੀ ਦਿਨ ਦੇ ਹਿਸਾਬ ਨਾਲ ਦਿੱਤੇ ਜਾਂਦੇ ਹਨ। ਕੁੱਲ 28 ਹਜਾਰ 980 ਰੁਪਏ ਵੱਖਰੇ ਤੌਰ ਤੇ ਆਪਣੇ ਘਰ ਵਿੱਚ ਪਰਿਵਾਰ ਦੇ ਮੈਂਬਰਾਂ ਵੱਲੋਂ ਮਜ਼ਦੂਰੀ ਕਰਨ ਲਈ ਵੀ ਦਿੱਤੇ ਜਾਂਦੇ ਹਨ। ਇਸ ਤਰ੍ਹਾਂ ਇੱਕ ਲਾਭਪਾਤਰੀ ਨੂੰ 1 ਲੱਖ, 48 ਹਜ਼ਾਰ, 980 ਰੁਪਏ ਲਗਭਗ ਡੇਢ ਲੱਖ ਰੁਪਏ ਦੀ ਗ੍ਰਾਂਟ ਦਿੱਤੀ ਜਾਂਦੀ ਹੈ।

**1010/Gurpreet kaur/Rajneesh kumar**

**1015/Rajneet Kaur**

**ਸ੍ਰੀ ਅਸ਼ਵਨੀ ਕੁਮਾਰ ਸ਼ਰਮਾ** : ਸਰ, ਮੇਰੀ ਗੱਲ ਦਾ ਜਵਾਬ ਫਿਰ ਨਹੀਂ ਮਿਲਿਆ। ਮੈਂ ਆਪਣੇ ਜ਼ਿਲ੍ਹੇ ਦਾ ਪੁੱਛਿਆ ਹੈ ਕਿ ਹੁਣ ਤੱਕ ਕੰਪਲੀਟ ਕਿੰਨੇ ਹੋਏ ਹਨ ਅਤੇ ਕਿੰਨੇ ਪਾਈਪਲਾਈਨ ਵਿੱਚ ਹਨ? ਇਸ ਦੇ ਨਾਲ ਹੀ ਕਿੰਨੇ ਪਰਿਵਾਰਾਂ ਨੂੰ ਚਿੰਨ੍ਹਤ ਕਰ ਰਹੇ ਹਾਂ ਕਿ ਜਿਨ੍ਹਾਂ ਨੂੰ ਇਹ ਲਾਭ ਮਿਲਣਾ ਚਾਹੀਦਾ ਹੈ।

**ਮੰਤਰੀ** : ਸਰ, ਮੈਂ ਤਾਂ ਇਸ ਵਿੱਚ ਬਿਲਕੁਲ ਕਲੀਅਰ ਤਾਂ ਦੱਸਿਆ ਹੈ ਕਿ ਸਾਡੇ ਸਾਲ 2021-22 ਵਿੱਚ ਟਾਰਗੈਟ ਹਾਊਸ 15674 ਸੀ।

**ਸ੍ਰੀ ਅਸ਼ਵਨੀ ਕੁਮਾਰ ਸ਼ਰਮਾ**: ਮੈਂ ਤਾਂ ਆਪਣੇ ਜ਼ਿਲ੍ਹੇ ਦਾ ਪੁੱਛਿਆ ਹੈ।

**ਮਾਣਯੋਗ ਸਪੀਕਰ** : ਤੁਸੀਂ ਉਨ੍ਹਾਂ ਦੇ ਹਲਕੇ ਦਾ ਅਤੇ ਜ਼ਿਲ੍ਹੇ ਦਾ ਦੱਸ ਦਿਓ।

**ਮੰਤਰੀ** : ਸਰ, ਜ਼ਿਲ੍ਹੇ ਦੀ ਤਾਂ ਐਨੀ ਮੋਟੀ ਰਿਪੋਰਟ ਹੈ, ਉਹ ਮੈਂ ਤੁਹਾਨੂੰ ਬਾਏ ਹੈਂਡ ਦੇ ਦਿੰਦਾ ਹਾਂ ਜੀ।

**ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ** : ਤੁਸੀਂ ਜਿਵੇਂ ਕਿਹਾ ਹੈ ਕਿ 1506 ਮਕਾਨ ਸੈਂਕਸ਼ਨ ਕੀਤੇ ਹਨ। ਮੈਂ ਤਾਂ ਕੇਵਲ ਇੰਨਾ ਜਾਣਨਾ ਚਾਹੁੰਦਾ ਹਾਂ ਕਿ 1506 ਵਿੱਚੋਂ ਕਿੰਨੇ ਮਕਾਨ ਬਣ ਗਏ ਹਨ?

**ਮੰਤਰੀ** : ਸਪੀਕਰ ਸਾਹਿਬ, 14784 ਮਕਾਨ ਬਣ ਗਏ ਹਨ।

**ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ** : ਮੈਂ ਤਾਂ ਜ਼ਿਲ੍ਹੇ ਦਾ ਪੁੱਛਿਆ ਹੈ।

**ਮੰਤਰੀ** : ਤੁਸੀਂ ਮੇਰੇ ਤੋਂ ਵੱਖਰਾ ਪੁੱਛ ਲੈਣਾ। ਮੈਂ ਫਿਰ ਉਸ ਦਾ ਜਵਾਬ ਦੇ ਦਿਆਂਗਾ।

**ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ** : ਸਰ, ਜਿਵੇਂ ਤੁਸੀਂ ਕਿਹਾ ਹੈ ਕਿ 1506 ਸੈਂਕਸ਼ਨ ਕੀਤੇ ਹਨ, ਮੈਂ ਤਾਂ ਇੰਨਾ ਪੁੱਛਿਆ ਹੈ ਕਿ ਇਨ੍ਹਾਂ ਵਿੱਚੋਂ ਕਿੰਨੇ ਬਣ ਗਏ ਹਨ?

**ਮਾਣਯੋਗ ਸਪੀਕਰ** : ਅਸ਼ਵਨੀ ਜੀ, ਤੁਹਾਡਾ ਇਹ ਸਵਾਲ ਵੱਖਰਾ ਬਣਦਾ ਹੈ। ਮੰਤਰੀ ਜੀ ਮਿਹਰਬਾਨੀ ਕਰ ਰਹੇ ਹਨ। ਮੈਂ ਤੁਹਾਡਾ ਸਵਾਲ ਪੜ੍ਹਦਾ ਹਾਂ, ਇੱਕ ਮਿੰਟ। ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਪਠਾਨਕੋਟ ਵਿੱਚ ਪੈਂਦੇ ਪਿੰਡਾਂ ਵਿੱਚ "ਪ੍ਰਧਾਨ ਮੰਤਰੀ ਅਵਾਸ ਯੋਜਨਾ (ਗ੍ਰਾਮੀਣ)" ਤਹਿਤ ਵਿੱਤੀ ਸਾਲ 2022-23 ਤੋਂ ਹੁਣ ਤੱਕ ਕਿਹੜੇ-ਕਿਹੜੇ ਪਿੰਡਾਂ ਵਿੱਚ ਕਿਨ੍ਹਾਂ ਕਿਨ੍ਹਾਂ ਲੋਕਾਂ ਨੂੰ ਘਰ ਬਣਾ ਕੇ ਦੇ ਦਿੱਤੇ ਗਏ ਹਨ ਅਤੇ ਬਾਕੀ ਰਹਿੰਦੇ ਕਿੰਨੇ ਲਾਭਪਾਤਰੀਆਂ ਨੂੰ ਕਦੋਂ ਤੱਕ ਘਰ ਬਣਾ ਕੇ ਦਿੱਤੇ ਜਾਣਗੇ1 ਵੇਰਵੇ ਸਹਿਤ ਦੱਸਿਆ ਜਾਵੇ? ਉਹ ਕਹਿ ਰਹੇ ਹਨ ਕਿ ਮੈਂ ਤੁਹਾਨੂੰ ਵੇਰਵਾ ਭੇਜ ਦਿੰਦਾ ਹਾਂ।

**ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ** : ਠੀਕ ਹੈ ਜੀ।

-------

## ਦੀਨਾਨਗਰ ਦੇ ਲਾਭਪਾਤਰੀਆਂ ਨੂੰ ਕਣਕ ਦੀ ਸਪਲਾਈ ਦੇਣਾ

***1530. ਸ਼੍ਰੀਮਤੀ ਅਰੁਣਾ ਚੌਧਰੀ** : ਕੀ ਖੁਰਾਕ ਅਤੇ ਸਿਵਲ ਸਪਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

ੳ) ਮਿਤੀ 31.12.2021 ਨੂੰ ਦੀਨਾਨਗਰ ਹਲਕੇ ਵਿੱਚ ਨੈਸ਼ਨਲ ਫੂਡ ਸਿਕਉਰਟੀ ਐਕਟ ਅਧੀਨ ਕਿੰਨੇ ਰਾਸ਼ਨ ਕਾਰਡ ਬਣੇ ਸਨ ਅਤੇ ਹੁਣ 31.12.2024 ਨੂੰ ਕਿੰਨੇ ਰਾਸ਼ਨ ਕਾਰਡ ਮੌਜੂਦ ਹਨ, ਜਿਨ੍ਹਾਂ ਨੂੰ ਕਣਕ ਮਿਲਦੀ ਹੈ, ਜੇਕਰ ਕੋਈ ਰਾਸ਼ਨ ਕਾਰਡਾਂ ਦੀ ਗਿਣਤੀ ਵਿੱਚ ਵਾਧਾ-ਘਾਟਾ ਹੋਇਆ ਹੈ ਤਾਂ ਉਸਦੇ ਕੀ ਕਾਰਨ ਹਨ;

ਅ) ਕੀ ਸਾਰੇ ਲਾਭਪਾਤਰੀਆਂ ਨੂੰ 31.12.2024 ਤੱਕ ਦੀ ਬਣਦੀ ਕਣਕ ਦਿੱਤੀ ਜਾ ਚੁੱਕੀ ਹੈ, ਜੇਕਰ ਨਹੀਂ ਤਾਂ ਉਸਦੇ ਕੀ ਕਾਰਨ ਹਨ; ਵੇਰਵੇ ਸਹਿਤ ਦੱਸਿਆ ਜਾਵੇ?

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ (ਡਾਕਟਰ ਬਲਬੀਰ ਸਿੰਘ)** :

ੳ) ਮਿਤੀ 31.12.2021 ਨੂੰ ਹਲਕਾ ਦੀਨਾਨਗਰ ਵਿੱਚ National Food Security Act ਅਧੀਨ 38,712 ਰਾਸ਼ਨ ਕਾਰਡਾਂ ਨੂੰ ਉਨ੍ਹਾਂ ਦੀ ਬਣਦੀ ਪਾਤਰਤਾ ਅਨੁਸਾਰ ਕਣਕ ਦੀ ਐਲੋਕੇਸ਼ਨ ਕੀਤੀ ਗਈ ਸੀ ਅਤੇ ਮਿਤੀ 31.12.2024 ਨੂੰ 39,094 ਰਾਸ਼ਨ ਕਾਰਡਾ ਨੂੰ ਐਲੋਕੇਸ਼ਨ ਕੀਤੀ ਗਈ ਸੀ।

ਮਿਤੀ 31.12.2021 3 31.12.2024 ਤੱਕ ਜੋ 382 ਰਾਸ਼ਨ ਕਾਰਡਾਂ ਦਾ ਵਾਧਾ ਹੋਇਆ ਹੈ, ਇਹ ਉਹ ਰਾਸ਼ਨ ਕਾਰਡ ਹਨ ਜੋ ਦਸੰਬਰ-2021 ਦੌਰਾਨ ਬਣੇ ਸਨ, ਪ੍ਰੰਤੂ ਇੰਨ੍ਹਾਂ ਰਾਸ਼ਨ ਕਾਰਡਾਂ ਨੂੰ ਸਾਲ 2022 ਤੋਂ ਕਣਕ ਦੀ ਐਲੋਕੇਸ਼ਨ/ਵੰਡ ਸ਼ੁਰੂ ਕੀਤੀ ਗਈ ਸੀ।

ਅ) ਇਸ ਸਬੰਧੀ ਦੱਸਿਆ ਜਾਂਦਾ ਹੈ ਕਿ ਹਲਕਾ ਦੀਨਾਨਗਰ ਦੇ ਸਾਰੇ ਲਾਭਪਾਤਰੀਆਂ ਲਈ 31.12.2024 ਤੱਕ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ-2013 ਦੇ ਉਪਬੰਧਾ ਤਹਿਤ ਬਣਦੀ ਪਾਤਰਤਾ ਅਨੁਸਾਰ ਬਣਦਾ ਕੋਟਾ ਐਲੋਕੇਟ ਕੀਤਾ ਜਾਂਦਾ ਰਿਹਾ ਹੈ। ਕਿਉਂਜੋ ਕਣਕ ਦੀ ਵੰਡ ਈ-ਪੋਜ ਮਸ਼ੀਨਾਂ ਰਾਹੀਂ ਕੀਤੀ ਜਾਂਦੀ ਹੈ, ਜਿਸ ਲਈ ਲਾਭਪਾਤਰੀਆਂ ਨੂੰ ਰਾਸ਼ਨ ਡੀਪੂ ਤੇ ਜਾ ਕੇ ਈ-ਪੋਜ ਮਸ਼ੀਨ ਤੇ ਆਪਣੇ ਫਿੰਗਰ ਪ੍ਰਿੰਟ/ਅੱਖਾਂ ਦੀ ਪੁਤਲੀ ਦੇ ਸਕੈਨ (Biometric Authentication) ਕਰਨੇ ਹੁੰਦੇ ਹਨ, ਇਸ ਲਈ ਜਿਹੜੇ ਲਾਭਪਾਤਰੀਆਂ ਵੱਲੋਂ Biometric Authentication ਕਰਵਾਈ ਜਾਂਦੀ ਰਹੀ ਹੈ, ਉਨ੍ਹਾਂ ਲਾਭਪਾਤਰੀਆਂ ਨੂੰ ਬਣਦੀ ਕਣਕ ਦਿੱਤੀ ਜਾ ਚੁੱਕੀ ਹੈ ਜੀ। ਅਕਤੂਬਰ ਤੋਂ ਦਸੰਬਰ, 2024 ਵੰਡ ਸਾਇਕਲ ਦੌਰਾਨ ਹਲਕਾ ਦੀਨਾਨਗਰ ਵਿੱਚ ਵੰਡੀ ਗਈ ਕਣਕ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ-

| ਤਿਮਾਹੀ ਵੰਡ ਸਾਇਕਲ | ਐਲੋਕੇਟ ਕੀਤੀ ਮਾਤਰਾ (ਐਮ.ਟੀ) | ਵੰਡੀ ਗਈ ਮਾਤਰਾ (ਐਮ.ਟੀ) | ਵੰਡ ਦੀ ਪ੍ਰਤੀਸ਼ਤਤਾ (%) |
|---|---|---|---|
| ਅਕਤੂਬਰ ਤੋਂ ਦਸੰਬਰ, 2024 | 2231.921 | 2139.247 | 95.85% |

ਇੱਥੇ ਇਹ ਦੱਸਣਯੋਗ ਹੈ ਕਿ ਮਾਣਯੋਗ ਸੁਪਰੀਮ ਕੋਰਟ ਵੱਲੋਂ MA-94/2022 in SMW (C) No.6/2020-RE: PROBLEMS AND MISERIES OF MIGRANT LABOURERS ਵਿੱਚ ਜਾਰੀ ਹੋਏ ਹੁਕਮਾ ਅਨੁਸਾਰ eShram ਪੋਰਟਲ ਤੇ ਦਰਜ਼ ਪ੍ਰਵਾਸੀ ਮਜ਼ਦੂਰਾਂ/ਅਸੰਗਠਿਤ ਕਾਮਿਆ ਵਿੱਚੋਂ ਯੋਗ ਪਾਏ ਗਏ 1297 ਮਜ਼ਦੂਰਾਂ/ਕਾਮਿਆ ਨੂੰ ਹਲਕਾ ਦੀਨਾਨਗਰ ਵਿਖੇ ਨਵੇਂ ਰਾਸ਼ਨ ਕਾਰਡ ਜਾਰੀ ਕੀਤੇ ਗਏ ਹਨ, ਪ੍ਰੰਤੂ ਭਾਰਤ ਸਰਕਾਰ ਵੱਲੋਂ ਇਨ੍ਹਾਂ ਲਈ ਕੋਈ ਵਾਧੂ ਐਲੋਕੇਸ਼ਨ ਨਹੀ ਕੀਤੀ ਗਈ ਹੈ, ਜਿਸ ਕਾਰਨ ਇਨ੍ਹਾਂ ਨੂੰ 31.12.2024 ਤੱਕ ਕਣਕ ਨਹੀਂ ਵੰਡੀ ਗਈ ਸੀ। ਇਹ ਮਾਮਲਾ ਭਾਰਤ ਸਰਕਾਰ ਨਾਲ ਟੇਕ-ਅੱਪ ਕੀਤਾ ਗਿਆ ਹੈ, ਪ੍ਰੰਤੂ ਉਨ੍ਹਾਂ ਪਾਸੋਂ ਅਜੇ ਤੱਕ ਕੋਈ ਜਵਾਬ ਪ੍ਰਾਪਤ ਨਹੀਂ ਹੋਇਆ ਹੈ।

**ਸ੍ਰੀਮਤੀ ਅਰੁਨਾ ਚੌਧਰੀ** : ਸਰ, ਜੇਕਰ ਮੰਤਰੀ ਜੀ ਆਪ ਹੁੰਦੇ ਤਾਂ ਚੰਗਾ ਹੁੰਦਾ, ਜ਼ਿਆਦਾ ਵਧੀਆ ਹੁੰਦਾ।

**ਮਾਣਯੋਗ ਸਪੀਕਰ** : ਇਹ ਤੁਹਾਡੇ ਨੇੜੇ ਦੇ ਹਨ, ਇੱਕੋ ਜ਼ਿਲ੍ਹੇ ਦੇ ਹੋ।

**ਸ਼੍ਰੀਮਤੀ ਅਰੁਨਾ ਚੌਧਰੀ** : ਹਾਂ ਜੀ, ਇਸੇ ਕਰਕੇ ਸਾਡਾ ਧਿਆਨ ਨਹੀਂ ਰੱਖਦੇ।

**ਮਾਣਯੋਗ ਸਪੀਕਰ** : ਵਾਹਿਗੁਰੂ।

**ਸ਼੍ਰੀਮਤੀ ਅਰੁਨਾ ਚੌਧਰੀ** : ਮੈਂ ਜਨਵਰੀ, 2022 ਤੋਂ ਲੈ ਕੇ ਦਸੰਬਰ, 2024 ਤੱਕ ਦਾ ਜਵਾਬ ਮੰਗਿਆ ਸੀ। ਇਹ ਜਵਾਬ ਵੈਸੇ ਵੀ ਅਧੂਰਾ ਹੈ। ਕਿਉਂਕਿ ਮੈਂ ਦੋ ਸਾਲਾਂ ਦੀ ਐਲੋਕੇਸ਼ਨ ਅਤੇ ਡਿਸਟ੍ਰੀਬਿਊਸ਼ਨ ਪੁੱਛੀ ਸੀ। ਉਨ੍ਹਾਂ ਨੇ ਮੈਨੂੰ ਸਿਰਫ ਤਿੰਨ ਮਹੀਨੇ ਦਾ ਜਵਾਬ ਦਿੱਤਾ ਹੈ, ਅਕਤੂਬਰ ਤੋਂ ਲੈ ਕੇ ਦਸੰਬਰ, 2024 ਤੱਕ। ਇਨ੍ਹਾਂ ਨੇ ਕਿਹਾ ਹੈ ਕਿ 95.85% ਕਣਕ ਵੰਡੀ ਗਈ ਹੈ ਔਰ 1297 ਮਜ਼ਦੂਰ ਪੈਂਡਿੰਗ ਹਨ। ਮੈਂ ਇਹ ਪੁੱਛਣਾ ਚਾਹੁੰਦੀ ਹਾਂ ਕਿ ਕੀ ਬਾਕੀ 4.15% ਬਾਕੀ ਮਜ਼ਦੂਰ ਰਹਿ ਗਏ ਹਨ, ਕੀ ਤੁਸੀਂ ਐਨਸ਼ਿਓਰ ਕਰਦੇ ਹੋ ਕਿ ਉਨ੍ਹਾਂ ਨੂੰ ਦਿੱਤੇ ਜਾਣਗੇ। ਦੂਸਰਾ, ਮੇਰੀ ਜਾਣਕਾਰੀ ਦੇ ਮੁਤਾਬਿਕ ਪਰਾਪਰ ਡਿਸਟ੍ਰੀਬਿਊਸ਼ਨ ਨਹੀਂ ਹੋਈ। ਸੋ, ਮੇਰੇ ਕੋਲ ਕਈ ਲੋਕ ਆਏ ਹਨ, ਜਿਨ੍ਹਾਂ ਕੋਲ ਪਰਚੀ ਹੈ ਲੇਕਿਨ ਕਣਕ ਨਹੀਂ ਮਿਲੀ। ਕੀ ਤੁਸੀਂ ਇਸ ਦੀ ਇਨਕੁਆਰੀ ਕਰੋਗੇ ਅਤੇ ਸਾਨੂੰ ਇਸ ਦੀ ਰਿਪੋਰਟ ਦੱਸੋਗੇ ਕਿ ਕਣਕ ਕਿਉਂ ਨਹੀਂ ਮਿਲੀ ਕਿਉਂਕਿ ਮੇਰੇ ਕੋਲ ਪਰਚੀਆਂ ਵੀ ਪਈਆਂ ਹਨ ਤੇ ਮੈਂ ਦਿਖਾ ਵੀ ਸਕਦੀ ਹਾਂ।

**ਮੰਤਰੀ** : ਮਾਣਯੋਗ ਸਪੀਕਰ ਸਾਹਿਬ, ਮੈਂ ਮਾਣਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜੀ ਇਨ੍ਹਾਂ ਨੇ ਮਜ਼ਦੂਰਾਂ ਦੀ ਗੱਲ ਕੀਤੀ ਹੈ ਇਹ eShram ਪੋਰਟਲ ਤੇ ਦਰਜ ਹਨ, ਉਨ੍ਹਾਂ ਦੇ ਲਈ ਮਾਣਯੋਗ ਸੁਪਰੀਮ ਕੋਰਟ ਦਾ ਆਰਡਰ ਸੀ ਕਿ ਇਨ੍ਹਾਂ ਦੇ ਕਾਰਡ ਬਣਾ ਕੇ ਅਨਾਜ ਦਿੱਤਾ ਜਾਵੇ। ਇਹ ਅਨਾਜ ਕੇਂਦਰ ਸਰਕਾਰ ਨੇ ਦੇਣਾ ਸੀ ਅਤੇ ਅਸੀਂ ਕੇਂਦਰ ਸਰਕਾਰ ਨੂੰ ਲੈਟਰ ਲਿਖ ਚੁੱਕੇ ਹਾਂ ਕਿ ਇਨ੍ਹਾਂ ਦੀ ਐਲੋਕੇਸ਼ਨ ਕੀਤੀ ਜਾਵੇ। ਦੂਜਾ, ਮੈਂ ਇਨ੍ਹਾਂ ਨਾਲ ਗੱਲ ਸਾਂਝੀ ਕਰਨੀ ਚਾਹੁੰਦਾ ਹਾਂ ਕਿ ਸਾਲ 2021 ਵਿੱਚ ਉਸ ਵੇਲੇ ਦੇ ਮੁੱਖ ਮੰਤਰੀ ਨੇ ਤਕਰੀਬਨ 13-14 ਲੱਖ ਪਰਿਵਾਰਾਂ ਦੇ ਰਾਸ਼ਨ ਕਾਰਡ ਬਣਾ ਦਿੱਤੇ ਸਨ ਲੇਕਿਨ ਸੈਂਟਰ ਸਰਕਾਰ ਵੱਲੋਂ ਉਨ੍ਹਾਂ ਦੀ ਐਲੋਕੇਸ਼ਨ ਨਹੀਂ ਸੀ। ਇਹ ਕੋਟਾ 1 ਕਰੋੜ, 41 ਲੱਖ ਰੁਪਏ ਦਾ ਸੀ, ਇਹ ਵਧਾਇਆ ਨਹੀਂ ਗਿਆ ਸੀ। ਉਨ੍ਹਾਂ ਨੂੰ ਅਨਾਜ ਨਹੀਂ ਮਿਲਦਾ ਸੀ। ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਇਨ੍ਹਾਂ ਦੇ ਮੁੱਖ ਮੰਤਰੀ ਨੇ ਵਾਅਦਾ ਕੀਤਾ ਸੀ, ਉਹ ਵਾਅਦਾ ਵੀ ਸਾਡੇ ਮਾਣਯੋਗ ਮੁੱਖ ਮੰਤਰੀ ਨੇ ਪੂਰਾ ਕੀਤਾ ਹੈ। (ਥੰਪਿੰਗ) ਅਸੀਂ ਇਨ੍ਹਾਂ ਨੂੰ ਅਨਾਜ ਦੇ ਰਹੇ ਹਾਂ। ਇਹ ਜਿਹੜੇ ਮਜ਼ਦੂਰ ਹਨ, ਇਨ੍ਹਾਂ ਨੂੰ ਸੈਂਟਰ ਸਰਕਾਰ ਅਪਰੂਵ ਕਰ ਦੇਵੇਗੀ ਅਤੇ ਸਾਨੂੰ ਕੋਟਾ ਦੇਵੇਗੀ ਅਤੇ ਇਨ੍ਹਾਂ ਨੂੰ ਵੀ ਅਨਾਜ ਮਿਲਣਾ ਸ਼ੁਰੂ ਹੋ ਜਾਵੇਗਾ। ਅਜੇ ਅਸੀਂ ਸਟੇਟ ਦੇ ਕੋਟੇ ਵਿੱਚੋਂ ਨਹੀਂ ਦੇ ਸਕਦੇ। ਸਾਡੇ ਕੋਲ ਬਹੁਤ ਸਾਰੀਆਂ ਕੈਟਾਗਿਰੀਆਂ ਹਨ, ਜਿਹੜੇ ਐਚ.ਆਈ.ਵੀ. ਪਾਜ਼ੇਟਿਵ ਹਨ, ਹੈਪੇਟਾਈਟਸ ਦੇ ਮਰੀਜ਼ ਹਨ, ਜਿਨ੍ਹਾਂ ਬੱਚਿਆਂ ਦੇ ਪੇਰੈਂਟਸ ਕੋਵਿਡ ਦੌਰਾਨ ਗੁਜ਼ਰ ਗਏ ਸੀ, ਇਨ੍ਹਾਂ ਸਾਰਿਆਂ ਨੂੰ ਅਸੀਂ ਅਨਾਜ ਦੇ ਰਹੇ ਹਾਂ ਅਤੇ ਲਗਾਤਾਰ ਮਿਲ ਰਿਹਾ ਹੈ।

**ਸ਼੍ਰੀਮਤੀ ਅਰੁਨਾ ਚੌਧਰੀ** : ਸਪਲੀਮੈਂਟਰੀ ਸਰ। ਮੈਂ ਇਹ ਪੁੱਛਿਆ ਹੈ ਕਿ ਜਿਨ੍ਹਾਂ ਦੀਆਂ ਪਰਚੀਆਂ ਇਸ਼ੂ ਹੋ ਚੁੱਕੀਆਂ ਹਨ ਔਰ ਉਨ੍ਹਾਂ ਨੂੰ ਕਣਕ ਨਹੀਂ ਮਿਲੀ। ਕੀ ਉਸ ਦੇ ਬਾਰੇ ਇਨਕੁਆਰੀ ਕਰਵਾਈ ਜਾਵੇਗੀ?

**ਮੰਤਰੀ** : ਜਿਹੜਾ ਇਹ ਤੁਹਾਡਾ ਸਵਾਲ ਹੈ, ਇਨਕੁਆਰੀ ਬਿਲਕੁਲ ਕਰਵਾਈ ਜਾਵੇਗੀ। ਮੈਂ ਸਾਰੇ ਡਾਟੇ ਨੂੰ ਧਿਆਨ ਨਾਲ ਪੜ੍ਹਿਆ ਹੈ, ਇਹ 95 ਤੋਂ 96% ਹੁੰਦਾ ਹੈ। ਕਿਉਂਕਿ ਇਸ ਦੀ ਜਿਹੜੀ Biometric Authentication ਹੁੰਦੀ ਹੈ, ਉਸ ਬੰਦੇ ਨੂੰ ਉੱਥੇ ਜਾਣਾ ਪਵੇਗਾ। ਚਾਹੇ ਉਸ ਦਾ ਆਰ.ਐਸ.ਸਕੈਨ ਹੋਵੇ, thumb impression ਹੋਵੇ ਜਾਂ ਉਸ ਦੀ finger printing ਹੋਵੇ, ਉਸ ਨੂੰ biometric authentication ਕਰਵਾਉਣੀ ਪੈਂਦੀ ਹੈ। ਜੇ ਕੋਈ ਅਜਿਹਾ ਇੱਕ ਵੀ ਬੰਦਾ ਹੈ, even one person ਜਿਹੜਾ ਗਿਆ ਹੋਵੇ ਅਤੇ ਉਸ ਨੂੰ ਰਾਸ਼ਨ ਨਾ ਮਿਲਿਆ ਹੋਵੇ, ਅਸੀਂ ਬਿਲਕੁਲ ਇਸ ਮਾਮਲੇ ਤੇ ਐਕਸ਼ਨ ਵੀ ਕਰਾਂਗੇ।

**1015/Rajneet Kaur/Rajneesh kumar**

**1020/Kuldeep kaur**

**ਸ਼੍ਰੀਮਤੀ ਅਰੁਨਾ ਚੌਧਰੀ**: ਸਰ, ਇਕ ਚੀਜ਼ ਮੈਂ ਹੋਰ ਪੁੱਛਣਾ ਚਾਹੁੰਦੀ ਹਾਂ।

**ਮਾਣਯੋਗ ਸਪੀਕਰ**: ਬੀਬਾ ਜੀ, ਦੋ ਸਪਲੀਮੈਂਟਰੀਜ਼ ਹੀ ਹੁੰਦੀਆਂ ਹਨ।

**ਸ਼੍ਰੀਮਤੀ ਅਰੁਨਾ ਚੌਧਰੀ**: ਸਰ, ਬਹੁਤ ਇੰਪਾਰਟੈਂਟ ਹੈ।

**ਮਾਣਯੋਗ ਸਪੀਕਰ**: ਤੁਸੀਂ ਤਾਂ ਕਦੇ ਫਾਲਤੂ ਗੱਲ ਕਰਦੇ ਨਹੀਂ, ਤੁਸੀਂ ਤਾਂ ਇੰਪਾਰਟੈਂਟ ਗੱਲ ਹੀ ਕਰਦੇ ਹੋ।

**ਸ਼੍ਰੀਮਤੀ ਅਰੁਨਾ ਚੌਧਰੀ**: ਸਰ, ਜੇ KYC ਨਾ ਹੋਇਆ, ਸਾਰੇ ਪਰਿਵਾਰ ਦਾ thumb print ਨਾ ਹੋਇਆ ਤਾਂ ਪੰਜਾਬ ਦਾ ਕੋਟਾ ਘੱਟ ਜਾਵੇਗਾ ਅਤੇ ਪੰਜਾਬ ਦੇ ਗਰੀਬ ਲੋਕਾਂ ਦਾ ਬਹੁਤ ਭਾਰੀ ਨੁਕਸਾਨ ਹੋ ਜਾਵੇਗਾ। ਸੋ, ਕੀ ਮੰਤਰੀ ਸਾਹਿਬ ਇਹ ਐਸ਼ਿਓਰ ਕਰਨਗੇ ਕਿ ਇਹ ਆਪਣੇ ਅਫਸਰ ਸਾਹਿਬਾਨ ਨੂੰ instructions ਦੇਣਗੇ ਕਿ ਇਸ ਵਿੱਚ ਤੇਜ਼ੀ ਲੈ ਕੇ ਆਉਣ।

**ਮੰਤਰੀ**: ਮੈਡਮ, ਇਹ 78% ਹੋ ਚੁੱਕੀ ਹੈ ਜੀ, ਇਸ ਦੀ ਡੈੱਡਲਾਈਨ 30 ਅਪ੍ਰੈਲ ਹੈ। ਅਸੀਂ 29 ਅਪ੍ਰੈਲ, 2025 ਨੂੰ ਇਸ ਨੂੰ ਪੂਰਾ ਕਰ ਦੇਵਾਂਗੇ। ਇਹ ਮੇਰੀ ਐਸ਼ਿਓਰੈਂਸ ਹੈ।

---------

**ਨਿਸ਼ਾਨ ਵਾਲਾ ਪ੍ਰਸ਼ਨ ਨੰ. 1588**

**ਮਾਣਯੋਗ ਸਪੀਕਰ**: ਇਸ ਸਵਾਲ ਦਾ ਜਵਾਬ ਦੇਣ ਲਈ ਸਮਾਂ ਵਧਾਇਆ ਗਿਆ ਹੈ।

----------

**ਹਲਕਾ ਜਗਰਾਉਂ ਵਿਖੇ ਬਣੇ ਪੁਲਾਂ ਦੇ ਵੇਰਵੇ**

***1447. ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ:** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦਸੱਣਗੇ ਕਿ ਹਲਕਾ ਜਗਰਾਉਂ ਵਿੱਚ ਕੱਸੀਆਂ, ਸੂਏ, ਡਰੇਨਾਂ ਅਤੇ ਨਹਿਰਾਂ ਤੇ ਬਣੇ ਪੁਲਾਂ ਦੀ ਗਿਣਤੀ ਕਿੰਨੀ ਹੈ; ਉਹ ਕਿਹੜੇ ਕਿਹੜੇ ਸਾਲ ਵਿੱਚ ਬਣਾਏ ਗਏ ਸਨ ਅਤੇ ਉਹਨਾਂ ਦੀ ਮੌਜੂਦਾ ਹਾਲਤ ਕੀ ਹੈ; ਵੇਰਵੇ ਸਹਿਤ ਦੱਸਿਆ ਜਾਵੇ?

**ਸ੍ਰੀ ਬਰਿੰਦਰ ਕੁਮਾਰ ਗੋਇਲ:** ਸ੍ਰੀਮਤੀ ਜੀ,ਜਗਰਾਉਂ ਹਲਕੇ ਵਿੱਚ ਨਹਿਰਾਂ 'ਤੇ ਕੁੱਲ 64 ਪੁਲ ਅਤੇ ਡਰੇਨਾਂ 'ਤੇ 74 ਪੁਲ ਬਣਾਏ ਗਏ ਹਨ। ਇਨ੍ਹਾਂ ਪੁਲਾਂ ਦੀ ਮੌਜੂਦਾ ਸਥਿਤੀ ਅਤੇ ਹੋਰ ਵੇਰਵੇ ਅਨੁਲੱਗ-ਏ ਦੇ ਰੂਪ ਵਿੱਚ ਨੱਥੀ ਕੀਤੇ ਗਏ ਹਨ।

**Annexure-A**

| S.No. | Name of Canal/Distributary/Minor/ Drain | R.D of Bridge | Year of Construction |
|---|---|---|---|
| 1 | Kokri Disty | 26345 | More than 50 years old |
| 2 | Kokri Disty | 30495 | More than 50 years old |
| 3 | Kokri Disty | 33305 | More than 50 years old |
| 4 | Kokri Disty | 37012 | More than 50 years old |
| 5 | Kokri Disty | 41930 | More than 50 years old |
| 6 | Kokri Disty | 43686 | Reconstructed by PMB in 2022 |
| 7 | Kokri Disty | 47825 | More than 50 years old |
| 8 | Kokri Disty | 51743 | More than 50 years old |
| 9 | Kokri Disty | 53140 | More than 50 years old |
| 10 | Kokri Disty | 54806 | More than 50 years old |

| | | | |
|---|---|---|---|
| 11 | Kokri Disty | 59880 | More than 50 years old |
| 12 | Kokri Disty | 61950 | More than 50 years old |
| 13 | Kokri Disty | 63530 | More than 50 years old |
| 14 | Kokri Disty | 74853 | More than 50 years old |
| 15 | Kokri Disty | 77238 | More than 50 years old |
| 16 | 3-R minor | 3000 | More than 50 years old |
| 17 | 3-R minor | 4700 | More than 50 years old |
| 18 | 3-R minor | 7990 | Slab extended by PMB |
| 19 | 4-L minor | 6300 | More than 50 years old |
| 20 | 4-L minor | 8920 | More than 50 years old |
| 21 | 4-L minor | 12625 | Slab extended by PMB |
| 22 | 5-L minor | 2960 | More than 50 years old |
| 23 | 5-L minor | 6400 | Slab extended by PWD B&R |
| 24 | Jagraon Disty | 4045 | More than 50 years old |
| 25 | Jagraon Disty | 7175 | More than 50 years old |
| 26 | Jagraon Disty | 9245 | Reconstructed by PMB in 2017-19 |
| 27 | Jagraon Disty | 10800 | Reconstructed by PMB in 2017-19 |
| 28 | Jagraon Disty | 14000 | More than 50 years old |

| | | | |
|---|---|---|---|
| 29 | Jagraon Disty | 16531 | Reconstructed by PMB in 2017-19 |
| 30 | Jagraon Disty | 26625 | Reconstructed by PMB in 2017-19 |
| 31 | Manuke disty | 33590 | More than 50 years old |
| 32 | Manuke disty | 39570 | More than 50 years old |
| 33 | Manuke disty | 41300 | More than 50 years old |
| 34 | manuke disty | 58305 | More than 50 years old |
| 35 | manuke disty | 59685 | More than 50 years old |
| 36 | manuke disty | 60085 | More than 50 years old |
| 37 | manuke disty | 61645 | More than 50 years old |
| 38 | manuke disty | 73150 | More than 50 years old |
| 39 | manuke disty | **76458** | More than 50 years old |
| 40 | manuke disty | 81890 | More than 50 years old |
| 41 | manuke disty | 84270 | More than 50 years old |
| 42 | Kussa Minor | 6700 | More than 50 years old |
| 43 | Akhara Disty | 480 | More than 50 years old |
| 44 | Akhara Disty | 550 | RECONSTRUCTED BY |

| | | | |
|---|---|---|---|
| | | | PWD B&R IN 2025 |
| 45 | Akhara Disty | 7553 | More than 50 years old |
| 46 | Akhara disty | **24250** | More than 50 years old |
| 47 | Akhara disty | 35120 | More than 50 years old |
| 48 | Bhammipura minor | 5845 | More than 50 years old |
| 49 | Bhammipura minor | 8300 | More than 50 years old |
| 50 | Bhammipura minor | **9700** | More than 50 years old |
| 51 | Bhammipura minor | 13660 | More than 50 years old |
| 52 | Bhammipura minor | 15450 | More than 50 years old |
| 53 | Bhammipura minor | 17980 | More than 50 years old |
| 54 | Dangian disty | 170 | More than 50 years old |
| 55 | Dangian disty | 1650 | More than 50 years old |
| 56 | Jassowal Disty | 48500 | More than 50 years old |
| 57 | Abohar Branch | 145225 | More than 50 years old |
| 58 | Abohar Branch | 157000 | RECONSTRUCTION IN PROCESS BY PWD B&R |
| 59 | Abohar Branch | 164500 | More than 50 years old |
| 60 | Abohar branch | 180000 | More than 50 years old |

| | | | |
|---|---|---|---|
| 61 | Abohar branch | 189975 | More than 50 years old |
| 62 | 1L Mill channel | 697 | More than 50 years old |
| 63 | 1L Mill channel | 767 | RECONSTRUCTED BY PWD B&R IN 2025 |
| 64 | 1L Mill channel | 3850 | More than 50 years old |
| 65 | Jassowal Drain | 128786 | |
| 66 | Jassowal Drain | 126750 | |
| 67 | Jassowal Drain | 123500 | |
| 68 | Jassowal Drain | 122500 | |
| 69 | Jassowal Drain | 121000 | |
| 70 | Jassowal Drain | 118100 | |
| 71 | Jassowal Drain | 111420 | More than 30 years old |
| 72 | Jassowal Drain | 106300 | |
| 73 | Jassowal Drain | 104650 | More than 30 years old |
| 74 | Jassowal Drain | 103100 | |
| 75 | Jassowal Drain | 102400 | |
| 76 | Jassowal Drain | 97500 | More than 30 years old |
| 77 | Jassowal Drain | 95300 | |
| 78 | Jassowal Drain | 92700 | |
| 79 | Jassowal Drain | 86500 | |
| 80 | Jassowal Drain | 85100 | More than 30 years old |
| 81 | Jassowal Drain | 75000 | More than 30 years old |
| 82 | Jassowal Drain | 70500 | |
| 83 | Jassowal Drain | 66570 | |
| 84 | Jassowal Drain | 64750 | |
| 85 | Jassowal Drain | 62000 | |
| 86 | Jassowal Drain | 58500 | |
| 87 | Jassowal Drain | 54250 | |
| 88 | Jassowal Drain | 50800 | More than 30 years old |
| 89 | Jassowal Drain | 46000 | More than 30 years old |
| 90 | Jassowal Drain | 38000 | More than 30 years old |
| 91 | Jassowal Drain | 34815 | |
| 92 | Jassowal Drain | 29000 | |
| 93 | Jassowal Drain | 25000 | More than 30 years old |
| 94 | Jassowal Drain | 20000 | |
| 95 | Jassowal Drain | 13700 | |
| 96 | Jassowal Drain | 12400 | More than 30 years old |
| 97 | Jassowal Drain | 11200 | |

| | | | |
|---|---|---|---|
| 98 | Jassowal Drain | 9200 | 2012 |
| 99 | Malik Drain | 9000 | |
| 100 | Malik Drain | 12900 | |
| 101 | Malik Drain | 15500 | |
| 102 | Malik Drain | 18350 | |
| 103 | Malik Drain | 22800 | |
| 104 | Malik Drain | 26600 | |
| 105 | Malik Drain | 27240 | |
| 106 | Malik Drain | 28800 | |
| 107 | Malik Drain | 30600 | |
| 108 | Malik Drain | 31700 | |
| 109 | Malik Drain | 35000 | More than 30 years old |
| 110 | Moga Drain | 185000 | |
| 111 | Moga Drain | 173500 | |
| 112 | Moga Drain | 171500 | |
| 113 | Moga Drain | 171000 | |
| 114 | Moga Drain | 169300 | |
| 115 | Moga Drain | 166000 | |
| 116 | Chachrari Drain | 76700 | |
| 117 | Chachrari Drain | 67100 | |
| 118 | Chachrari Drain | 66200 | |
| 119 | Chachrari Drain | 62500 | |
| 120 | Chachrari Drain | 59500 | |
| 121 | Chachrari Drain | 56600 | |
| 122 | Chachrari Drain | 52980 | |
| 123 | Chachrari Drain | 50500 | |
| 124 | Chachrari Drain | 48620 | |
| 125 | Chachrari Drain | 43500 | |
| 126 | Chachrari Drain | 39300 | |
| 127 | Chachrari Drain | 36900 | |
| 128 | Chachrari Drain | 30230 | |
| 129 | Chachrari Drain | 31000 | |
| 130 | Chachrari Drain | 18800 | |
| 131 | Chachrari Drain | 15800 | |
| 132 | Chachrari Drain | 4133 | |
| 133 | Lower Budha Darya | 102000 | More than 30 years old |
| 134 | Lower Budha Darya | 95800 | More than 30 years old |
| 135 | Sawaddi Drain | 4700 | More than 30 years old |
| 136 | Sidhwan Bet Drain | 9250 | More than 30 years old |
| 137 | Sidhwan Bet Drain | 22896 | More than 30 years old |
| 138 | Sidhwan Bet Drain | 30777 | More than 30 years old |

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ**: ਸਰ, ਜਵਾਬ ਵਿੱਚ ਕਿਹਾ ਗਿਆ ਹੈ ਕਿ 60 ਤੋਂ ਉੱਪਰ ਪੁਲ ਅਜਿਹੇ ਹਨ ਜਿਹੜੇ 50 ਸਾਲ ਤੋਂ ਪੁਰਾਣੇ ਬਣੇ ਹੋਏ ਹਨ। 20 ਤੋਂ ਉੱਪਰ ਪੁਲ ਅਜਿਹੇ ਹਨ ਜਿਹੜੇ 30 ਸਾਲ ਤੋਂ ਪੁਰਾਣੇ ਬਣੇ ਹੋਏ ਹਨ। ਸਰ, ਉਦੋਂ ਵਹੀਕਲਜ਼ ਵਗੈਰਾ ਵੀ ਘੱਟ ਸਨ, ਹੁਣ ਗੱਡੀਆਂ ਆਦਿ ਵੀ ਲੰਘਦੀਆਂ ਹਨ। 50 ਸਾਲ ਪੁਰਾਣੇ ਪੁਲ ਤਾਂ ਬਿਲਕੁਲ ਹੀ ਖਤਮ ਹੋ ਚੁੱਕੇ ਹਨ। ਮੰਡੀ ਬੋਰਡ ਦੇ ਪੁਲ ਹਨ, ਉਨ੍ਹਾਂ ਨੇ ਪੂਰਾ ਵੇਰਵਾ ਨਹੀਂ ਦਿੱਤਾ ਹੈ। ਪੁਲ ਬਾਰਦੇਕੇ, ਡੱਲਾ ਬਹੁਤ ਹੀ ਖਸਤਾ ਹਾਲਤ ਵਿੱਚ ਹਨ। ਬਾਰਸ਼ ਦੇ ਦਿਨਾਂ ਵਿੱਚ ਜਾਨੀ ਮਾਲੀ ਨੁਕਸਾਨ ਹੋਣ ਦਾ ਖਤਰਾ ਬਣਿਆ ਰਹਿੰਦਾ ਹੈ। ਮੈਂ ਮੰਤਰੀ ਸਾਹਿਬ ਤੋਂ ਇੰਨਾ ਹੀ ਪੁੱਛਣਾ ਚਾਹੁੰਦੀ ਹਾਂ ਕਿ ਜਿਹੜੇ 50 ਜਾਂ 30 ਸਾਲ ਤੋਂ ਪੁਰਾਣੇ ਪੁਲ ਬਣੇ ਹੋਏ ਹਨ, ਉਨ੍ਹਾਂ ਨੂੰ ਨਵੇਂ ਬਣਾਉਣ ਦੀ ਤਜਵੀਜ਼ ਇਨ੍ਹਾਂ ਦੇ ਧਿਆਨ ਵਿੱਚ ਹੈ ਅਤੇ ਕਦੋਂ ਤੱਕ ਇਹ ਪੁਲ ਬਣ ਜਾਣਗੇ?

**ਮੰਤਰੀ**: ਸਪੀਕਰ ਸਾਹਿਬ, ਇਹ ਗੱਲ ਬਿਲਕੁਲ ਠੀਕ ਹੈ ਕਿ ਕੋਈ ਪੁਲ 50 ਸਾਲ ਪੁਰਾਣਾ ਬਣਿਆ ਹੋਇਆ ਹੈ ਅਤੇ ਕੋਈ ਪੁਲ 30 ਸਾਲ ਪੁਰਾਣਾ ਬਣਿਆ ਹੋਇਆ ਹੈ। ਇਨ੍ਹਾਂ ਪੁਲਾਂ ਦੀ ਦੇਖਣ ਤੇ ਹਾਲਤ ਠੀਕ ਹੈ। ਬਾਕੀ ਜਿਹੜੇ ਇਹ ਪੁਲ ਹਨ, ਜਿਹੜੇ ਕੈਨਾਲ ਤੇ 64 ਪੁਲ ਅਤੇ ਡਰੇਨਾਂ ਤੇ 74 ਪੁਲ ਬਣੇ ਹੋਏ ਹਨ। ਇਨ੍ਹਾਂ ਪੁਲਾਂ ਵਿੱਚੋਂ ਇੱਕ ਪੁਲ RD 145225 ਤੇ ਅਬੋਹਰ ਬ੍ਰਾਂਚ ਤੇ ਮੰਡੀ ਬੋਰਡ ਵਾਲਾ ਪੁਲ ਬਣਿਆ ਹੋਇਆ ਹੈ। ਇਸ ਦੀ ਕੰਡੀਸ਼ਨ ਜ਼ਿਆਦਾ ਮਾੜੀ ਹੈ। ਬਾਕੀ ਜਿਹੜੇ ਪੁਲ ਹਨ, ਇਹ ਕੋਈ ਤਾਂ ਮੰਡੀ ਬੋਰਡ ਵੱਲੋਂ ਬਣਿਆ ਹੈ ਅਤੇ ਕੋਈ ਪੁਲ ਪੰਚਾਇਤੀ ਰਾਜ, ਕੋਈ ਪੀ.ਡਬਲਿਊ.ਡੀ ਅਤੇ ਕੋਈ ਪੁਲ ਵਾਟਰ ਰਿਸੋਰਸਿਜ਼ ਡਿਪਾਰਟਮੈਂਟ ਵੱਲੋਂ ਬਣਿਆ ਹੈ। ਸੋ, ਅਲੱਗ ਅਲੱਗ ਏਜੰਸੀਆਂ ਵੱਲੋਂ ਇਹ ਪੁਲ ਬਣਾਏ ਗਏ ਹਨ। ਅਸੀਂ ਇਕ ਕਮੇਟੀ ਬਣਾ ਰਹੇ ਹਾਂ, ਉਹ ਕਮੇਟੀ ਬਣਾ ਕੇ ਜਿਸ ਤਰ੍ਹਾਂ ਦੀ ਵੀ ਰਿਪੋਰਟ ਆਵੇਗੀ ਕਿ ਕੋਈ ਪੁਲ ਖਰਾਬ ਹੈ, ਜਿਸ ਦੀ ਹਾਲਤ ਜ਼ਿਆਦਾ ਮਾੜੀ ਹੈ ਤਾਂ ਉਹ ਰਿਪੋਰਟ ਲੈ ਕੇ ਅਸੀਂ ਸਬੰਧਿਤ ਮਹਿਕਮਿਆਂ ਨੂੰ ਲਿਖ ਦੇਵਾਂਗੇ, ਜਿਨ੍ਹਾਂ ਮਹਿਕਮਿਆਂ ਦੁਆਰਾ ਇਹ ਪੁਲ ਬਣਾਏ ਗਏ ਹਨ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ**: ਸਪੀਕਰ ਸਾਹਿਬ, ਮੇਰਾ ਇਕ ਪੁਲ ਆਜ਼ਾਦੀ ਤੋਂ ਪਹਿਲਾਂ ਬਣਿਆ ਸੀ। ਉਹ ਤਾਂ ਮੰਤਰੀ ਸਾਹਿਬ, ਈ.ਟੀ.ਓ. ਸਾਹਿਬ ਨੇ ਬਣਾ ਦਿੱਤਾ ਹੈ, ਉਨ੍ਹਾਂ ਦਾ ਧੰਨਵਾਦ। ਜਿਹੜੇ ਪੁਲ 50 ਸਾਲ ਜਾਂ 30 ਸਾਲ ਤੋਂ ਪੁਰਾਣੇ ਬਣੇ ਹੋਏ ਹਨ, ਤੁਸੀਂ ਵੀ ਪਿੰਡਾਂ ਵਿੱਚ ਹੀ ਰਹਿੰਦੇ ਹੋ, ਬਾਰਸ਼ਾਂ ਦੇ ਦਿਨਾਂ ਵਿੱਚ ਉਨ੍ਹਾਂ ਪੁਲਾਂ ਦਾ ਖਤਰਾ ਜ਼ਿਆਦਾ ਬਣਿਆ ਰਹਿੰਦਾ ਹੈ। ਮੰਤਰੀ ਸਾਹਿਬ ਨੂੰ ਕਹੋ ਕਿ ਉਨ੍ਹਾਂ ਦੀ ਤਾਂ ਬੇਸ਼ੱਕ ਕਮੇਟੀ ਨਾ ਹੀ ਬਣਾਓ। ਕਈ ਲੋਕ ਤਾਂ ਉੱਥੇ ਡਰੰਮ ਰੱਖ ਕੇ ਉੱਪਰੋਂ ਦੀ ਲੰਘਦੇ ਹਨ ਜਿਵੇਂ ਡਾਂਗੀਆ, ਮੱਲ੍ਹਾ, ਡੱਲ੍ਹਾ ਆਦਿ ਕਈ ਪਿੰਡ ਹਨ, ਜਿੱਥੇ 50 ਸਾਲ ਤੋਂ ਪੁਰਾਣੇ ਪੁਲ ਬਣੇ ਹੋਏ ਹਨ। ਮੰਤਰੀ ਸਾਹਿਬ ਆਪ ਵਿਜ਼ਟ ਕਰ ਲੈਣ ਜਾਂ ਆਪਣੀ ਕਮੇਟੀ ਨੂੰ ਭੇਜ ਦੇਣ ਪਰ ਇਹ ਕੰਮ ਬਰਸਾਤਾਂ ਤੋਂ ਪਹਿਲਾਂ ਪਹਿਲਾਂ ਸ਼ੁਰੂ ਹੋ ਜਾਵੇ ਖਤਮ ਤਾਂ ਨਹੀ ਹੋ ਸਕਦਾ।

**ਮਾਣਯੋਗ ਸਪੀਕਰ**: ਮੰਤਰੀ ਸਾਹਿਬ, ਸੁਜੈਸ਼ਨ ਆਇਆ ਹੈ, ਜੇ ਜਵਾਬ ਦੇਣਾ ਹੈ ਤਾਂ ਦੇ ਸਕਦੇ ਹੋ।

**ਮੰਤਰੀ**: ਠੀਕ ਹੈ ਸਰ, ਅਸੀਂ ਕਮੇਟੀ ਦੇ ਰਾਹੀਂ ਸਾਰਾ ਪਤਾ ਕਰਵਾ ਲੈਂਦੇ ਹਾਂ। ਬਾਕੀ ਜਿਹੜੇ ਪੁਰਾਣੇ ਪੁਲ ਬਣੇ ਹੋਏ ਹਨ ਜਿਵੇਂ ਭਾਖੜਾ ਦੇ ਪੁਲ ਬਣੇ ਹਨ, ਮੇਰੇ ਹਲਕੇ ਵਿੱਚ ਬਣੇ ਹਨ ਉਹ 10 ਫੁੱਟ ਚੌੜੇ ਬਣੇ ਹਨ। ਸੋ, ਉਸ ਮੁਤਾਬਕ

ਉਹ ਪੁਲ ਬਣੇ ਹੋਏ ਸਨ। ਜਿੱਥੇ ਕਿਤੇ ਵੀ ਜ਼ਰੂਰਤ ਹੈ ਅਸੀਂ ਮਾਣਯੋਗ ਮੈਂਬਰ ਸਾਹਿਬਾ ਨੂੰ ਮਿਲ ਲਵਾਂਗੇ, ਜਿਸ ਤਰ੍ਹਾਂ ਕਹਿਣਗੇ, ਜਿੱਥੇ ਜ਼ਿਆਦਾ ਜ਼ਰੂਰੀ ਹੋਣਗੇ, ਇਨ੍ਹਾਂ ਨੂੰ ਪੁੱਛ ਕੇ ਅਸੀਂ ਉਹ ਇਸੇ ਰਿਪੋਰਟ ਮੁਤਾਬਕ ਬਣਾ ਦੇਵਾਂਗੇ।

-------

**WELCOME ANNOUNCEMENT BY THE HON'BLE SPEAKER**

**ਮਾਣਯੋਗ ਸਪੀਕਰ**: ਯੂਨਿਵਰਸਿਟੀ ਕਾਲਜ ਚੁੰਨੀ ਕਲਾਂ, ਫਤਿਹਗੜ੍ਹ ਸਾਹਿਬ ਤੋਂ ਸਾਡੇ ਪੰਜਾਬ ਦਾ ਭਵਿੱਖ ਸਾਡੇ ਸਟੂਡੈਂਟਸ ਸਮੇਤ ਉਨ੍ਹਾਂ ਦੇ ਟੀਚਰਜ਼ ਅੱਜ ਇਸ ਅਜ਼ੀਮ ਸਦਨ ਦੀ ਕਾਰਵਾਈ ਦੇਖਣ ਲਈ ਆਏ ਹਨ। ਅਸੀਂ ਉਨ੍ਹਾਂ ਦਾ ਸਵਾਗਤ ਕਰਦੇ ਹਾਂ। (ਥੰਪਿੰਗ)

----

**STARRED QUESTIONS AND ANSWERS *(Resumption)***

**ਟਰਾਂਸਪੋਰਟ ਕੰਪਨੀ ਤੇ ਕੀਤੇ ਗਏ ਜੁਰਮਾਨੇ ਅਤੇ ਰੂਟਾਂ ਦੇ ਵੇਰਵੇ।**

***1652. ਸ਼੍ਰੀਮਤੀ ਨਰਿੰਦਰ ਕੌਰ ਭਰਾਜ: ਕੀ** ਟਰਾਂਸਪੋਰਟ ਅਤੇ ਜੇਲ੍ਹ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

ੳ) ਕੀ ਇਹ ਠੀਕ ਹੈ ਕਿ ਫਤਿਹਗੜ੍ਹ, ਧਾਲੀਵਾਲ, ਭਰਪੂਰ, ਘੁਮਾਣ ਅਤੇ ਨਿਊ ਫਤਿਹਗੜ੍ਹ ਬੱਸ ਸਰਵਿਸ ਤੇ ਕਾਨੂੰਨਾਂ ਦੀ ਉਲੰਘਣਾ ਕਰਕੇ ਪਿਛਲੀ ਸਰਕਾਰ ਵੱਲੋਂ ਜੁਰਮਾਨੇ ਪਾਏ ਗਏ ਸਨ, ਜੇਕਰ ਅਜਿਹਾ ਹੋਵੇ ਤਾਂ ਕੀ ਉਹ ਕੇਸ ਡਿਸਪੋਜ਼ ਆਫ ਕਰ ਦਿੱਤੇ ਗਏ ਹਨ; ਜੇਕਰ ਹਾਂ ਤਾਂ ਉਹ ਕਿਸ ਅਧਾਰ ਤੇ ਕੀਤੇ ਗਏ; ਅਤੇ

ਅ) ਉਕਤ ਕੰਪਨੀ ਦੀਆਂ ਬੱਸਾਂ ਦੇ ਜਨਵਰੀ 2019 ਤੋਂ ਫਰਵਰੀ 2022 ਤੱਕ, ਮਾਰਚ, 2022 ਤੋਂ ਫਰਵਰੀ, 2025 ਤੱਕ ਕਿਹੜੇ ਰੂਟ ਸਨ ਅਤੇ ਮੌਜੂਦਾ ਰੂਟ ਕਿਹੜੇ ਹਨ; ਵੇਰਵੇ ਸਹਿਤ ਦੱਸਿਆ ਜਾਵੇ?"

**ਸਰਦਾਰ ਲਾਲਜੀਤ ਸਿੰਘ ਭੁੱਲਰ**:

ੳ) ਹਾਂ ਜੀ, ਇਹ ਠੀਕ ਹੈ ਕਿ ਫਤਿਹਗੜ੍ਹ, ਧਾਲੀਵਾਲ, ਭਰਪੂਰ, ਘੁਮਾਣ ਅਤੇ ਨਿਊ ਫਤਿਹਗੜ੍ਹ ਬੱਸ ਸਰਵਿਸ ਤੇ ਕਾਨੂੰਨਾਂ ਦੀ ਉਲੰਘਣਾ ਕਰਕੇ ਪਿਛਲੀ ਸਰਕਾਰ ਦੇ ਸਮੇਂ ਜੁਰਮਾਨੇ ਕੀਤੇ ਗਏ ਸਨ ਅਤੇ ਮੋਟਰ ਵਹੀਕਲ ਐਕਟ/ਰੂਲਾਂ ਅਨੁਸਾਰ ਬਣਦੇ ਜੁਰਮਾਨੇ ਦਾ ਭੁਗਤਾਨ ਕਰਨ ਉਪਰੰਤ ਚਲਾਨ ਡਿਸਪਾਜ਼ ਆਫ ਕਰ ਦਿੱਤੇ ਗਏ ਹਨ। ਵੇਰਵੇ ਹੇਠ ਅਨੁਸਾਰ ਹਨ:

| ਲੜੀ ਨੰ: | ਅਥਾਰਟੀ ਦਾ ਨਾਮ | ਬੱਸ ਕੰਪਨੀ ਦਾ ਨਾਮ | ਚਲਾਨ ਕਰਨ ਦੀ ਮਿਤੀ | ਜੁਰਮ ਦੀ ਕਿਸਮ | ਕੀ ਉਪਰੋਕਤ ਚਲਾਨ ਦਾ | ਇੱਕਤਰ ਕੀਤੇ ਗਏ | ਜੇਕਰ ਚਲਾਨ ਦਾ |
|---|---|---|---|---|---|---|---|

| | | | | | | | |
|---|---|---|---|---|---|---|---|
| | | | | | ਨਿਪਟਾਰਾ ਹੋ ਚੁਕਾ ਹੈ ਜਾਂ ਪੈਡਿੰਗ ਹੈ। | ਜੁਰਮਾਨੇ ਦਾ ਵੇਰਵਾ | ਨਿਪਟਾਰਾ ਕੀਤਾ ਗਿਆ ਹੈ ਤਾਂ ਕਿਸ ਅਧਾਰ ਤੇ ਕੀਤਾ ਗਿਆ ਹੈ ਸਵੈ— ਸਪਸ਼ਟ ਟਿੱਪਣੀ ਦਾ ਵੇਰਵਾ। |
| 1H | ਆਰ.ਟੀ.ਏ ਪਟਿਆਲਾ | ਫਤਹਿਗੜ੍ਹ ਬੱਸ ਸਰਵਿਸ | 11.02.2020 | Music System Fitted | ਹਾਂ ਜੀ | 1000/— | As Per Motor Vehicle Act |
| 2H | | ਫਤਹਿਗੜ੍ਹ ਬੱਸ ਸਰਵਿਸ | 11.02.2020 | Music System Fitted | ਹਾਂ ਜੀ | 1000/— | As Per Motor Vehicle Act |
| 3H | | ਫਤਹਿਗੜ੍ਹ ਬੱਸ ਸਰਵਿਸ | 12.02.2020 | Music System Fitted | ਹਾਂ ਜੀ | 1000/— | As Per Motor Vehicle Act |
| 4H | | ਨਿਊ ਫਤਹਿਗੜ੍ਹ ਬੱਸ ਸਰਵਿਸ | 03.10.2021 | Not paid MVT | ਹਾਂ ਜੀ | 500/— | As Per Motor Vehicle Act |
| 5H | | ਨਿਊ ਫਤਹਿਗੜ੍ਹ ਬੱਸ ਸਰਵਿਸ | 13.11.2021 | MVT | ਹਾਂ ਜੀ | 1000/— | As Per Motor Vehicle Act |
| 6H | | ਨਿਊ ਫਤਹਿਗੜ੍ਹ ਬੱਸ ਸਰਵਿਸ | 05.01.2023 | W/o Uniform<br>W/o HSRP<br>P.H.Fitted<br>W/o Document | ਹਾਂ ਜੀ | 10,000/ | As Per Motor Vehicle Act |
| 7 | | ਨਿਊ ਫਤਹਿਗੜ੍ਹ | 13.02.2020 | W/MVT | ਹਾਂ ਜੀ | 1000/— | As Per Motor |

| | | | | | | | |
|---|---|---|---|---|---|---|---|
| | | ਬੱਸ ਸਰਵਿਸ | | | | | Vehicle Act |
| 8H | | ਨਿਊ ਫਤਹਿਗੜ੍ਹ ਬੱਸ ਸਰਵਿਸ | 03.10.2021 | W/ MVT | ਹਾਂ ਜੀ | 1000/— | As Per Motor Vehicle Act |
| 9H | | ਧਾਲੀਵਾਲ ਬੱਸ ਸਰਵਿਸ | 14.02.2020 | Music System Fitted | ਹਾਂ ਜੀ | 1000/— | As Per Motor Vehicle Act |
| 10H | | ਘੁੰਮਾਣ ਟਰਾਂਸਪੋਰਟ ਸਰਵਿਸ ਰਜਿ: | 10.02.2020 | Music System Fitted | ਹਾਂ ਜੀ | 1000/— | As Per Motor Vehicle Act |
| 11. | ਆਰ.ਟੀ.ਓ ਸੰਗਰੂਰ | ਭਰਪੂਰ ਬੱਸ ਸਰਵਿਸ | 25-05-17 | Time Table/Permit | ਪੈਂਡਿੰਗ | | ਦਸਤਾਵੇਜ਼ ਕਬਜ਼ੇ ਵਿੱਚ ਲਏ ਗਏ ਹਨ ਅਤੇ ਡਾਟਾ ਬਲਾਕ ਕੀਤਾ ਗਿਆ ਹੈ। |
| 12. | | ਫਤਹਿਗੜ੍ਹ ਬੱਸ ਸਰਵਿਸ | 30-05-17 | Time Table | ਹਾਂ ਜੀ | 100 | ਜੁਰਮਾਨਾ ਭਰਨ ਉਪਰੰਤ ਚਲਾਨ ਡਿਸਪੋਜ ਆਫ ਕੀਤਾ ਗਿਆ |
| 13. | | ਫਤਹਿਗੜ੍ਹ ਬੱਸ ਸਰਵਿਸ | 07-08-17 | Time Table/Pressure Horn | ਹਾਂ ਜੀ | 1100 | |
| 14. | | ਨਿਊ ਫਤਹਿਗੜ੍ਹ ਬੱਸ ਸਰਵਿਸ | 09-08-17 | Police Signal/ Pressure Horn/Time Table | ਹਾਂ ਜੀ | 4000 | |
| 15. | | ਧਾਲੀਵਾਲ ਬੱਸ ਸਰਵਿਸ | 13-12-18 | Without Uniform/Tax | ਹਾਂ ਜੀ | 1000 | ਜੁਰਮਾਨਾ ਭਰਨ ਉਪਰੰਤ ਚਲਾਨ ਡਿਸਪੋਜ |
| 16. | | ਘੁੰਮਾਣ ਟਰਾਂਸਪੋਰਟ ਸਰਵਿਸ ਰਜਿ: | 14-12-18 | Without Uniform/Tax | ਹਾਂ ਜੀ | 1000 | |

| | | | | | | | |
|---|---|---|---|---|---|---|---|
| 17. | | ਨਿਊ ਫਤਹਿਗੜ੍ਹ ਬੱਸ ਸਰਵਿਸ | 27-02-18 | Wrong Parking/Without Uniform | ਹਾਂ ਜੀ | 1500 | ਆਫ ਕੀਤਾ ਗਿਆ |
| 18. | | ਫਤਹਿਗੜ੍ਹ ਬੱਸ ਸਰਵਿਸ | 06-03-18 | Wrong Parking/Without Uniform | ਹਾਂ ਜੀ | 2000 | |
| 19. | | ਘੁੰਮਾਣ ਟਰਾਂਸਪੋਰਟ ਸਰਵਿਸ ਰਜਿ: | 10-02-20 | Music Player | ਹਾਂ ਜੀ | 1000 | |
| 20. | ਸਕੱਤਰ ਆਰ.ਟੀ.ਏ ਜਲੰਧਰ | ਨਿਊ ਫਤਿਰਗੜ੍ਹ ਸਾਹਿਬ ਬੱਸ ਸਰਵਿਸ | 07.06.2017 | Without Uniform TV Fitted MV Tax not MV Tax not Shown | ਹਾਂ ਜੀ | 3000 | ਮੋਟਰ ਵਹੀਕਲ ਐਕਟ /ਰੂਲਾਂ ਅਨੁਸਾਰ ਬਣਦੇ ਜੁਰਮਾਨੇ ਦਾ ਭੁਗਤਾਨ ਕਰਨ ਉਪਰੰਤ ਚਲਾਨ ਦਾ ਨਿਪਟਾਰਾ ਉਸੇ ਸਮੇਂ ਕੀਤਾ ਜਾ ਚੁੱਕਾ ਹੈ। |
| 21. | ਆਰ.ਟੀ.ਓ., ਫਰੀਦਕੋਟ | ਨਿਊ ਫਤਿਰਗੜ੍ਹ ਸਾਹਿਬ ਬੱਸ ਸਰਵਿਸ | 20.02.2021 | ਪ੍ਰੈਸਰ ਹਾਰਨ | ਹਾਂ ਜੀ | 1000 | ਬਣਦੀ ਰਕਮ ਵਸੂਲ ਕਰਕੇ ਚਲਾਨ ਦਾ ਨਿਪਟਾਰਾ ਕੀਤਾ ਗਿਆ ਹੈ। |

| | | | | | | | |
|---|---|---|---|---|---|---|---|
| 22. | | ਨਿਊ ਫਤਿਰਗੜ੍ਹ ਸਾਹਿਬ ਬੱਸ ਸਰਵਿਸ | 21.04.2021 | ਫਸਟ ਏਡ ਬਾਕਸ ਅਤੇ ਬਿਨਾਂ ਮਾਸਕ | ਹਾਂ ਜੀ | 2000 | |
| 23. | ਆਰ.ਟੀ.ਓ ਮੋਹਾਲੀ | ਨਿਊ ਫਤਿਹਗੜ੍ਹ ਸਾਹਿਬ ਸਰਹਿੰਦ ਬੱਸ ਟੀ.ਪੀ,ਟੀ | 03.04.2019 | Without Permit | | - | ਮਾਨਯੋਗ ਅਦਾਲਤ ਸੀ.ਜੀ.ਐਮ ਖਰੜ ਨੂੰ ਭੇਜ ਦਿੱਤਾ ਗਿਆ ਹੈ । |
| 24. | | ਨਿਊ ਫਤਿਹਗੜ੍ਹ ਸਾਹਿਬ ਸਰਹਿੰਦ ਬੱਸ ਟੀ.ਪੀ,ਟੀ | 02.09.2017 | Without permit Bond MV ACt 207 | | - | ਮਾਨਯੋਗ ਅਦਾਲਤ ਸੀ.ਜੀ.ਐਮ ਫਤਿਹਗੜ੍ਹ ਨੂੰ ਭੇਜ ਦਿੱਤਾ ਗਿਆ ਹੈ । |
| 25. | | ਨਿਊ ਫਤਿਹਗੜ੍ਹ ਸਾਹਿਬ ਸਰਹਿੰਦ ਬੱਸ ਟੀ.ਪੀ,ਟੀ | 09.02.2020 | tape fitted | ਹਾਂ ਜੀ | 5000/- | ਆਰ.ਟੀ.ਓ ਮੋਹਾਲੀ |
| 26. | | ਨਿਊ ਫਤਿਹਗੜ੍ਹ ਸਾਹਿਬ ਸਰਹਿੰਦ ਬੱਸ ਟੀ.ਪੀ,ਟੀ | 03.11.2021 | without Dl and RC | ਚਲਾਨ ਨਹੀਂ ਭਰਿਆ ਗਿਆ ਹੈ | - | ਦਸਤਾਵੇਜ਼ ਕਬਜ਼ੇ ਵਿੱਚ ਲਏ ਗਏ ਹਨ ਅਤੇ ਡਾਟਾ ਬਲਾਕ ਕੀਤਾ ਗਿਆ ਹੈ । |
| 27. | | ਨਿਊ ਫਤਿਹਗੜ੍ਹ ਸਾਹਿਬ ਸਰਹਿੰਦ ਬੱਸ ਟੀ.ਪੀ,ਟੀ | 26.10.2017 | Without route permit and Rc | | - | ਮਾਨਯੋਗ ਅਦਾਲਤ ਸੀ.ਜੀ.ਐਮ., ਮੋਹਾਲੀ ਨੂੰ ਭੇਜ ਦਿੱਤਾ |

| | | | | | | | |
|---|---|---|---|---|---|---|---|
| | | | | | | | ਗਿਆ ਹੈ । |
| 28. | ਆਰ.ਟੀ.ਓ ਲੁਧਿਆਣਾ | ਨਿਊ ਫਤਿਹਗੜ੍ਹ ਸਾਹਿਬ ਸਰਹਿੰਦ ਬੱਸ ਟੀ.ਪੀ,ਟੀ | 28/05/2017 | 1)W/o Time Table Permit,<br>2) Tape player fitted<br>3) without Conductor License | ਹਾਂ ਜੀ | 1700/— | ਜ਼ੁਰਮਾਨਾ ਭਰਨ ਉਪਰੰਤ ਚਲਾਨ ਡਿਸਪੋਜ਼ ਆਫ ਕੀਤਾ ਗਿਆ |
| 29. | | ਨਿਊ ਫਤਿਹਗੜ੍ਹ ਸਾਹਿਬ ਸਰਹਿੰਦ ਬੱਸ ਟੀ.ਪੀ,ਟੀ | 31/05/2017 | 1) W/o Reflector,<br>2) W/o Rc,<br>3) W/o Insurance | ਹਾਂ ਜੀ | 3000/— | ਜ਼ੁਰਮਾਨਾ ਭਰਨ ਉਪਰੰਤ ਚਲਾਨ ਡਿਸਪੋਜ਼ ਆਫ ਕੀਤਾ ਗਿਆ |
| 30. | | ਨਿਊ ਫਤਿਹਗੜ੍ਹ ਸਾਹਿਬ ਸਰਹਿੰਦ ਬੱਸ ਟੀ.ਪੀ,ਟੀ | 09/06/2017 | 1)w/o MV Tax<br>2)Driver w/o uniform | ਨਹੀਂ | | ਗੱਡੀ ਦੇ ਦਸਤਾਵੇਜ਼ ਦਫਤਰ ਵਿੱਚ ਜਮ੍ਹਾਂ ਹਨ। ਗੱਡੀ ਨੂੰ ਬਲੈਕ ਲਿਸਟ ਕਰ ਦਿਤਾ ਗਿਆ ਹੈ। |
| 31. | | ਨਿਊ ਫਤਿਹਗੜ੍ਹ ਸਾਹਿਬ ਸਰਹਿੰਦ ਬੱਸ ਟੀ.ਪੀ,ਟੀ | 18/11/2017 | 1)w/o permit<br>2)w/o special permit | | | ਮਾਨਯੋਗ ਸੀ.ਜੀ.ਐਮ. ਅਦਾਲਤ ਵਿੱਚ ਭੇਜ ਦਿੱਤਾ ਗਿਆ |

| | | | | | | | |
|---|---|---|---|---|---|---|---|
| | | | | | | | ਹੈ। |
| 32. | | ਨਿਊ ਫਤਿਹਗੜ੍ਹ ਸਾਹਿਬ ਸਰਹਿੰਦ ਬੱਸ ਟੀ.ਪੀ,ਟੀ | 03/12/2019 | 1)w/o MV Tax,<br>2)W/o Rc | ਹਾਂ ਜੀ | 3500/— | ਜ਼ੁਰਮਾਨਾ ਭਰਨ ਉਪਰੰਤ ਚਲਾਨ ਡਿਸਪੋਜ਼ ਆਫ ਕੀਤਾ ਗਿਆ |
| 33. | | ਨਿਊ ਫਤਿਹਗੜ੍ਹ ਸਾਹਿਬ ਸਰਹਿੰਦ ਬੱਸ ਟੀ.ਪੀ,ਟੀ | 30/09/2021 | 1)w/o HSRP<br>2)w/o Documents | ਹਾਂ ਜੀ | 8000/— | ਜ਼ੁਰਮਾਨਾ ਭਰਨ ਉਪਰੰਤ ਚਲਾਨ ਡਿਸਪੋਜ਼ ਆਫ ਕੀਤਾ ਗਿਆ |
| 34. | | ਨਿਊ ਫਤਿਹਗੜ੍ਹ ਸਾਹਿਬ ਸਰਹਿੰਦ ਬੱਸ ਟੀ.ਪੀ,ਟੀ | 12/10/2021 | 1)pressure horn fitted<br>2)w/o HSRP | ਨਹੀਂ | | ਗੱਡੀ ਦੇ ਦਸਤਾਵੇਜ਼ ਦਫਤਰ ਵਿੱਚ ਜਮ੍ਹਾਂ ਹਨ। ਗੱਡੀ ਨੂੰ ਬਲੈਕ ਲਿਸਟ ਕਰ ਦਿਤਾ ਗਿਆ ਹੈ। |

ਅ) ਇਨ੍ਹਾਂ ਕੰਪਨੀਆਂ ਦੇ ਰੂਟਾਂ ਦਾ ਗਿਣਤੀ (ਵੇਰਵੇ ਨੱਥੀ ਹਨ) ਹੇਠ ਅਨੁਸਾਰ ਹੈ:

| | |
|---|---|
| | ਰੂਟਾਂ ਦੀ ਗਿਣਤੀ |

| ਸਾਲ | ਫਤਿਹਗੜ੍ਹ ਸਾਹਿਬ ਬੱਸ ਸਰਵਿਸ ਰਜਿ: | ਫਤਿਹਗੜ੍ਹ ਟਰਾਂਸਪੋਰਟ ਕੰਪਨੀ | ਧਾਲੀਵਾਲ ਬੱਸ ਸਰਵਿਸ | ਭਰਪੂਰ ਬੱਸ ਸਰਵਿਸ | ਘੁਮਾਣ ਟਰਾਂਸਪੋਰਟ ਕੰਪਨੀ | ਨਿਊ ਫਤਿਹਗੜ੍ਹ ਸਾਹਿਬ ਬੱਸ ਸਰਵਿਸ |
|---|---|---|---|---|---|---|
| ਜਨਵਰੀ 2019 ਤੋਂ ਫਰਵਰੀ 2022 | 2 | 3 | 3 | 5 | 5 | 20 |
| ਮਾਰਚ 2022 ਤੋਂ ਫਰਵਰੀ 2025 | 3 | 3 | 3 | 5 | 5 | 20 |
| ਮਾਰਚ 2025 | 3 | 3 | 3 | 5 | 5 | 20 |

ਜਨਵਰੀ 2019 ਤੋਂ ਫਰਵਰੀ 2022

1. ਫਤਿਹਗੜ੍ਹ ਸਾਹਿਬ ਬੱਸ ਸਰਵਿਸ ਰਜਿ:

| ਲੜੀ ਨੰਬਰ | ਰੂਟ ਦਾ ਨਾਮ | ਪਰਮਿਟਾਂ ਦੀ ਗਿਣਤੀ |
|---|---|---|
| 1 | ਸੰਗੂਰਰ ਤੋਂ ਸ਼ੇਰਪੁਰ ਰੂਟ | 1 |
| 2 | ਨਾਨਕਸਰ ਤੋਂ ਰੋਪੜ ਵਾਇਆ ਪਟਿਆਲਾ, ਸਰਹਿੰਦ, ਮੋਰਿੰਡਾ ਰੂਟ | 2 |

1. ਫਤਿਹਗੜ੍ਹ ਟਰਾਂਸਪੋਰਟ ਕੰਪਨੀ

| ਲੜੀ ਨੰਬਰ | ਰੂਟ ਦਾ ਨਾਮ | ਪਰਮਿਟਾਂ ਦੀ ਗਿਣਤੀ |
|---|---|---|
| 1 | ਪਟਿਆਲਾ ਤੋਂ ਨੰਗਲ ਵਾਇਆ ਸਰਹਿੰਦ, ਮੋਰਿੰਡਾ, ਰੋਪੜ, ਅਨੰਦਪੁਰ ਸਾਹਿਬ ਰੂਟ | 4 |
| 2 | ਲੁਧਿਆਣਾ ਤੋਂ ਨੰਗਲ ਵਾਇਆ ਮੋਰਿੰਡਾ, ਬੂਰ ਮਾਜਰਾ ਰੂਟ | 1 |
| 3 | ਦੇਵੀਗੜ੍ਹ ਤੋਂ ਬੱਸੀ ਵਾਇਆ ਪਟਿਆਲਾ ਰੂਟ | 1 |

1. ਧਾਲੀਵਾਲ ਬੱਸ ਸਰਵਿਸ

| ਲੜੀ ਨੰਬਰ | ਰੂਟ ਦਾ ਨਾਮ | ਪਰਮਿਟਾਂ ਦੀ ਗਿਣਤੀ |
|---|---|---|
| 1 | ਪਟਿਆਲਾ ਤੋਂ ਬੱਡਬਰ ਵਾਇਆ ਭਵਾਨੀਗੜ੍ਹ, ਸੰਗਰੂਰ ਰੂਟ | 1 |
| 2 | ਪਟਿਆਲਾ ਤੋਂ ਲਹਿਰਾ ਵਾਇਆ ਭਵਾਨੀਗੜ੍ਹ, ਸੁਨਾਮ, ਛਾਜਲੀ, ਸੰਗਤੀਵਾਲਾ, ਭਾਏਕੇ, ਰਾਮਗੜ੍ਹ ਰੂਟ | 1 |
| 3 | ਸੰਗਰੂਰ ਤੋਂ ਅੰਮ੍ਰਿਤਸਰ ਵਾਇਆ ਬਰਨਾਲਾ, ਬਦਨੀ, ਮੋਗਾ, ਤਰਨਤਾਰਨ ਰੂਟ | 2 |

1. ਭਰਪੂਰ ਬੱਸ ਸਰਵਿਸ

| ਲੜੀ ਨੰਬਰ | ਰੂਟ ਦਾ ਨਾਮ | ਪਰਮਿਟਾਂ ਦੀ ਗਿਣਤੀ |
|---|---|---|
| 1 | ਪਟਿਆਲਾ ਤੋਂ ਸੰਗਰੂਰ ਵਾਇਆ ਭਵਾਨੀਗੜ੍ਹ ਰੂਟ | 1 |
| 2 | ਪਟਿਆਲਾ ਤੋਂ ਲਹਿਰਾ ਰੂਟ | 1 |
| 3 | ਦੇਵੀਗੜ੍ਹ ਤੋਂ ਮੋਗਾ ਰੂਟ | 1 |
| 4 | ਪਟਿਆਲਾ ਤੋਂ ਬੱਡਬਰ ਰੂਟ | 1 |
| 5 | ਪਟਿਆਲਾ ਤੋਂ ਨੰਗਲ ਰੂਟ | 1 |

1. ਘੁਮਾਣ ਟਰਾਂਸਪੋਰਟ ਕੰਪਨੀ

| ਲੜੀ ਨੰਬਰ | ਰੂਟ ਦਾ ਨਾਮ | ਪਰਮਿਟਾਂ ਦੀ ਗਿਣਤੀ |
|---|---|---|
| 1 | ਪਟਿਆਲਾ ਤੋਂ ਸੁਨਾਮ ਵਾਇਆ ਭਵਾਨੀਗੜ੍ਹ ਰੂਟ | 3 |
| 2 | ਪਟਿਆਲਾ ਤੋਂ ਕੁਰਾਲੀ ਵਾਇਆ ਸਰਹਿੰਦ, ਚੂਨੀ ਰੂਟ | 1 |
| 3 | ਸੁਨਾਮ ਤੋਂ ਭਵਾਨੀਗੜ੍ਹ ਵਾਇਆ ਸਮਾਣਾ ਰੂਟ | 1 |
| 4 | ਮਾਨਸਾ ਤੋਂ ਨਾਭਾ ਵਾਇਆ ਸੁਨਾਮ ਰੂਟ | 2 |

| | | |
|---|---|---|
| 5 | ਪਟਿਆਲਾ ਤੋਂ ਰੋਪੜ ਵਾਇਆ ਰਾਜਪੁਰਾ, ਬਨੂੜ, ਲਾਡਰਾ, ਮੋਹਾਲੀ ਰੂਟ | 1 |

1. ਨਿਊ ਫਤਿਹਗੜ੍ਹ ਸਾਹਿਬ ਬੱਸ ਸਰਵਿਸ

| ਲੜੀ ਨੰਬਰ | ਰੂਟ ਦਾ ਨਾਮ | ਪਰਮਿਟਾਂ ਦੀ ਗਿਣਤੀ |
|---|---|---|
| 1 | ਪਟਿਆਲਾ ਤੋਂ ਲੁਧਿਆਣਾ ਵਾਇਆ ਸਰਹਿੰਦ ਰੂਟ | 1 |
| 2 | ਪਟਿਆਲਾ ਤੋਂ ਲੁਧਿਆਣਾ ਵਾਇਆ ਭਾਦਸੋਂ ਰੂਟ | 1 |
| 3 | ਲੁਧਿਆਣਾ ਤੋਂ ਅੰਬਾਲਾ ਕੈਂਟ ਵਾਇਆ ਸਾਹਨੇਵਾਲ, ਖੰਨਾ, ਰਾਜਪੁਰਾ ਰੂਟ | 1 |
| 4 | ਪਟਿਆਲਾ ਤੋਂ ਕਪੂਰਥਲਾ ਵਾਇਆ ਗੋਬਿੰਦਗੜ੍ਹ, ਖੰਨਾ, ਦੋਰਾਹਾ, ਲੁਧਿਆਣਾ, ਫਗਵਾੜਾ, ਜਲੰਧਰ ਰੂਟ | 1 |
| 5 | ਲੁਧਿਆਣਾ ਤੋਂ ਰੋਪੜ ਵਾਇਆ ਕੋਹਾੜਾ, ਸਮਰਾਲਾ, ਮੋਰਿੰਡਾ ਰੂਟ | 1 |
| 6 | ਲੁਧਿਆਣਾ ਤੋਂ ਮਾਛੀਵਾੜਾ ਵਾਇਆ ਕੂਮ ਕਲਾਂ ਰੂਟ | 4 |
| 7 | ਲੁਧਿਆਣਾ ਤੋਂ ਘੱਗਰ ਬਰਿਜ ਵਾਇਆ ਦੋਰਾਹਾ, ਖੰਨਾ, ਸਰਿਹੰਦ, ਰਾਜਪੁਰਾ ਰੂਟ | 2 |
| 8 | ਲੁਧਿਆਣਾ ਤੋਂ ਫਿਰੋਜਪੁਰ ਵਾਇਆ ਮੁਲਾਪੁਰ, ਜਗਰਾਓ, ਮੋਗਾ, ਤਲਵੰਡੀ ਭਾਈ ਰੂਟ | 1 |
| 9 | ਲੁਧਿਆਣਾ ਤੋਂ ਮੋਗਾ ਵਾਇਆ ਜਗਰਾਓ ਰੂਟ | 1 |
| 10 | ਖੰਨਾ ਤੋਂ ਰਾਜਪੁਰਾ ਵਾਇਆ ਸਰਹਿੰਦ ਰੂਟ | 1 |
| 11 | ਨੰਗਲ ਤੋਂ ਮੋਗਾ ਵਾਇਆ ਅਨੰਦਪੁਰ ਸਾਹਿਬ, ਰੋਪੜ, ਮੋਰਿੰਡਾ ਰੂਟ | 1 |
| 12 | ਲੁਧਿਆਣਾ ਤੋਂ ਹੈਡੋ ਵਾਇਆ ਕੋਹਾੜਾ ਰੂਟ | 1 |
| 13 | ਮੋਹਾਲੀ ਤੋਂ ਸਮਰਾਲਾ ਵਾਇਆ ਮੋਰਿੰਡਾ ਰੂਟ | 1 |
| 14 | ਲੁਧਿਆਣਾ ਤੋਂ ਘੜੂਆ ਵਾਇਆ ਕੋਹਾੜਾ, ਸਮਰਾਲਾ ਰੂਟ | 1 |
| 15 | ਲੁਧਿਆਣਾ ਤੋਂ ਮੋਹਾਲੀ ਵਾਇਆ ਸਮਰਾਲਾ ਰੂਟ | 5 |
| 16 | ਲੁਧਿਆਣਾ ਤੋਂ ਖੰਨਾ ਵਾਇਆ ਦੋਰਾਹਾ ਰੂਟ | 1 |
| 17 | ਫਿਰੋਜਪੁਰਾ ਤੋਂ ਅੰਬਾਲਾ ਕੈਂਟ ਵਾਇਆ ਜੀਰਾ, ਮੋਗਾ, ਜਗਰਾਓ, ਲੁਧਿਆਣਾ, ਖੰਨਾ, ਸਰਹਿੰਦ, ਰਾਜਪੁਰਾ ਰੂਟ | 1 |
| 18 | ਜਲੰਧਰ ਤੋਂ ਪਟਿਆਲਾ ਵਾਇਆ ਫਗਵਾੜਾ, ਲੁਧਿਆਣਾ, ਸਰਹਿੰਦ ਰੂਟ | 2 |

| | | |
|---|---|---|
| 19 | ਫਰੀਦਕੋਟ ਤੋਂ ਲੁਧਿਆਣਾ ਵਾਇਆ ਤਲਵੰਡੀ ਰੂਟ | 1 |
| 20 | ਅਨੰਦਪੁਰ ਸਾਹਿਬ ਤੋਂ ਫਿਰੋਜਪੁਰ ਵਾਇਆ ਰੋਪੜ, ਕੁਰਾਲੀ, ਮੋਰਿੰਡਾ, ਕੋਹਾੜ, ਲੁਧਿਆਣਾ, ਜਗਰਾਓ ਰੂਟ | 1 |

**ਮਾਰਚ 2022 ਤੋਂ ਫਰਵਰੀ 2025 ਤੱਕ**

1. ਫਤਿਹਗੜ੍ਹ ਸਾਹਿਬ ਬੱਸ ਸਰਵਿਸ ਰਜਿ:

| ਲੜੀ ਨੰਬਰ | ਰੂਟ ਦਾ ਨਾਮ | ਪਰਮਿਟਾਂ ਦੀ ਗਿਣਤੀ |
|---|---|---|
| 1 | ਸੰਗ੍ਰੂਰਰ ਤੋਂ ਸ਼ੇਰਪੁਰ ਰੂਟ | 1 |
| 2 | ਨਾਨਕਸਰ ਤੋਂ ਰੋਪੜ ਵਾਇਆ ਪਟਿਆਲਾ, ਸਰਹਿੰਦ, ਮੋਰਿੰਡਾ ਰੂਟ | 2 |
| 3 | ਪਟਿਆਲਾ ਤੋਂ ਨੰਗਲ ਵਾਇਆ ਸਰਹਿੰਦ, ਮੋਰਿੰਡਾ, ਰੋਪੜ, ਅਨੰਦਪੁਰ ਸਾਹਿਬ ਰੂਟ | 1 |

1. ਫਤਿਹਗੜ੍ਹ ਟਰਾਂਸਪੋਰਟ ਕੰਪਨੀ

| ਲੜੀ ਨੰਬਰ | ਰੂਟ ਦਾ ਨਾਮ | ਪਰਮਿਟਾਂ ਦੀ ਗਿਣਤੀ |
|---|---|---|
| 1 | ਪਟਿਆਲਾ ਤੋਂ ਨੰਗਲ ਵਾਇਆ ਸਰਹਿੰਦ, ਮੋਰਿੰਡਾ, ਰੋਪੜ, ਅਨੰਦਪੁਰ ਸਾਹਿਬ ਰੂਟ | 4 |
| 2 | ਲੁਧਿਆਣਾ ਤੋਂ ਨੰਗਲ ਵਾਇਆ ਮੋਰਿੰਡਾ, ਬੂਰ ਮਾਜਰਾ ਰੂਟ | 1 |
| 3 | ਦੇਵੀਗੜ੍ਹ ਤੋਂ ਬੱਸੀ ਵਾਇਆ ਪਟਿਆਲਾ ਰੂਟ | 1 |

1. ਧਾਲੀਵਾਲ ਬੱਸ ਸਰਵਿਸ

| ਲੜੀ ਨੰਬਰ | ਰੂਟ ਦਾ ਨਾਮ | ਪਰਮਿਟਾਂ ਦੀ ਗਿਣਤੀ |
|---|---|---|
| 1 | ਪਟਿਆਲਾ ਤੋਂ ਬੱਡਬਰ ਵਾਇਆ ਭਵਾਨੀਗੜ੍ਹ, ਸੰਗਰੂਰ ਰੂਟ | 1 |

| | | |
|---|---|---|
| 2 | ਪਟਿਆਲਾ ਤੋਂ ਲਹਿਰਾ ਵਾਇਆ ਭਵਾਨੀਗੜ੍ਹ, ਸੁਨਾਮ, ਛਾਜਲੀ, ਸੰਗਤੀਵਾਲਾ, ਭਾਏਕੇ, ਰਾਮਗੜ੍ਹ ਰੂਟ | 1 |
| 3 | ਸੰਗਰੂਰ ਤੋਂ ਅੰਮ੍ਰਿਤਸਰ ਵਾਇਆ ਬਰਨਾਲਾ, ਬਦਨੀ, ਮੋਗਾ, ਤਰਨਤਾਰਨ ਰੂਟ | 2 |

1. ਭਰਪੂਰ ਬੱਸ ਸਰਵਿਸ

| ਲੜੀ ਨੰਬਰ | ਰੂਟ ਦਾ ਨਾਮ | ਪਰਮਿਟਾਂ ਦੀ ਗਿਣਤੀ |
|---|---|---|
| 1 | ਪਟਿਆਲਾ ਤੋਂ ਸੰਗਰੂਰ ਵਾਇਆ ਭਵਾਨੀਗੜ੍ਹ ਰੂਟ | 1 |
| 2 | ਪਟਿਆਲਾ ਤੋਂ ਲਹਿਰਾ ਰੂਟ | 1 |
| 3 | ਦੇਵੀਗੜ੍ਹ ਤੋਂ ਮੋਗਾ ਰੂਟ | 1 |
| 4 | ਪਟਿਆਲਾ ਤੋਂ ਬੱਡਬਰ ਰੂਟ | 1 |
| 5 | ਪਟਿਆਲਾ ਤੋਂ ਨੰਗਲ ਰੂਟ | 1 |

1. ਘੁਮਾਣ ਟਰਾਂਸਪੋਰਟ ਕੰਪਨੀ

| ਲੜੀ ਨੰਬਰ | ਰੂਟ ਦਾ ਨਾਮ | ਪਰਮਿਟਾਂ ਦੀ ਗਿਣਤੀ |
|---|---|---|
| 1 | ਪਟਿਆਲਾ ਤੋਂ ਸੁਨਾਮ ਵਾਇਆ ਭਵਾਨੀਗੜ੍ਹ ਰੂਟ | 3 |
| 2 | ਪਟਿਆਲਾ ਤੋਂ ਕੁਰਾਲੀ ਵਾਇਆ ਸਰਹਿੰਦ, ਚੂਨੀ ਰੂਟ | 1 |
| 3 | ਸੁਨਾਮ ਤੋਂ ਭਵਾਨੀਗੜ੍ਹ ਵਾਇਆ ਸਮਾਣਾ ਰੂਟ | 1 |
| 4 | ਮਾਨਸਾ ਤੋਂ ਨਾਭਾ ਵਾਇਆ ਸੁਨਾਮ ਰੂਟ | 2 |
| 5 | ਪਟਿਆਲਾ ਤੋਂ ਰੋਪੜ ਵਾਇਆ ਰਾਜਪੁਰਾ, ਬਨੂੜ, ਲਾਡਰਾ, ਮੋਹਾਲੀ ਰੂਟ | 1 |

1. ਨਿਊ ਫਤਿਹਗੜ੍ਹ ਸਾਹਿਬ ਬੱਸ ਸਰਵਿਸ

| ਲੜੀ ਨੰਬਰ | ਰੂਟ ਦਾ ਨਾਮ | ਪਰਮਿਟਾਂ ਦੀ |
|---|---|---|

| | | ਗਿਣਤੀ |
|---|---|---|
| 1 | ਪਟਿਆਲਾ ਤੋਂ ਲੁਧਿਆਣਾ ਵਾਇਆ ਸਰਹਿੰਦ ਰੂਟ | 1 |
| 2 | ਪਟਿਆਲਾ ਤੋਂ ਲੁਧਿਆਣਾ ਵਾਇਆ ਭਾਦਸੋਂ ਰੂਟ | 1 |
| 3 | ਲੁਧਿਆਣਾ ਤੋਂ ਅੰਬਾਲਾ ਕੈਂਟ ਵਾਇਆ ਸਾਹਨੇਵਾਲ, ਖੰਨਾ, ਰਾਜਪੁਰਾ ਰੂਟ | 1 |
| 4 | ਪਟਿਆਲਾ ਤੋਂ ਕਪੂਰਥਲਾ ਵਾਇਆ ਗੋਬਿੰਦਗੜ੍ਹ, ਖੰਨਾ, ਦੋਰਾਹਾ, ਲੁਧਿਆਣਾ, ਫਗਵਾੜਾ, ਜਲੰਧਰ ਰੂਟ | 1 |
| 5 | ਲੁਧਿਆਣਾ ਤੋਂ ਰੋਪੜ ਵਾਇਆ ਕੋਹਾੜਾ, ਸਮਰਾਲਾ, ਮੋਰਿੰਡਾ ਰੂਟ | 1 |
| 6 | ਲੁਧਿਆਣਾ ਤੋਂ ਮਾਛੀਵਾੜਾ ਵਾਇਆ ਕੂਮ ਕਲਾਂ ਰੂਟ | 4 |
| 7 | ਲੁਧਿਆਣਾ ਤੋਂ ਘੱਗਰ ਬਰਿਜ ਵਾਇਆ ਦੋਰਾਹਾ, ਖੰਨਾ, ਸਰਿਹੰਦ, ਰਾਜਪੁਰਾ ਰੂਟ | 2 |
| 8 | ਲੁਧਿਆਣਾ ਤੋਂ ਫਿਰੋਜਪੁਰ ਵਾਇਆ ਮੁਲਾਪੁਰ, ਜਗਰਾਓ, ਮੋਗਾ, ਤਲਵੰਡੀ ਭਾਈ ਰੂਟ | 1 |
| 9 | ਲੁਧਿਆਣਾ ਤੋਂ ਮੋਗਾ ਵਾਇਆ ਜਗਰਾਓ ਰੂਟ | 1 |
| 10 | ਖੰਨਾ ਤੋਂ ਰਾਜਪੁਰਾ ਵਾਇਆ ਸਰਹਿੰਦ ਰੂਟ | 1 |
| 11 | ਨੰਗਲ ਤੋਂ ਮੋਗਾ ਵਾਇਆ ਅਨੰਦਪੁਰ ਸਾਹਿਬ, ਰੋਪੜ, ਮੋਰਿੰਡਾ ਰੂਟ | 1 |
| 12 | ਲੁਧਿਆਣਾ ਤੋਂ ਹੈਡੋ ਵਾਇਆ ਕੋਹਾੜਾ ਰੂਟ | 1 |
| 13 | ਮੋਹਾਲੀ ਤੋਂ ਸਮਰਾਲਾ ਵਾਇਆ ਮੋਰਿੰਡਾ ਰੂਟ | 1 |
| 14 | ਲੁਧਿਆਣਾ ਤੋਂ ਘੜੂਆ ਵਾਇਆ ਕੋਹਾੜਾ, ਸਮਰਾਲਾ ਰੂਟ | 1 |
| 15 | ਲੁਧਿਆਣਾ ਤੋਂ ਮੋਹਾਲੀ ਵਾਇਆ ਸਮਰਾਲਾ ਰੂਟ | 5 |
| 16 | ਲੁਧਿਆਣਾ ਤੋਂ ਖੰਨਾ ਵਾਇਆ ਦੋਰਾਹਾ ਰੂਟ | 1 |
| 17 | ਫਿਰੋਜਪੁਰਾ ਤੋਂ ਅੰਬਾਲਾ ਕੈਂਟ ਵਾਇਆ ਜੀਰਾ, ਮੋਗਾ, ਜਗਰਾਓ, ਲੁਧਿਆਣਾ, ਖੰਨਾ, ਸਰਹਿੰਦ, ਰਾਜਪੁਰਾ ਰੂਟ | 1 |
| 18 | ਜਲੰਧਰ ਤੋਂ ਪਟਿਆਲਾ ਵਾਇਆ ਫਗਵਾੜਾ, ਲੁਧਿਆਣਾ, ਸਰਹਿੰਦ ਰੂਟ | 2 |
| 19 | ਫਰੀਦਕੋਟ ਤੋਂ ਲੁਧਿਆਣਾ ਵਾਇਆ ਤਲਵੰਡੀ ਰੂਟ | 1 |
| 20 | ਅਨੰਦਪੁਰ ਸਾਹਿਬ ਤੋਂ ਫਿਰੋਜਪੁਰ ਵਾਇਆ ਰੋਪੜ, ਕੁਰਾਲੀ, ਮੋਰਿੰਡਾ, ਕੋਹਾੜ, ਲੁਧਿਆਣਾ, ਜਗਰਾਓ ਰੂਟ | 1 |

ਇਥੇ ਇਹ ਦੱਸਿਆ ਜਾਂਦਾ ਹੈ ਕਿ ਫਰਵਰੀ 2025 ਤੋਂ ਹੁਣ ਤੱਕ ਉਪਰੋਕਤ ਰੂਟ ਹੀ ਹਨ।

**1020/Kuldeep kaur/Monika sharma**

**1025/Pawan sharma**

**ਸ਼੍ਰੀਮਤੀ ਨਰਿੰਦਰ ਕੌਰ ਭਰਾਜ**: ਸਪਕੀਰ ਸਾਹਿਬ, ਪਹਿਲਾਂ ਤਾਂ ਮੈਂ ਤੁਹਾਡੇ ਜ਼ਰੀਏ ਸਰਕਾਰ ਦਾ ਅਤੇ ਮੰਤਰੀ ਸਾਹਿਬ ਦਾ ਧੰਨਵਾਦ ਕਰਾਂਗੀ ਕਿ ਜਿਹੜੇ ਪ੍ਰਾਈਵੇਟ ਟਰਾਂਸਪੋਰਟਰ ਸਨ, ਜਿਨ੍ਹਾਂ ਨੂੰ ਕੋਵਿਡ ਕਾਲ ਦੌਰਾਨ ਮਾਰ ਪਈ ਸੀ, ਸਾਡੀ ਸਰਕਾਰ ਨੇ ਉਨ੍ਹਾਂ ਨੂੰ ਇੱਕ ਸਕੀਮ ਤਹਿਤ ਲਾਭ ਦਿੱਤਾ ਹੈ ਅਤੇ ਬਹੁਤ ਸਾਰੇ ਟਰਾਂਸਪੋਰਟਰ ਆਪਣੀ ਗੱਡੀ ਲੀਹ ਤੇ ਲੈ ਆਏ ਹਨ। ਸਰ, ਉਸ ਤੋਂ ਬਾਅਦ ਸਾਡੀ ਸਰਕਾਰ ਨੇ ਕਿਰਾਏ ਵਿੱਚ ਵੀ ਵਾਧਾ ਕੀਤਾ ਹੈ। ਟਰਾਂਸਪੋਰਟਰਾਂ ਨੂੰ 2 ਸਹੂਲਤਾਂ ਦਿੱਤੀਆਂ ਗਈਆਂ ਹਨ। ਸਰ, ਮੇਰੇ ਕੋਲ ਸਾਰਾ ਡਾਟਾ ਆ ਗਿਆ ਹੈ। ਮੇਰਾ ਮੰਤਰੀ ਸਾਹਿਬ ਕੋਲ ਸਵਾਲ ਇੰਨਾ ਕੁ ਹੈ ਕਿ ਜਿਹੜੀ ਫਤਿਹਗੜ੍ਹ, ਨਿਊ ਫਤਿਹਗੜ੍ਹ ਵਿਖੇ ਟਰਾਂਸਪੋਰਟ ਬੱਸਾਂ ਹਨ, ਸਰ ਮੈਂ ਦੇਖ ਰਹੀ ਸੀ ਮੇਰੇ ਕੋਲ ਡਾਟਾ ਦੋ ਤਰ੍ਹਾਂ ਦਾ ਹੈ। ਇੱਕ ਤਾਂ ਇਨ੍ਹਾਂ ਨੇ ਅਜੇ ਤੱਕ ਪੈਂਡਿੰਗ ਚਲਾਨ ਨਹੀਂ ਭਰੇ। ਕੁਝ ਬਹੁਤ ਘੱਟ ਰਕਮ ਵਾਲੇ ਚਲਾਨ ਭਰੇ ਹੋਏ ਹਨ। ਜਿਹੜੀਆਂ ਇਨ੍ਹਾਂ ਦੀਆਂ ਬਿਨਾਂ ਪਰਮਿਟ ਤੋਂ ਬੱਸਾਂ ਚਲੀਆਂ ਸਨ, ਕੀ ਉਨ੍ਹਾਂ ਦੇ ਸਿਰਫ ਪਰਮਿਟ ਕੈਂਸਲ ਕਰਨੇ ਜਾਂ ਦਸਤਾਵੇਜ਼ ਬਲਾਕ ਕਰਨੇ ਹੀ ਕਾਫੀ ਹਨ? ਜਿਨ੍ਹਾਂ ਨੇ ਇਨ੍ਹਾਂ ਰੂਟਾਂ ਤੇ ਬਿਨਾਂ ਪਰਮਿਟ ਬੱਸਾਂ ਚਲਾਈਆਂ ਹਨ, ਕੀ ਉਨ੍ਹਾਂ ਤੇ ਕੋਈ ਫੌਜਦਾਰੀ ਕਾਨੂੰਨੀ ਕਾਰਵਾਈ ਕਰਨੀ ਬਣਦੀ ਹੈ? ਸਰ, ਦੂਸਰਾ ਮੇਰਾ ਸਵਾਲ ਇਹ ਹੈ ਕਿ ਇੰਨੇ ਜੁਰਮਾਨੇ ਪੈਣ ਦੇ ਬਾਵਜੂਦ ਵੀ ਸਾਲ 2019-2022 ਦੌਰਾਨ ਜਾਰੀ ਕੀਤੇ ਗਏ ਪਰਮਿਟਾਂ ਦੀ ਗਿਣਤੀ ਵਿੱਚ ਸਾਲ 2022-25 ਦੌਰਾਨ ਵਾਧਾ ਹੋਇਆ ਹੈ ਜਦੋਂ ਕਿ ਪਿਛਲੇ ਇੰਨਾ ਦੇ ਬਕਾਏ ਵੀ ਖੜ੍ਹੇ ਹਨ ਅਤੇ ਕੋਈ ਕਾਰਵਾਈ ਵੀ ਨਹੀਂ ਹੋਈ। ਇਸ ਦੇ ਬਾਵਜੂਦ ਉਨ੍ਹਾਂ ਦੇ ਰੂਟਾਂ ਵਿੱਚ ਵਾਧਾ ਹੋਇਆ ਹੈ। ਕੀ ਮੰਤਰੀ ਸਾਹਿਬ ਕਿਰਪਾ ਕਰਕੇ ਹਾਊਸ ਵਿੱਚ ਇਹ ਵਿਸ਼ਵਾਸ ਦਿਵਾਉਣਗੇ ਕਿ ਬਿਨਾਂ ਪਰਮਿਟ ਤੋਂ ਜਿਹੜੀਆਂ ਬੱਸਾਂ ਚਲ ਰਹੀਆਂ ਹਨ, ਉਨ੍ਹਾਂ ਦੇ ਉੱਤੇ ਕੋਈ ਕਾਨੂੰਨੀ ਕਾਰਵਾਈ ਹੋਵੇਗੀ। ਮੇਰੇ ਕੋਲ ਡਾਟਾ ਆਇਆ ਹੈ। ਸਰ ਅੱਜ ਵੀ ਇਹ ਟੈਕਸ ਚੋਰੀ ਕਰ ਰਹੀਆਂ ਹਨ। ਮੈਂ ਇਹ ਡਾਟਾ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਵੀ ਦੇ ਦੇਵਾਂਗੀ। ਇਹੋ ਜਿਹੇ ਟਰਾਂਸਪੋਰਟਰਾਂ ਤੇ ਕਾਨੂੰਨੀ ਕਾਰਵਾਈ ਕਰਦੇ ਹੋਏ ਕੀ ਜਿਹੜੇ ਨੌਜਵਾਨ ਬੇਰੁਜ਼ਗਾਰ ਤੁਰੇ ਫਿਰਦੇ ਹਨ, ਨਵੇਂ ਨੌਜਵਾਨਾਂ/ਲੋਕਾਂ ਨੂੰ ਮੌਕਾ ਦਿੱਤਾ ਜਾਵੇਗਾ? ਇਸ ਦਾ ਮੈਨੂੰ ਹਾਊਸ ਵਿੱਚ ਜ਼ਰੂਰ ਵਿਸ਼ਵਾਸ ਦਿਵਾਇਆ ਜਾਵੇ।

**ਮਾਣਯੋਗ ਸਪੀਕਰ**: ਠੀਕ ਹੈ ਬੀਬਾ ਜੀ। ਮੰਤਰੀ ਜੀ।

**ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਜਿਹੜੀ ਮਾਣਯੋਗ ਮੈਂਬਰ ਸਾਹਿਬ ਨੇ ਗੱਲ ਕੀਤੀ ਹੈ, ਜਿਨ੍ਹਾਂ ਦੇ ਚਲਾਨ ਕੀਤੇ ਗਏ ਸਨ, ਤਕਰੀਬਨ ਉਨ੍ਹਾਂ ਸਾਰਿਆਂ ਨੇ ਚਲਾਨ ਭਰ ਦਿੱਤੇ ਹਨ ਤੇ ਕੇਸ ਡਿਸਪੋਜ਼ ਆਫ ਕਰ ਦਿੱਤੇ ਗਏ ਹਨ। ਸਰ, ਪੁਰਾਣੀ ਪਾਲਿਸੀ ਤਹਿਤ ਡਿਪਾਰਟਮੈਂਟ ਜੁਰਮਾਨਾ ਨਹੀਂ ਕਰ ਸਕਦਾ ਸੀ, ਉਹ ਚਲਾਨ ਕੋਰਟ ਭੇਜ ਦਿੱਤੇ ਗਏ ਸਨ। ਉਨ੍ਹਾਂ ਚਲਾਨਾਂ ਦੇ ਵੇਰਵੇ, ਜਿਹੜੇ ਭਰਨ ਵਾਲੇ ਰਹਿੰਦੇ ਹਨ, ਵੀ ਮਾਣਯੋਗ ਕੋਰਟ ਤੋਂ ਲੇ ਕੇ ਇਨ੍ਹਾਂ ਨੂੰ ਭੇਜ ਦਿੱਤੇ ਜਾਣਗੇ। ਜਿਹੜੀ ਮਾਣਯੋਗ ਮੈਂਬਰ ਸਾਹਿਬ ਨੇ ਗੱਲ ਕੀਤੀ ਹੈ ਕਿ ਨਜਾਇਜ਼ ਬੱਸਾਂ ਚਲਦੀਆਂ ਹਨ, ਉਹ ਪੁਰਾਣੀਆਂ ਸਰਕਾਰਾਂ ਦੇ ਸਮੇਂ ਦੌਰਾਨ ਹੁੰਦਾ ਸੀ ਕਿ ਇੱਕ ਨੰਬਰ ਪਲੇਟ ਤੇ 3-3 ਜਾਂ 4-4 ਬੱਸਾਂ ਚਲਦੀਆਂ ਸਨ ਪਰ ਜਦੋਂ ਦੀ

ਸਰਦਾਰ ਭਗਵੰਤ ਮਾਨ ਜੀ ਦੀ ਸਰਕਾਰ ਬਣੀ ਹੈ, ਉਹ ਬੱਸਾਂ ਸਾਰੀਆਂ ਬੰਦ ਕਰਵਾ ਦਿੱਤੀਆਂ ਗਈਆਂ ਹਨ, ਚਲਾਨ ਕਰ ਦਿੱਤੇ ਗਏ ਹਨ। ਹੁਣ ਕੋਈ ਗਲਤ ਬੱਸ ਨਹੀਂ ਚਲ ਰਹੀ। ਜਿਨ੍ਹਾਂ ਦੇ ਪਰਮਿਟ ਲੀਗਲ ਹਨ, ਉਹ ਹੀ ਬੱਸਾਂ ਚਲ ਰਹੀਆਂ ਹਨ। ਜੇਕਰ ਕੋਈ ਨਜਾਇਜ਼ ਬੱਸਾਂ ਚਲ ਰਹੀਆਂ ਹਨ ਜਾਂ ਸ਼ਿਕਾਇਤ ਮਿਲਣ ਤੇ ਸਮੇਂ ਸਮੇਂ ਸਿਰ ਕਾਰਵਾਈ ਕੀਤੀ ਜਾਂਦੀ ਹੈ। ਜੇਕਰ ਕੋਈ ਮੈਂਬਰ ਸਾਹਿਬ ਪਾਸ ਜਾਣਕਾਰੀ ਹੈ ਕਿ ਕੋਈ ਬੱਸ ਨਜਾਇਜ਼ ਰੂਟ ਤੇ ਚਲਦੀ ਹੈ ਤਾਂ ਸਾਨੂੰ ਜਾਣਕਾਰੀ ਦੇਣ, ਹੁਣੇ ਹੀ ਅੱਧੇ ਘੰਟੇ ਦੇ ਵਿੱਚ ਵਿੱਚ ਆਰ.ਟੀ.ਏ. ਵੱਲੋਂ ਮੌਕੇ ਤੇ ਜਾ ਕੇ ਬੱਸਾਂ ਇੰਪਾਉਂਡ ਕਰ ਦਿੱਤੀਆਂ ਜਾਣਗੀਆਂ।

**ਮਾਣਯੋਗ ਸਪੀਕਰ**: ਥੈਂਕ ਯੂ, ਠੀਕ ਹੈ ਬੀਬਾ ਜੀ ਤੁਹਾਡਾ ਜਵਾਬ ਆ ਗਿਆ ਹੈ। ਤੁਸੀਂ ਕੁਝ ਬੋਲਣਾ ਹੈ।

**ਸ੍ਰੀਮਤੀ ਨਰਿੰਦਰ ਕੌਰ ਭਰਾਜ**: ਧੰਨਵਾਦ ਮੰਤਰੀ ਸਾਹਿਬ, ਮੈਂ ਤੁਹਾਨੂੰ ਹੁਣੇ ਹੀ ਡਾਟਾ ਪ੍ਰੋਵਾਈਡ ਕਰਵਾ ਦਿੰਦੀ ਹਾਂ, ਬੇਨਤੀ ਕਰਕੇ ਉਨ੍ਹਾਂ ਤੇ ਕਾਰਵਾਈ ਕਰਵਾ ਦਿਆਂਗੇ।

---

**ਜੀ.ਐਨ.ਡੀ.ਯੂ. ਅੰਮ੍ਰਿਤਸਰ ਦੇ ਅਕਾਦਮਿਕ ਮਿਆਰਾਂ ਨੂੰ ਅੱਪਗ੍ਰੇਡ ਕਰਨਾ**

***1520. ਕੁੰਵਰ ਵਿਜੈ ਪ੍ਰਤਾਪ ਸਿੰਘ**: ਕੀ ਉਚੇਰੀ ਸਿਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

(ੳ) ਕੀ ਜੀ.ਐਨ.ਡੀ.ਯੂ. ਅੰਮ੍ਰਿਤਸਰ ਦੇ ਅਕਾਦਮਿਕ ਮਿਆਰਾਂ ਨੂੰ ਅੱਪਗ੍ਰੇਡ ਕਰਨ ਦੀ ਕੋਈ ਯੋਜਨਾ ਹੈ; ਜੇਕਰ ਹਾਂ ਤਾਂ ਵੇਰਵੇ ਸਹਿਤ ਦੱਸਿਆ ਜਾਵੇ;

(ਅ) ਰੈਗੂਲਰ ਅਧਿਆਪਕਾਂ ਦੇ ਨਾਲ-ਨਾਲ ਐਡਹਾਕ ਠੇਕਾ ਅਧਾਰਿਤ ਅਧਿਆਪਕਾਂ ਦੀ ਵਿਭਾਗ-ਵਾਰ ਕੀਤੀ ਵੰਡ ਦੇ ਵੇਰਵੇ ਕੀ ਹਨ;

(ੲ) ਕੀ ਅੰਮ੍ਰਿਤਸਰ ਵਿਖੇ ਜੀ.ਐਨ.ਡੀ.ਯੂ. ਦੇ ਮੁੱਖ ਕੈਂਪਸ ਵਿੱਚ ਭੂਗੋਲ ਅਤੇ ਭੂ-ਵਿਗਿਆਨ ਨੂੰ ਇੱਕ ਵਿਸ਼ੇ ਵੱਜੋਂ ਸ਼ੁਰੂ ਕਰਨ ਦੀ ਕੋਈ ਯੌਜਨਾ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਹਰਜੋਤ ਸਿੰਘ ਬੈਂਸ:** ਸ੍ਰੀਮਾਨ ਜੀ,

(ੳ) ਹਾਂ ਜੀ, ਗੁਰੂ ਨਾਨਕ ਦੇਵ ਯੂਨੀਵਰਸਿਟੀ 2025-26 ਸੈਸ਼ਨ ਤੋਂ ਆਪਣੇ ਅਕਾਦਮਿਕ ਮਿਆਰ ਨੂੰ ਅਪਗ੍ਰੇਡ ਕਰ ਰਹੀ ਹੈ। ਯੂਨੀਵਰਸਿਟੀ 50 ਹੁਨਰ-ਅਧਾਰਿਤ ਕੋਰਸ, ਵਿਦੇਸ਼ੀ ਉਚੇਰੀ ਵਿਦਿਅਕ ਸੰਸਥਾਵਾਂ ਨਾਲ ਦੋਹਰੀ ਡਿਗਰੀ ਪ੍ਰੋਗਰਾਮ ਅਤੇ ਇਕ ਇਥਿਕਲ ਏ.ਆਈ. ਕੇਂਦਰ ਸ਼ੁਰੂ ਕਰੇਗੀ। ਪਾਠਕ੍ਰਮ ਨੈਸ਼ਨਲ ਐਜੂਕੇਸ਼ਨ ਪਾਲਿਸੀ 2020 ਅਨੁਸਾਰ ਪੁਨਰ-ਡਿਜ਼ਾਈਨ ਕੀਤਾ ਜਾਵੇਗਾ, ਜਿਸ ਵਿੱਚ ਅੰਤਰ-ਅਨੁਸ਼ਾਸਨਾਤਮਕ ਦ੍ਰਿਸ਼ਟੀਕੋਣ, ਅਕਾਦਮਿਕ

ਬੈਂਕ ਆਫ਼ ਕਰੈਡਿਟਸ ਅਤੇ ਮਲਟੀ-ਐਂਟਰੀ ਮਲਟੀ-ਐਗਜ਼ਿਟ ਪ੍ਰੋਗਰਾਮ ਸ਼ਾਮਲ ਹੋਣਗੇ। ਗੁਣਵੱਤਾ ਨਿਯੰਤਰਣ ਨੂੰ ਇੰਟਰਨਲ ਕੁਆਲਿਟੀ ਅਸ਼ੋਰੈਂਸ ਸੈੱਲ ਰਾਹੀਂ ਯਕੀਨੀ ਬਣਾਇਆ ਜਾਵੇਗਾ । ਯੂਨੀਵਰਸਿਟੀ ਵਿੱਖੇ ਰਿਸਰਚ, ਉਦਯੋਗਕ ਸਿਖਲਾਈ, ਨਵੇਂ ਸਟਾਰਟ-ਅੱਪਸ ਅਤੇ ਅਧਿਆਪਕਾਂ ਨੂੰ ਬੋਧਿਕ ਸੰਪੱਤੀ ਅਧਿਕਾਰ (IPR) ਵੱਲ ਉਤਸਾਹਤ ਕੀਤਾ ਜਾਵੇਗਾ।

(ਅ) ਰੈਗੂਲਰ ਅਧਿਆਪਕਾਂ ਦੇ ਨਾਲ-ਨਾਲ ਐਡਹਾਕ/ਠੇਕੇ ਦੇ ਅਧਾਰ ਤੇ ਅਧਿਆਪਕਾਂ ਦੇ ਵਿਭਾਗ ਅਨੁਸਾਰ ਵੇਰਵੇ ਅਨੁਲੱਗ-ਏ ਤੇ ਨੱਥੀ ਕੀਤੇ ਗਏ ਹਨ।

(ੲ) ਨਹੀਂ ਜੀ, ਇਸ ਵੇਲੇ ਸਰਕਾਰ ਵੱਲੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਮੁੱਖ ਕੈਂਪਸ ਵਿੱਚ ਭੂਗੋਲ ਅਤੇ ਭੂਵਿਗਿਆਨ ਵਿਸ਼ਿਆਂ ਨੂੰ ਸ਼ਾਮਲ ਕਰਨ ਦੀ ਕੋਈ ਯੋਜਨਾ ਵਿਚਾਰ ਅਧੀਨ ਨਹੀਂ ਹੈ।

**ਅਨੁਲੱਗ-ਏ**

ਵਿਭਾਗ ਵਾਰ ਰੈਗੂਲਰ ਅਧਿਆਪਕਾਂ ਅਤੇ ਐਡਹਾਕ/ਠੇਕੇ ਦੇ ਆਧਾਰ ਵੰਡ ਹੇਠ ਅਨੁਸਾਰ ਹੈ:-

| ਲੜੀ ਨੰ: | ਵਿਭਾਗ ਦਾ ਨਾਂ | ਰੈਗੂਲਰ | ਠੇਕੇ ਦੇ ਆਧਾਰ ਤੇ | ਪਾਰਟ ਟਾਇਮ |
|---|---|---|---|---|
| 1. | ਐਗਰੀਕਲਚਰ | 3 | 6 | 7 |
| 2. | ਐਪਰੈਲ ਅਤੇ ਟੈਕਸਟਾਇਲ ਟੈਕਨਾਲੋਜੀ | 3 | 1 | 3 |
| 3. | ਆਰਕੀਟੈਕਚਰ | 12 | 4 | 6 |
| 4. | ਬਾਇਓ ਟੈਕਨਾਲੋਜੀ | 4 | 0 | 1 |
| 5. | ਬਾਟਨੀਕਲ ਅਤੇ ਵਾਤਾਵਰਣ ਸਾਇੰਸ | 8 | 3 | 1 |
| 6. | ਕੈਮਿਸਟਰੀ | 14 | 5 | 1 |
| 7. | ਸਿਵਲ ਇੰਜਿਨਿਅਰਿੰਗ | 2 | 2 | 2 |
| 8. | ਕੰਪਿਊਟੇਸ਼ਨਲ ਸਟੈਟਿਸਟਿਕਸ ਅਤੇ ਡੇਟਾ ਵਿਸ਼ਲੇਸ਼ਣ | 0 | 0 | 4 |
| 9. | ਕੰਪਿਊਟਰ ਇੰਜੀਨਿਅਰਿੰਗ ਅਤੇ ਟੈਕਨਾਲੋਜੀ | 14 | 8 | 2 |
| 10. | ਕੰਪਿਊਟਰ ਸਾਇੰਸ | 6 | 8 | 14 |
| 11. | ਐਜੂਕੇਸ਼ਨ | 7 | 17 | 1 |
| 12. | ਇਲੈਕਟੋਨਿਕਸ ਟੈਕਨਾਲੋਜੀ | 16 | 0 | 0 |
| 13. | ਇੰਗਲਿਸ਼ | 4 | 7 | 0 |
| 14. | ਫੂਡ ਸਾਇੰਸ ਅਤੇ ਟੈਕਨਾਲੋਜੀ | 8 | 0 | 0 |

| | | | | |
|---|---|---|---|---|
| 15. | ਵਿਦੇਸ਼ੀ ਭਾਸ਼ਾਵਾਂ | 1 | 0 | 3 |
| 16. | ਜੀ.ਆਰ.ਡੀ ਸਕੂਲ ਆਫ ਪਲਾਨਿੰਗ | 10 | 2 | 1 |
| 17. | ਗੁਰੂ ਨਾਨਕ ਸਟੱਡੀਜ਼ | 3 | 0 | 0 |
| 18. | ਹਿੰਦੀ | 2 | 0 | 2 |
| 19. | ਇਤਿਹਾਸ | 3 | 1 | 1 |
| 20. | ਹੋਟਲ ਮੈਨੇਜਮੈਂਟ ਐਂਡ ਟੂਰਿਜ਼ਮ | 3 | 8 | 1 |
| 21. | ਮਨੁੱਖੀ ਜੈਨੇਟਿਕਜ਼ | 6 | 1 | 1 |
| 22. | ਲਾਅ | 11 | 12 | 6 |
| 23. | ਲਾਇਬ੍ਰੇਰੀ ਅਤੇ ਇਨਫਾਰਮੇਸ਼ਨ ਸਾਇੰਸ | 2 | 0 | 1 |
| 24. | ਮਾਸ ਕਮਿਊਨੀਕੇਸ਼ਨ | 3 | 4 | 0 |
| 25. | ਮੈਥ | 8 | 3 | 2 |
| 26. | ਮਕੈਨਿਕਲ ਇੰਜੀਨਿਅਰਿੰਗ | 1 | 4 | 3 |
| 27. | ਮਾਇਕ੍ਰੋ ਬਾਇਓਲੋਜੀ | 4 | 3 | 1 |
| 28. | ਮੋਲੀਕਿਊਲ ਬਾਇਓਲੋਜੀ ਅਤੇ ਬਾਇਓ ਕੈਮੀਕਲ | 4 | 0 | 0 |
| 29. | ਸੰਗੀਤ | 1 | 1 | 6 |
| 30. | MYAS GNDU ਸਪੋਰਟਸ ਮੈਡੀਸਿਨ ਅਤੇ ਸਾਇੰਸ | 7 | 1 | 1 |
| 31. | ਫਾਰਮਾਸਿਊਟੀਕਲ ਸਾਇੰਸ | 8 | 6 | 0 |
| 32. | ਸ਼ਰੀਰਿਕ ਸਿੱਖਿਆ | 4 | 9 | 10 |
| 33. | ਫਿਜੀਕਸ | 11 | 1 | 6 |
| 34. | ਫਿਜਿਓਥੈਰੇਪੀ | 3 | 4 | 5 |
| 35. | ਪੋਲੀਟੀਕਲ ਸਾਇੰਸ | 3 | 2 | 0 |
| 36. | ਮਨੋਵਿਗਿਆਨ | 2 | 2 | 0 |
| 37. | ਪੰਜਾਬ ਸਕੂਲ ਆਫ ਇਕਨਾਮਿਕਸ | 3 | 3 | 4 |
| 38. | ਸੰਸਕ੍ਰਿਤ | 1 | 0 | 2 |
| 39. | ਸਕੂਲ ਆਫ ਪੰਜਾਬੀ ਸਟੱਡੀਜ਼ | 5 | 8 | 5 |
| 40. | ਸਕੂਲ ਆਫ ਸੋਸ਼ਲ ਸਾਇੰਸ | 3 | 8 | 3 |
| 41. | ਸਮਾਜ ਸਾਸ਼ਤਰ | 4 | 1 | 1 |

| | | | | |
|---|---|---|---|---|
| 42. | ਯੂਨੀਵਰਸਿਟੀ ਬਿਜਨਸ ਸਕੂਲ | 10 | 15 | 6 |
| 43. | ਯੂਨੀਵਰਸਿਟੀ ਸਕੂਲ ਆਫ਼ ਫਾਈਨੈਂਸ਼ੀਅਲ ਸਟੱਡੀਜ਼ | 9 | 26 | 0 |
| 44. | ਉਰਦੂ ਫਾਰਸੀ | 1 | 0 | 0 |
| 45. | ਜੀਵ ਵਿਗਿਆਨ | 4 | 2 | 1 |

ਸਰ, ਇਸ ਸਾਲ ਦੇ ਬਜਟ ਵਿੱਚ ਇਸ ਸਰਕਾਰ ਨੇ highest ever allocation to the Higher Educational Institutes ਲਈ 1650 ਕਰੋੜ ਰੁਪਏ earmark ਕੀਤਾ ਹੈ। ਸਰ ਯੂਨੀਵਰਸਿਟੀਆਂ ਕਿਵੇਂ ਬਣਦੀਆਂ ਹਨ, ਜੇਕਰ ਉੱਥੇ ਰਿਸਰਚ ਹੋਣ, ਉਹ ਸਾਰਾ ਖਤਮ ਹੀ ਹੋ ਗਿਆ ਸੀ। ਹੁਣ ਇੰਨੀ ਵੱਡੀ ਰਕਮ ਐਲੋਕੇਟ ਕੀਤੀ ਗਈ ਹੈ, ਅਸੀਂ ਆਪਣੀਆਂ ਯੂਨੀਵਰਸਿਟੀਆਂ ਨੂੰ ਡਿਗਰੀਆਂ ਵੰਡਣ ਤੱਕ ਹੀ ਸੀਮਤ ਨਾ ਰੱਖੀਏ। ਉਥੇ ਰਿਸਰਚ ਉੱਤੇ, ਆਈ.ਪੀ.ਆਰ ਉੱਤੇ, ਏ.ਆਈ ਉੱਤੇ we are setting up AI ethical lab in GNDU. ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਪਿਛਲੇ 2-3 ਸਾਲਾਂ ਦੀ ਮਿਹਨਤ ਰੰਗ ਲੈ ਕੇ ਆਈ ਹੈ। ਅੱਜ ਦੀ ਡੇਟ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਇਸ ਦੇਸ਼ ਦੀ No. 1 ranked university among government universities.(Thumping) NAAC creditation ਵਿੱਚ A++ ਇਲੀਟ ਕੈਟਾਗਰੀ ਰੈਂਕ ਹੈ। ਸਰ, ਮੈਂ ਹਾਊਸ ਨੂੰ ਇਹ ਵੀ ਜਾਣਕਾਰੀ ਦੇਣਾ ਚਾਹੁੰਦਾ ਹਾਂ ਕਿ ਇਸ ਅਕਾਦਮਿਕ ਸੈਸ਼ਨ ਤੋਂ we are focusing a lot on skill, ਚਾਹੇ ਆਈਟੀਆਈਜ਼ ਹੋਣ, ਚਾਹੇ ਹਾਇਰ ਐਜੂਕੇਸ਼ਨ ਇੰਸਟੀਚਿਊਟਸ ਹੋਣ, ਉਹ ਸਿਰਫ ਡਿਗਰੀਆਂ ਦੇਣ ਤੱਕ ਸੀਮਤ ਰਹਿ ਗਏ। ਅਸੀਂ ਚਾਹੁੰਦੇ ਹਾਂ ਕਿ ਸਾਡਾ ਬੱਚਾ ਸਕੂਲਾਂ ਵਿੱਚ ਹੁਨਰ ਸਿੱਖੇ, ਇਸ ਵਾਸਤੇ 40 ਹੁਨਰ ਸਿੱਖਿਆ ਸਕੂਲ ਸ਼ੁਰੂ ਕਰ ਰਹੇ` ਹਾਂ। ਬੱਚਾ 9ਵੀਂ ਵਿੱਚ ਇਸ ਸਕੂਲ ਵਿੱਚ ਆਵੇ, 10ਵੀਂ ਪਾਸ ਕਰਨ ਤੋਂ ਬਾਅਦ ਸਰਟੀਫਿਕੇਟ ਦੇ ਨਾਲ ਉਸ ਨੂੰ ਸਕਿੱਲ ਦਾ ਸਰਟੀਫਿਕੇਟ ਵੀ ਮਿਲੇਗਾ। 12ਵੀਂ ਪਾਸ ਕਰਨ ਤੋਂ ਬਾਅਦ ਵੀ ਸਕਿੱਲ ਦਾ ਸਰਟੀਫਿਕੇਟ ਮਿਲੇਗਾ, ਜਿਸ ਵਿੱਚ ਹੈਲਥ ਕੇਅਰ ਵਰਕਰ, ਬਿਊਟੀਸ਼ੀਅਨ, ਅਕਾਊਂਟੈਂਟ ਦਾ ਸਕਿੱਲ ਸ਼ਾਮਲ ਹੈ। ਜੇਕਰ ਉਹ 12ਵੀਂ ਤੋਂ ਬਾਅਦ ਨੌਕਰੀ ਕਰਨਾ ਚਾਹੁੰਦਾ ਹੈ ਤਾਂ ਉਸ ਨੂੰ ਚੰਗੀ ਤਨਖਾਹ ਮਿਲੇ। In one of our universities, Maharaja Ranjit Singh Technical University Bathinda, ਅਸੀਂ ਦੇਸ਼ ਦਾ ਪਹਿਲਾ ਇੰਜੀਨੀਅਰਿੰਗ ਸਬੰਧੀ ਕੋਰਸ ਲੈ ਕੇ ਆ ਰਹੇ ਹਾਂ, ਜਿਸ ਵਿੱਚ 80% ਕੋਰਸ ਇੰਡਸਟਰੀ ਵਿੱਚ ਹੋਵੇਗਾ। ਇਹ ਸਾਰਿਆਂ ਲਈ ਓਪਨ ਹੈ। ਕੋਈ ਵੀ ਇੰਡਸਟਰੀ ਸਾਡੀ ਯੂਨੀਵਰਸਿਟੀ ਨਾਲ ਟਾਈ ਅੱਪ ਕਰੇ, ਉਹ ਆਪਣੀ ਇੰਡਸਟਰੀ ਵਿੱਚ ਕਲਾਸ ਰੂਮ ਬਣਾਏਗਾ, ਫੈਕਲਿਟੀ ਰੂਮ ਬਣਾਏਗਾ, ਜਿਵੇਂ ਐਮਬੀਬੀਐਸ ਦਾ ਸਟੂਡੈਂਟ ਹੁੰਦਾ ਹੈ। ਉਹ ਸਵੇਰੇ ਦੋ ਘੰਟੇ ਲੈਕਚਰ ਲਗਾਉਂਦਾ ਹੈ ਅਤੇ 10 ਘੰਟੇ ਹਸਪਤਾਲ ਵਿੱਚ ਪੇਸ਼ੈਂਟਸ ਨੂੰ ਟ੍ਰੀਟ ਕਰਦਾ ਹੈ। ਇੰਜੀਨੀਅਰਾਂ ਨੂੰ ਅਸੀਂ ਉਸੇ ਤਰੀਕੇ ਨਾਲ ਸਿਖਾਵਾਂਗੇ ਕਿਉਂਕਿ ਇੰਡਸਟਰੀ ਦੀ ਸਭ ਤੋਂ ਵੱਡੀ ਸ਼ਿਕਾਇਤ ਹੈ ਕਿ ਜਦੋਂ ਅਸੀਂ ਰਿਕਰੂਟ ਕਰਦੇ ਹਾਂ ਤਾਂ ਉਨ੍ਹਾਂ ਕੋਲ ਸਰਟੀਫਿਕੇਟ ਤਾਂ ਹੁੰਦਾ ਹੈ ਪਰ ਪ੍ਰੈਕਟੀਕਲ ਨਾਲਿਜ ਨਹੀਂ ਹੁੰਦੀ। ਸੋ, ਨਿਊ ਏਜ ਕੋਰਸਿਜ਼ ਦੇ ਨਾਲ ਅਸੀਂ ਇਸ ਸਾਲ ਤੋਂ ਸ਼ੁਰੂ ਕਰ ਰਹੇ ਹਾਂ। ਇਸ ਵਾਸਤੇ ਇੰਡਸਟਰੀ ਵੀ ਬਹੁਤ ਐਕਸਾਈਟਿਡ ਹੈ।

**1025/Pawan sharma/Monika sharma**

**1030/Beant kaur**

**ਕੁੰਵਰ ਵਿਜੈ ਪ੍ਰਤਾਪ ਸਿੰਘ** : ਮਾਣਯੋਗ ਸਪੀਕਰ ਸਾਹਿਬ, ਮੰਤਰੀ ਸਾਹਿਬ ਦਾ ਬਹੁਤ ਬਹੁਤ ਧੰਨਵਾਦ। ਇਨ੍ਹਾਂ ਨੇ ਬਹੁਤ ਇਲੈਬੋਰੇਟ ਆਂਸਰ ਦਿੱਤਾ ਹੈ। ਬੀ ਪਾਰਟ ਸਬੰਧੀ ਵੀ ਇਨ੍ਹਾਂ ਨੇ ਸਾਰਣੀ ਟੇਬਲ ਬਣਾ ਕੇ ਦਿੱਤਾ ਹੈ, ਇਸ ਵਾਸਤੇ ਮਾਣਯੋਗ ਮੰਤਰੀ ਸਾਹਿਬ ਦਾ ਬਹੁਤ ਬਹੁਤ ਧੰਨਵਾਦ। ਮਾਣਯੋਗ ਸਪੀਕਰ ਸਾਹਿਬ, ਮੈਂ ਗਰਾਊਂਡ ਰਿਐਲਟੀ ਦੱਸਣਾ ਚਾਹੁੰਦਾ ਹਾਂ, ਜੋ ਕਿ ਇਸ ਡਾਟਾ ਵਿੱਚ ਹੀ ਹੈ। ਯੂਨੀਵਰਸਿਟੀ ਸਕੂਲ ਆਫ ਫਾਈਨਾਂਸ਼ੀਅਲ ਸਟੱਡੀਜ਼ ਵਿੱਚ ਸਿਰਫ 9 ਰੈਗੂਲਰ ਟੀਚਰ ਹਨ ਅਤੇ 26 ਕੰਟ੍ਰੈਕਚੁਅਲ ਜਾਂ ਪਾਰਟ ਟਾਈਮ ਟੀਚਰ ਹਨ। ਮਾਂ ਬੋਲੀ ਪੰਜਾਬੀ ਵਾਸਤੇ ਸਿਰਫ 3 ਰੈਗੂਲਰ ਟੀਚਰ ਅਤੇ 7 ਪਾਰਟ ਟਾਈਮ ਜਾਂ ਕੰਟ੍ਰੈਕਚੁਅਲ ਟੀਚਰ ਹਨ। ਇੰਗਲਿਸ਼ ਵਿੱਚ ਵੀ ਉਹੀ ਹਾਲ ਹੈ, 4 ਰੈਗੂਲਰ ਹਨ ਅਤੇ 7 ਕੰਟ੍ਰੈਕਚੁਅਲ ਟੀਚਰ ਹਨ। ਕੰਪਿਊਟਰ ਸਾਇੰਸ, ਜੋ ਕਿ ਬਹੁਤ ਹੀ ਇਮਰਜਿੰਗ ਫੀਲਡ ਹੈ, ਇੱਥੇ ਸਿਰਫ 6 ਰੈਗੂਲਰ ਟੀਚਰ ਹਨ ਅਤੇ 14+8 ਕੁੱਲ 22 ਪਾਰਟ ਟਾਈਮ ਜਾਂ ਕੰਟ੍ਰੈਕਚੁਅਲ ਟੀਚਰ ਹਨ। ਮੇਰਾ ਕਹਿਣ ਦਾ ਮਤਲਬ ਹੈ ਕਿ ਸਾਰੇ ਡਿਪਾਰਟਮੈਂਟਾਂ ਵਿੱਚ ਰੈਗੂਲਰ ਟੀਚਰਾਂ ਦੀ ਘਾਟ ਹੈ ਅਤੇ ਜਿਹੜੇ ਕੰਟ੍ਰੈਕਚੁਅਲ ਅਤੇ ਪਾਰਟ ਟਾਈਮ ਟੀਚਰ ਹਨ, ਉਨ੍ਹਾਂ ਦੀ ਤਨਖਾਹ ਵੀ ਬੜੀ ਘੱਟ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਉਨ੍ਹਾਂ ਦੀ ਹਾਲਤ ਬਹੁਤ ਖਰਾਬ ਹੈ। ਦੂਜੀ ਗੱਲ, ਬਹੁਤ ਸਾਰੇ ਡਿਪਾਰਟਮੈਂਟ ਇਸ ਤਰ੍ਹਾਂ ਦੇ ਹਨ, ਜਿੱਥੇ ਰੈਗੂਲਰ ਹੈੱਡ ਆਫ ਡਿਪਾਰਟਮੈਂਟ ਨਹੀਂ ਹੈ।

**ਮਾਣਯੋਗ ਸਪੀਕਰ** : ਕੁੰਵਰ ਜੀ, ਸਵਾਲ ਪੁੱਛੋ ਜੀ।

**ਕੁੰਵਰ ਵਿਜੈ ਪ੍ਰਤਾਪ ਸਿੰਘ** : ਇੱਕ ਮਿੰਟ ਜੀ, ਮੈਂ ਇਨ੍ਹਾਂ ਦੇ ਆਂਸਰ ਵਿਚੋਂ ਹੀ ਦੱਸ ਰਿਹਾ ਹਾਂ।

**ਮਾਣਯੋਗ ਸਪੀਕਰ** : ਫੇਰ ਸਿਰਫ ਤੁਹਾਡਾ ਹੀ ਸਵਾਲ ਲੱਗੇਗਾ। ਨਹੀਂ ਜੀ, ਤੁਹਾਨੂੰ ਜੋ ਚਾਹੀਦਾ ਹੈ, ਮੰਗੋ, ਤੁਹਾਨੂੰ ਜਵਾਬ ਰਿਟਨ ਵਿੱਚ ਆ ਜਾਵੇਗਾ। ਪਲੀਜ਼।

**ਕੁੰਵਰ ਵਿਜੈ ਪ੍ਰਤਾਪ ਸਿੰਘ** : ਹਾਂ ਜੀ, ਹਿੰਦੀ ਡਿਪਾਰਟਮੈਂਟ ਵਾਲਾ ਫਰੈਂਚ ਡਿਪਾਰਟਮੈਂਟ ਨੂੰ ਹੈੱਡ ਕਰ ਰਿਹਾ ਹੈ।

**ਮਾਣਯੋਗ ਸਪੀਕਰ** : ਤੁਸੀਂ ਸਵਾਲ ਕਰੋ।

**ਕੁੰਵਰ ਵਿਜੇ ਪ੍ਰਤਾਪ ਸਿੰਘ** : ਮੈਂ ਸਵਾਲ ਹੀ ਕਰ ਰਿਹਾ ਹਾਂ।

**ਮਾਣਯੋਗ ਸਪੀਕਰ** : ਇਹ ਤਾਂ ਭਾਸ਼ਣ ਹੈ।

**ਕੁੰਵਰ ਵਿਜੇ ਪ੍ਰਤਾਪ ਸਿੰਘ** : ਮੇਰਾ ਸਵਾਲ ਹੈ ਕਿ ਕੀ ਮੰਤਰੀ ਸਾਹਿਬ ਰੈਗੂਲਰ ਹੈੱਡ ਆਫ ਡਿਪਾਰਟਮੈਂਟ ਦੀ ਨਿਯੁਕਤੀ ਸਾਰੇ ਡਿਪਾਰਟਮੈਂਟਾਂ ਵਿੱਚ ਕਰਨਗੇ, ਜਿਵੇਂ ਸ਼ੋਸ਼ਿਓਲਜੀ ਡਿਪਾਰਟਮੈਂਟ, ਫਰੈਂਚ ਡਿਪਾਰਟਮੈਂਟ, ਸੰਸਕ੍ਰਿਤ ਡਿਪਾਰਟਮੈਂਟ, ਇਕਨਾਮਿਕਸ ਡਿਪਾਰਟਮੈਂਟ ਆਦਿ। ਕੀ ਮੰਤਰੀ ਜੀ ਰੈਗੂਲਰ ਟੀਚਰਜ਼ ਦੀ ਵੀ ਐਪੁਆਇੰਟਮੈਂਟ ਕਰਨਗੇ? ਸੀ ਪਾਰਟ ਵਿੱਚ ਜਵਾਬ ਆਇਆ ਹੈ ਕਿ ਜੋਗਰਫੀ ਅਤੇ ਜਿਆਲੋਜੀ ਵਾਸਤੇ ਨਹੀਂ ਵਿੱਚ ਜਵਾਬ ਆਇਆ ਹੈ। ਸਪੀਕਰ ਸਾਹਿਬ, ਗੁਰੂ ਨਾਨਕ ਦੇਵ ਯੂਨੀਵਰਸਿਟੀ ਬਹੁਤ progressive university ਹੈ, ਇਹ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਤੋਂ 500 ਸਾਲ ਪੂਰੇ ਹੋਣ ਤੇ ਬਣਾਈ ਗਈ ਸੀ ਜੀ। ਇੱਥੇ geography ਤੇ geology ਦੇ ਸਟੂਡੈਂਟਸ ਦੀ ਡਿਮਾਂਡ ਹੈ। ਪਾਣੀ ਦਾ ਲੈਵਲ ਬਹੁਤ ਥੱਲੇ ਜਾ ਰਿਹਾ ਹੈ। ਇਹ ਸਟੂਡੈਂਟਸ ਦੀ ਮੰਗ ਹੈ ਅਤੇ ਜਨਤਾ ਦੀ ਮੰਗ ਹੈ ਕਿ ਉਥੇ geology ਦੀ ਪੜ੍ਹਾਈ ਹੋਣੀ ਚਾਹੀਦੀ ਹੈ। area ਸਟੱਡੀ ਕਰਨੀ ਹੈ, geo-economic ਸਟੱਡੀ ਕਰਨੀ ਹੈ, ਉਸ ਵਾਸਤੇ ਜਿਊਗਰਾਫੀ ਦੀ ਪੜ੍ਹਾਈ ਵੀ ਜ਼ਰੂਰੀ ਹੈ। ਮੈਂ ਮੰਤਰੀ ਸਾਹਿਬ ਤੋਂ ਇਹੀ ਮੰਗ ਕਰਾਂਗਾ, ਇਹੀ ਪ੍ਰਸ਼ਨ ਕਰਾਂਗਾ ਕਿ ਕੀ ਤੁਸੀਂ ਉਥੇ ਜਿਓਲੋਜੀ ਅਤੇ ਜਿਉਗਰਾਫੀ ਦੀ ਪੜ੍ਹਾਈ ਸ਼ੁਰੂ ਕਰਵਾਉਗੇ? ਇਹ ਜਨਤਕ ਹਿੱਤ ਵਿੱਚ ਹੈ ਅਤੇ ਇਹ ਸਟੂਡੈਂਟਸ ਦੇ ਵੀ ਹਿੱਤ ਵਿੱਚ ਹੈ।

**1030/Beant kaur/Shubham jain**

**1035/Karamjit kaur**

**ਮਾਣਯੋਗ ਸਪੀਕਰ**: ਤੁਹਾਨੂੰ ਇਸ ਦਾ ਰਿਟਨ ਜਵਾਬ ਆ ਗਿਆ ਹੈ। ਈ.ਡੀ. ਦਾ ਜਵਾਬ ਵੀ ਤੁਹਾਨੂੰ ਆ ਗਿਆ ਹੈ। ਉਹ ਤੁਹਾਨੂੰ ਸਾਰੇ ਜਵਾਬ ਦੇ ਚੁੱਕੇ ਹਨ। Its already on your screen. ਤੁਸੀਂ ਵੇਖ ਸਕਦੇ ਹੋ। ਬੈਠੋ ਜੀ। ਮੰਤਰੀ ਜੀ, ਕੀ ਇਸ ਵਿੱਚ ਤੁਸੀਂ ਕੋਈ ਜਵਾਬ ਦੇਣਾ ਚਾਹੋਗੇ? ਵੈਸੇ ਤੁਸੀਂ ਸਾਰਾ ਰਿਟਨ ਵਿੱਚ ਵੀ ਭੇਜ ਦਿੱਤਾ ਹੈ।

**ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਕਿਉਂਕਿ ਵਿਧਾਇਕ ਸਾਹਿਬ ਨੇ ਮੇਰੇ ਤੋਂ ਸਿਰਫ ਵੇਰਵਾ ਮੰਗਿਆ ਸੀ, ਮੈਂ ਉਸ ਦਾ ਪੂਰਾ ਡਿਟੇਲਡ ਅਨੈਕਸਚਰ ਲਗਾ ਕੇ ਦੇ ਦਿੱਤਾ ਹੈ। ਸਰ, ਦੇਖੋ, ਇਹ ਸਾਡੀ ਸਰਕਾਰ ਹੈ। ਅਸੀਂ ਕਾਲਜਿਜ਼ ਅਤੇ ਯੂਨੀਵਰਸਿਟੀਜ ਦੇ ਵਿੱਚ ਰੈਗੂਲਰ ਪ੍ਰੋਫੈਸਰਜ ਭਰਤੀ ਕਰ ਰਹੇ ਹਾਂ। ਸਰ, ਜੋ ਪਿਛਲੇ ਕੰਟਰੈਕਚੁਅਲ ਬੇਸ ਤੇ ਲੱਗੇ ਹੋਏ ਹਨ, ਜੋ ਪਾਰਟ ਟਾਈਮ ਬੇਸ ਤੇ ਲੱਗੇ ਹੋਏ ਹਨ, they will be the part of system. ਇਸ ਦੇ ਲਈ ਉਨ੍ਹਾਂ ਦੀਆਂ ਸਰਕਾਰ ਨੇ ਤਨਖਾਹਾਂ ਵਧਾਈਆਂ ਹਨ। ਹਾਲਾਂਕਿ ਰੈਗੂਲਰ ਪ੍ਰੋਫੈਸਰਜ ਆ ਗਏ ਪਰ ਕਿਸੇ ਵੀ ਗੈਸਟ ਫੈਕਲਟੀ ਨੂੰ ਕੱਢਿਆ ਨਹੀਂ ਗਿਆ। ਅਸੀਂ ਉਨ੍ਹਾਂ ਨੂੰ ਵੀ ਐਡਜਸਟ ਕਰਨ ਲਈ ਪਾਲਿਸੀਜ ਬਣਾ ਰਹੇ ਹਾਂ। There are so many limitations of Courts and all ਕਿ ਅਸੀਂ ਉਨ੍ਹਾਂ ਨੂੰ ਬਿਲਕੁਲ ਪਰਮਾਨੈਂਟ ਨਹੀਂ ਕਰ ਸਕਦੇ। ਉਹ ਪਾਰਟ ਆਫ ਇਕੋ ਸਿਸਟਮ ਹਨ, ਪੁਰਾਣੀਆਂ ਸਰਕਾਰਾਂ ਨੇ ਰੱਖੇ ਹੋਏ ਹਨ। We want them. ਇਹ ਕਹਿ ਰਹੇ ਹਨ ਕਿ ਕਿਉਂਕਿ ਉਨ੍ਹਾਂ ਨੇ ਇੰਨੇ ਸਾਲਾਂ ਤੱਕ ਪੰਜਾਬ ਦੀ ਸੇਵਾ ਕੀਤੀ ਹੈ, ਪਰ ਸਾਡੀਆਂ ਯੂਨੀਵਰਸਿਟੀਜ ਵਿੱਚ ਰੈਗੂਲਰਲੀ ਅਪੁਆਇੰਟਮੈਂਟਸ ਹੋ ਰਹੀਆਂ ਹਨ । ਬਿਲਕੁਲ ਮਾਣਯੋਗ ਵਿਧਾਇਕ ਸਾਹਿਬ ਨੇ ਜਿਹੜੀ ਗੱਲ ਰੱਖੀ ਹੈ ਕਿ HOD should be from the same Department. ਇਹ ਗੱਲ ਅਗਰ ਉਨ੍ਹਾਂ ਨੇ ਸਵਾਲ ਵਿੱਚ ਲਿਖੀ ਹੁੰਦੀ ਤਾਂ

ਮੈਨੂੰ ਵੀ ਪਤਾ ਲਗਦਾ। ਮੈਂ ਇਨਸ਼ਿਓਰ ਕਰਵਾ ਲੈਂਦਾ, I will talk to the V.C. It must be ensured that ਜਿਹੜਾ ਵੀ ਐਚ.ਓ.ਡੀ. ਹੋਵੇ, ਉਹ ਸੇਮ ਡਿਪਾਰਟਮੈਂਟ ਤੋਂ ਹੋਵੇ। ਧੰਨਵਾਦ।

-------

## ਪਿੰਡ ਰਾਂਣਵਾ ਡ੍ਰੇਨ ਤੋਂ ਪਿੰਡ ਆਦਮਵਾਲ ਤੱਕ ਬਾਈਪਾਸ ਬਣਾਉਣਾ

***1511. ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ** : ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਖੰਨਾ ਮਲੇਰਕੋਟਲਾ ਮੁੱਖ ਮਾਰਗ ਹੈ ਤੇ ਵੱਡੇ ਵਾਹਨਾਂ ਦੀ ਆਵਜਾਈ ਹੋਣ ਕਾਰਨ ਇੱਥੇ ਟ੍ਰੈਫਿਕ ਰਹਿੰਦਾ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਇਸ ਮਾਰਗ ਉੱਪਰ ਪਿੰਡ ਰਾਣਵਾ ਡ੍ਰੇਨ ਤੋਂ ਲੈ ਕੇ ਪਿੰਡ ਆਦਮਵਾਲ ਤੱਕ ਬਾਈਪਾਸ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਹਰਭਜਨ ਸਿੰਘ:** ਹਾਲ ਦੀ ਘੜੀ ਜਿਲ੍ਹਾ ਮਲੇਰਕੋਟਲਾ ਅਧੀਨ ਰਾਂਣਵਾ ਡ੍ਰੇਨ ਤੋਂ ਪਿੰਡ ਆਦਮਵਾਲ ਤੱਕ ਬਾਈਪਾਸ ਬਣਾਉਣ ਦੀ ਕੋਈ ਵੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

**ਮਾਣਯੋਗ ਸਪੀਕਰ**: ਠੀਕ ਹੈ। ਥੈਂਕ ਯੂ। ਸ੍ਰੀ ਸੰਦੀਪ ਜਾਖੜ ਜੀ।

(ਇਸ ਸਮੇਂ ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਸਪਲੀਮੈਂਟਰੀ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ**: ਤੁਹਾਡਾ ਜਵਾਬ ਆ ਗਿਆ ਹੈ ਜੀ। ਸਪਲੀਮੈਂਟਰੀ ਦਾ ਮਤਲਬ ਤਾਂ ਹੁੰਦਾ ਹੈ, ਜੇ ਜਵਾਬ ਅਧੂਰਾ ਹੋਵੇ। ਜੇ ਜਵਾਬ ਅਧੂਰਾ ਹੋਵੇ, ਫੇਰ ਸਪਲੀਮੈਂਟਰੀ ਲੈਂਦੇ ਹਨ। ਉਨ੍ਹਾਂ ਨੇ ਤਾਂ ਤੁਹਾਨੂੰ ਤੋੜ ਕੇ ਨਾਂਹ ਕਰ ਦਿੱਤੀ ਹੈ।

**ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ**: ਸਪੀਕਰ ਸਾਹਿਬ, ਮੇਰੀ ਗੱਲ ਸੁਣੋ ਜੀ। ਸਾਡਾ ਇਤਿਹਾਸਕ ਸ਼ਹਿਰ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਲਈ ਉਥੇ ਹਾਅ ਦਾ ਨਾਅਰਾ ਮਾਰਿਆ ਗਿਆ ਸੀ।

**ਮਾਣਯੋਗ ਸਪੀਕਰ**: ਉਹ ਤਾਂ ਠੀਕ ਹੈ, ਤੁਸੀਂ ਪਹਿਲਾਂ ਹੀ ਮਾਰ ਦਿੱਤਾ ਸੀ।

**ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ**: ਮੈਂ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਇਸ ਵਾਸਤੇ ਪ੍ਰੋਪੋਜ਼ਲ ਮੰਗਵਾਉ।

**ਮਾਣਯੋਗ ਸਪੀਕਰ**: ਠੀਕ ਹੈ ਜੀ। ਥੈਂਕ ਯੂ। ਥੈਂਕ ਯੂ।

----------

**ਸਰਹਿੰਦ ਫੀਡਰ ਦਾ ਕੰਮ ਸਹੀ ਸਮੇਂ ਤੇ ਨਹੀਂ ਹੋਣ ਕਰਕੇ ਕਿਸਾਨਾਂ ਨੂੰ ਹੋਏ ਨੁਕਸਾਨ ਸਬੰਧੀ**

***1596. ਸ੍ਰੀ ਸੰਦੀਪ ਜਾਖੜ:** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਕੀ ਇਹ ਠੀਕ ਹੈ ਕਿ ਸਰਹਿੰਦ ਫੀਡਰ ਦਾ ਕੰਮ ਸਹੀ ਸਮੇਂ ਤੇ ਨਹੀਂ ਹੋਣ ਕਰਕੇ ਕਿਸਾਨਾਂ ਨੂੰ ਸਮੇਂ ਸਿਰ ਪਾਣੀ ਨਹੀਂ ਮਿਲਿਆ ਜਿਸ ਕਾਰਨ ਉਹਨਾਂ ਨੂੰ ਨੁਕਸਾਨ ਝਲਣਾ ਪਿਆ;

(ਅ) ਵੱਖ-ਵੱਖ ਰੱਖ-ਰਖਾਵ ਦੇ ਕੰਮਾਂ ਲਈ ਨਹਿਰ ਨੂੰ ਬੰਦ ਕਰਨ ਲਈ ਸਿੰਚਾਈ ਵਿਭਾਗ ਦੀ ਪ੍ਰਕਿਰਿਆ ਕੀ ਹੈ?

**ਸ੍ਰੀ ਬਰਿੰਦਰ ਕੁਮਾਰ ਗੋਇਲ**: ਸ੍ਰੀਮਾਨ ਜੀ, (ੳ) ਇਹ ਕਹਿਣਾ ਠੀਕ ਨਹੀਂ ਹੈ ਕਿ ਸਰਹਿੰਦ ਫੀਡਰ ਦੇ ਕਰਾਏ ਗਏ ਕੰਮ ਕਾਰਨ ਕਿਸਾਨਾਂ ਦਾ ਕੋਈ ਨੁਕਸਾਨ ਹੋਇਆ ਹੈ ਬਲਕਿ ਇਸ ਕੰਮ ਦੇ ਮੁਕੰਮਲ ਹੋਣ ਕਾਰਣ ਟੇਲ ਖੇਤਰ ਵਿੱਚ ਨਹਿਰੀ ਪਾਣੀ ਦੀ ਲੋੜੀਂਦੀ ਸਪਲਾਈ ਨੂੰ ਯਕੀਨੀ ਬਣਾਇਆ ਗਿਆ ਹੈ ਜਿਸ ਨਾਲ ਫਸਲਾਂ ਦੀ ਉਤਪਾਦਕਤਾ ਵਧੇਗੀ ਅਤੇ ਇਲਾਕੇ ਦਾ ਆਰਥਿਕ ਵਿਕਾਸ ਹੋਵੇਗਾ।

(ਅ) ਨਹਿਰ ਦੀ ਬੰਦੀ ਖੇਤੀਬਾੜੀ ਮਹਿਕਮੇ ਨਾਲ ਤਾਲਮੇਲ ਕਰਕੇ ਘੱਟ ਜਾਂ ਨਾ-ਬਰਾਬਰ ਮੰਗ ਦੌਰਾਨ ਲਈ ਜਾਂਦੀ ਹੈ ਅਤੇ ਬੰਦੀ ਲੈਣ ਤੋਂ ਪਹਿਲਾਂ ਸਰਕਾਰ ਵੱਲੋਂ ਨੋਟੀਫਿਕੇਸ਼ਨ ਜਾਰੀ ਕਰਕੇ ਪਬਲਿਕ ਨੂੰ ਜਾਣੂ ਕੀਤਾ ਜਾਂਦਾ ਹੈ।

**ਸ੍ਰੀ ਸੰਦੀਪ ਜਾਖੜ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਇਹ ਸਵਾਲ ਕਰਨਾ ਚਾਹੁੰਦਾ ਹਾਂ ਕਿ ਕਿਸਾਨ ਨੂੰ ਇਸ ਗੱਲ ਦਾ ਪਤਾ ਹੈ, ਉਹ ਆਸ ਵੀ ਰੱਖਦਾ ਹੈ, ਕਿ ਜਦੋਂ ਵੀ ਆਪਾਂ ਜਿਵੇਂ ਸਰਹਿੰਦ ਫੀਡਰ ਦੀ ਗੱਲ ਕੀਤੀ, ਜਦੋਂ ਵੀ ਉਸ ਰੀਲਾਈਨਿੰਗ ਅਤੇ ਉਸ ਦੀ ਸਫਾਈ ਤੇ ਮੈਨਟੇਨੈਂਸ ਵਾਸਤੇ ਕੰਮ ਕਰਦੇ ਹਾਂ ਤਾਂ ਟੇਲਾਂ ਦੇ ਉਤੇ ਪਾਣੀ ਵਧੇਗਾ ਅਤੇ ਜਿਹੜੀਆਂ ਮਾਈਨਰ ਹਨ, ਉਨ੍ਹਾਂ ਵਿੱਚ ਪਾਣੀ ਵਧੇਗਾ। ਮੰਤਰੀ ਸਾਹਿਬ, ਸਾਡੇ ਉਥੇ ਮਲੂਕਪੁਰ ਅਤੇ ਜੇ ਮੈਂ ਪੰਜਾਬ-ਏ-ਨਹਿਰ ਦੀ ਗੱਲ ਕਰਾਂ, ਅੱਜ ਤੋਂ 2 ਸਾਲ ਪਹਿਲਾਂ ਦੀ ਐਵਰੇਜ ਤੇ ਹੁਣ ਦੀ ਚੈੱਕ ਕਰਵਾਉ, ਇਰੀਗੇਸ਼ਨ ਡਿਪਾਰਟਮੈਂਟ ਦੇ ਅਫਸਰਾਂ ਨੂੰ ਭੇਜ ਕੇ ਕਢਵਾਉ, 2 ਸਾਲ ਪਹਿਲਾਂ ਘੰਟੇ ਦੇ ਵਿੱਚ ਸਵਾ ਅਤੇ ਡੇਢ ਕਿੱਲਾ ਪਾਣੀ ਪੀ ਜਾਂਦਾ ਸੀ ਜੀ ਪ੍ਰੰਤੂ ਪਿਛਲੇ ਦੋ ਸਾਲਾਂ ਤੋਂ ਇੱਕ ਘੰਟੇ ਵਿੱਚ ਕਿੱਲਾ ਵੀ ਪਾਣੀ ਨਹੀਂ ਪੀ ਰਿਹਾ। ਮੰਤਰੀ ਸਾਹਿਬ, ਮੇਰਾ ਤੁਹਾਡੇ ਤੋਂ ਇੱਕ ਸਵਾਲ ਹੈ ਕਿ ਸਾਡੇ ਨਾਲ ਵਾਲੇ ਗੁਆਂਢ ਵਾਲੇ ਸੂਬੇ ਵਿੱਚ ਇਰੀਗੇਸ਼ਨ ਡਿਪਾਰਟਮੈਂਟ ਦਾ ਸਿੰਚਾਈ ਮਿੱਤਰਾ ਐਪ ਹੈ। ਉਸ ਐਪ ਦੇ ਵਿੱਚ daily hourly basis ਤੇ ਜਾਣਕਾਰੀ ਮਿਲਦੀ ਹੈ ਕਿ ਕਿਹੜੀ ਨਹਿਰ ਵਿੱਚ ਕਿੰਨਾ ਪਾਣੀ ਹੈ, ਕਿਹੜੇ ਹੈੱਡ ਤੇ ਕਿੰਨਾ ਪਾਣੀ ਹੈ, ਕਿੰਨਾ ਡਿਸਚਾਰਜ ਲੈ ਰਹੀ ਹੈ ਅਤੇ ਨਹਿਰ ਕਦੋਂ ਬੰਦ ਹੋਵੇਗੀ। ਮੈਂ ਜਦੋਂ ਉਥੇ ਕਿਸਾਨ ਵੀਰਾਂ ਤੋਂ ਪਤਾ ਕੀਤਾ, it is quite accurate. ਕਿਉਂ ਨਾ ਮੰਤਰੀ ਸਾਹਿਬ, ਤੁਸੀਂ ਆਪਣੇ ਡਿਪਾਰਟਮੈਂਟ ਦੇ ਅਧਿਕਾਰੀਆਂ ਨੂੰ ਉਥੇ ਭੇਜ ਕੇ ਉਸ ਬਾਰੇ ਚੈੱਕ ਕਰਵਾਉ ਕਿ ਇਹ ਐਪ ਕੀ ਹੈ ਅਤੇ ਉਸ

ਰਾਹੀਂ ਕਿਵੇਂ ਇਨਫਰਮੇਸ਼ਨ ਮਿਲਦੀ ਹੈ। ਅੱਜਕੱਲ੍ਹ ਏ.ਆਈ. ਦਾ ਜ਼ਮਾਨਾ ਹੈ, ਡਰੋਨ ਦਾ ਜ਼ਮਾਨਾ ਹੈ, ਸੈਟੇਲਾਈਟ ਦਾ ਜ਼ਮਾਨਾ ਹੈ। ਕਿਸਾਨ ਵੀਰਾਂ ਨੂੰ ਪਤਾ ਹੀ ਨਹੀਂ ਹੁੰਦਾ ਕਿ ਨਹਿਰ ਦੇ ਵਿੱਚ ਕਦੋਂ ਤੇ ਕਿੰਨਾ ਕੁ ਪਾਣੀ ਆਵੇਗਾ।

**ਮਾਣਯੋਗ ਸਪੀਕਰ**: ਮੰਤਰੀ ਸਾਹਿਬ, ਕੀ ਤੁਸੀਂ ਉਸ ਐਪ ਦੀ ਸਟੱਡੀ ਕਰਵਾਉਗੇ ਜੀ?

**ਮੰਤਰੀ**: ਸਰ, ਇਹ ਸਾਰਾ ਕੁਝ ਸਟੱਡੀ ਵੀ ਹੁੰਦਾ ਹੈ। ਇਹ ਜਿਹੜੀ ਸਰਹਿੰਦ ਫੀਡਰ ਨਹਿਰ ਦੀ ਗੱਲ ਕਰਦੇ ਹਾਂ, ਵਾਕਿਆ ਹੀ ਸਹੀ ਗੱਲ ਹੈ, ਫਾਜ਼ਿਲਕਾ, ਮੁੱਖ ਤੌਰ ਤੇ ਅਬੋਹਰ ਦੇ ਇਲਾਕੇ ਨੂੰ ਖੇਤੀਬਾੜੀ ਅਤੇ ਪੀਣ ਵਾਲੇ ਪਾਣੀ ਦੀ ਜਿਹੜੀ ਜ਼ਰੂਰਤ ਹੈ, ਇਹ ਨਹਿਰ ਉਸ ਨੂੰ ਪੂਰਾ ਕਰਦੀ ਹੈ। ਇਹ ਨਹਿਰ ਕਰੀਬ 60 ਸਾਲ ਪਹਿਲਾਂ ਬਣੀ ਸੀ ਅਤੇ ਇਸ ਨਹਿਰ ਦੀ ਹਾਲਤ ਬਹੁਤ ਮਾੜੀ ਸੀ। ਇਸ ਨਹਿਰ ਦੀ ਰੀਲਾਈਨਿੰਗ ਕਰਨ ਲਈ ਇਕ ਪ੍ਰਾਜੈਕਟ ਤਿਆਰ ਕਰਕੇ ਕੰਮ ਸ਼ੁਰੂ ਕੀਤਾ ਗਿਆ ਸੀ, ਜਿਹੜਾ 5 ਫੇਜ਼ਿਜ਼ ਵਿਚ ਚੱਲਿਆ ਸੀ। ਇਸ ਵਾਸਤੇ ਕਿਸਾਨ ਜਥੇਬੰਦੀਆਂ ਅਤੇ ਹੋਰ ਜਥੇਬੰਦੀਆਂ ਦੇ ਫਰੀਦਕੋਟ ਸ਼ਹਿਰ ਵਿਚ ਬਹੁਤ ਵੱਡੇ ਪ੍ਰੋਟੈਸਟ ਵੀ ਕੀਤੇ ਸੀ ਪਰ ਅਸੀਂ ਲੋਕਾਂ ਦੀ ਸਹਿਮਤੀ ਨਾਲ ਸੋਧਾਂ ਡਿਜ਼ਾਈਨ ਕੀਤੀਆਂ, ਬਰਿੱਕ ਲਾਈਨਿੰਗ ਕੀਤੀ, ਸਾਈਡਾਂ ਤੇ ਕੰਨਕਰੀਟ ਲਾਈਨਿੰਗ ਕੀਤੀ। ਹੁਣ ਇਹ ਨਹਿਰ ਪੂਰੀ ਤਰ੍ਹਾਂ ਕੰਪਲੀਟ ਹੋ ਚੁੱਕੀ ਹੈ ਅਤੇ ਇਸ ਦਾ ਹਰ ਤਰੀਕੇ ਨਾਲ ਸਰਵੇ ਵੀ ਹੁੰਦਾ ਹੈ। ਜਿਹੜੀ ਮੈਂਬਰ ਸਾਹਿਬ ਨੇ ਬੰਦੀ ਦੀ ਪ੍ਰਕਿਰਿਆ ਬਾਰੇ ਪੁੱਛਿਆ ਹੈ। ਇਸ ਨਹਿਰ ਦੀ ਸਾਰਾ ਸਾਲ ਜ਼ਰੂਰਤ ਰਹਿੰਦੀ ਹੈ। ਕਪਾਹ ਲਈ ਅਪ੍ਰੈਲ ਤੋਂ ਸਤੰਬਰ ਤੱਕ, ਝੋਨੇ ਲਈ ਜੂਨ ਤੋਂ ਸਤੰਬਰ ਤੱਕ, ਕਣਕ ਅਤੇ ਸਰੋਂ ਲਈ ਅਕਤੂਬਰ ਤੋਂ ਫਰਵਰੀ ਤੱਕ, ਬਾਗ ਅਤੇ ਸਬਜ਼ੀਆਂ ਲਈ ਮਾਰਚ ਤੋਂ ਫਰਵਰੀ ਤੱਕ ਇਸ ਨਹਿਰ ਦੀ ਜ਼ਰੂਰਤ ਰਹਿੰਦੀ ਹੈ। ਸੋ, ਇਸ ਗੱਲ ਨੂੰ ਧਿਆਨ ਵਿਚ ਰੱਖਦੇ ਹੋਏ ਜ਼ਿਆਦਾਤਰ ਫਰਵਰੀ ਅਤੇ ਮਾਰਚ ਵਿਚ ਨਹਿਰ ਬੰਦੀ ਦਾ ਫੈਸਲਾ ਲਿਆ ਗਿਆ ਹੈ। ਜਦੋਂ ਇਹ ਬੰਦੀ ਹੁੰਦੀ ਹੈ ਤਾਂ ਪਰਾਪਰ ਨੋਟੀਫਿਕੇਸ਼ਨ ਕਰਕੇ ਲੋਕਾਂ ਨੂੰ ਜਾਣੂ ਕਰਵਾਇਆ ਜਾਂਦਾ ਹੈ। ਜਿਹੜੀ ਮੈਂਬਰ ਸਾਹਿਬ ਨੇ ਗੱਲ ਕਹੀ ਹੈ, ਉਹ ਵੀ ਅਸੀਂ ਇਸ ਪ੍ਰਕਿਰਿਆ ਵਿਚ ਸ਼ਾਮਲ ਕਰਾਂਗੇ। ਵੈਸੇ ਸਾਰੀਆਂ ਨਹਿਰਾਂ ਦਾ ਸਰਵੇ ਹੁੰਦਾ ਹੈ ਕਿ ਕਿੰਨਾ ਪਾਣੀ ਡੈਮ ਤੋਂ ਛੱਡਿਆ ਜਾਂਦਾ ਹੈ, ਕਿਨਾ ਟੇਲਾਂ ਤੇ ਪਹੁੰਚਦਾ ਹੈ, ਕਿੰਨਾ ਰਜਬਾਹਿਆਂ ਵਿਚ ਜਾਂਦਾ ਹੈ। ਇਹ ਸਭ ਕੁੱਝ ਸਰਵੇ ਵਿਚ ਸਟੱਡੀ ਹੁੰਦਾ ਹੈ। ਪਰ ਜਿਸ ਤਰ੍ਹਾਂ ਮੈਂਬਰ ਸਾਹਿਬ ਨੇ ਦੱਸਿਆ ਸੀ ਅਸੀਂ ਇਸ ਲਈ ਵੀ ਕੋਸ਼ਿਸ਼ ਕਰਾਂਗੇ।

**1035/Karamjit kaur/Shubham jain**

**1040/harpreet singh**

**ਸ਼੍ਰੀ ਸੰਦੀਪ ਜਾਖੜ**: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਦੱਸ ਦਿੱਤਾ ਕਿ ਲੋਕਾਂ ਨੂੰ ਜਾਣਕਾਰੀ ਹੈ ਪਰ ਮੰਤਰੀ ਸਾਹਿਬ ਰੀਅਲ ਟਾਈਮ ਡਾਟਾ ਕਿਸਾਨਾਂ ਨੂੰ ਨਹੀਂ ਪਤਾ ਲਗਦਾ ਕਿ ਕਿਹੜੀ ਨਹਿਰ ਵਿਚ ਕਿੰਨਾ ਪਾਣੀ ਹੈ। ਤੁਸੀਂ ਬੰਦੀ ਬਾਰੇ ਦੱਸਿਆ ਹੈ, ਐਗਰੀਕਲਚਰ ਡਿਪਾਰਟਮੈਂਟ ਕੋਲ ਡਾਟਾ ਹੈ।

**ਮਾਣਯੋਗ ਸਪੀਕਰ:** ਇਕ ਮਿੰਟ ਜਾਖੜ ਸਾਹਿਬ। ਮੰਤਰੀ ਜੀ, ਕੀ ਤੁਸੀਂ ਰੀਅਲ ਟਾਈਮ ਡਾਟੇ ਦੀ ਇਨਫਰਮੇਸ਼ਨ ਬਰਾਡ ਕਾਸਟ ਕਰਵਾਉਣ ਦੇ ਇੰਤਜ਼ਾਮ ਕਰੋਗੇ?

**ਮੰਤਰੀ**: ਬਿਲਕੁਲ ਕਰਾਂਗੇ ਜੀ, ਲੋਕਾਂ ਨੂੰ ਹਰ ਤਰ੍ਹਾਂ ਜਾਗਰੂਕ ਕਰਾਂਗੇ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ਼੍ਰੀ ਸੰਦੀਪ ਜਾਖੜ ਸਪਲੀਮੈਂਟਰੀ ਦੀ ਮੰਗ ਕਰ ਰਹੇ ਸੀ।)

**ਮਾਣਯੋਗ ਸਪੀਕਰ**: ਤੁਹਾਡੀਆਂ ਦੋਵੇਂ ਸਪਲੀਮੈਂਟਰੀਆਂ ਹੋ ਗਈਆਂ ਜੀ। You have got two supplementaries. You can't get more than two supplementaries.

**ਸਰਦਾਰ ਕੁਲਦੀਪ ਸਿੰਘ ਢਿੱਲੋਂ ਕਾਲਾ ਢਿੱਲੋਂ**: ਸਪੀਕਰ ਸਾਹਿਬ, ਸਰਹਿੰਦ ਨਹਿਰ ਵਿਚੋਂ ਮੇਰੇ ਹਲਕੇ ਵਿਚ ਸਹਿਣਾ ਰਜਬਾਹਾ ਨਿਕਲਦਾ ਹੈ। ਉਸ ਨੂੰ 8 ਮਹੀਨੇ ਪਹਿਲਾਂ ਹੀ ਪੱਕਾ ਕੀਤਾ ਗਿਆ ਸੀ ਅਤੇ ਦੋ ਦਿਨ ਪਹਿਲਾਂ ਉਸ ਵਿਚ ਪਾੜ ਪੈ ਗਿਆ। ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਠੇਕੇਦਾਰ ਜਾਂ ਅਧਿਕਾਰੀਆਂ ਦੀ ਨਿਗਰਾਨੀ ਹੇਠ ਉਹ ਰਜਬਾਹਾ ਪੱਕਾ ਕੀਤਾ ਗਿਆ ਸੀ, ਕੀ ਉਨ੍ਹਾਂ ਦੀ ਜ਼ਿੰਮੇਵਾਰੀ ਫਿਕਸ ਕੀਤੀ ਜਾਵੇਗੀ ਅਤੇ ਜਿਹੜਾ ਸਾਡੇ ਕਿਸਾਨਾਂ ਦੀਆਂ ਫਸਲਾਂ ਦਾ ਨੁਕਸਾਨ ਹੋਇਆ ਹੈ। ਕੀ ਉਸ ਦੀ ਗਿਰਦਾਵਰੀ ਕਰਕੇ ਉਸਦੀ ਭਰਪਾਈ ਕੀਤੀ ਜਾਵੇਗੀ?

**ਮਾਣਯੋਗ ਸਪੀਕਰ**: ਵੈਸੇ ਤਾਂ ਇਹ ਸਵਾਲ ਵੱਖਰਾ ਬਣਦਾ ਹੈ ਪਰ ਜੇਕਰ ਮੰਤਰੀ ਜੀ ਜਵਾਬ ਦੇਣਾ ਚਾਹੁਣ ਤਾਂ ਦੇ ਸਕਦੇ ਹਨ।

**ਮੰਤਰੀ**: ਸਪੀਕਰ ਸਾਹਿਬ, ਜੋ ਵੀ ਇਸ ਵਿਚ ਦੋਸ਼ੀ ਪਾਏ ਗਏ, ਭਾਵੇਂ ਕੋਈ ਅਧਿਕਾਰੀ ਹੋਵੇ ਜਾਂ ਠੇਕੇਦਾਰ ਹੋਵੇ। ਸਾਰਿਆਂ ਦੇ ਖਿਲਾਫ਼ ਸਖਤ ਐਕਸ਼ਨ ਲਿਆ ਜਾਵੇਗਾ ਅਤੇ ਸਾਰਾ ਕੰਮ ਠੀਕ ਕੀਤਾ ਜਾਵੇਗਾ।

-------

## ਸੂਬੇ ਦੇ ਬਿਲਡਿੰਗ ਅਤੇ ਕੰਸਟ੍ਰਕਸ਼ਨ ਵਰਕਰਾਂ ਨੂੰ ਬੋਰਡ ਨਾਲ ਰਜਿਸਟਰਡ ਕਰਨਾ

***1600 ਸ਼੍ਰੀ ਦਿਨੇਸ਼ ਕੁਮਾਰ ਚੱਢਾ:** ਕੀ ਕਿਰਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

ੳ) ਸੂਬੇ ਦੇ ਸਾਰੇ ਬਿਲਡਿੰਗ ਅਤੇ ਅਦਰ ਕੰਸਟ੍ਰਕਸ਼ਨ ਵਰਕਰਾਂ ਨੂੰ ਸਬੰਧਤ ਬੋਰਡ ਨਾਲ ਰਜਿਸਟਰਡ ਕਰ ਲਿਆ ਗਿਆ ਹੈ ਜਾਂ ਨਹੀਂ;

ਅ) ਸਾਰੇ ਯੋਗ ਵਰਕਰਾਂ ਨੂੰ ਇਸ ਬੋਰਡ ਨਾਲ ਰਜਿਸਟਰਡ ਕਰਕੇ ਉਨ੍ਹਾਂ ਦੇ ਹੱਕ ਦਿਵਾਉਣ ਲਈ ਕੀ ਕਦਮ ਚੁੱਕੇ ਜਾ ਰਹੇ ਹਨ;

ੲ) ਰਜਿਸਟਰਡ ਵਰਕਰਾਂ ਵਿੱਚੋਂ ਕਿੰਨ੍ਹੇ ਪ੍ਰਤੀਸ਼ਤ ਅਜਿਹੇ ਵਰਕਰ ਹਨ ਜਿਹਨਾਂ ਨੇ ਕਦੇ ਵੀ ਬੋਰਡ ਤੋਂ ਕੋਈ ਬੈਨੀਫਿਟ ਨਹੀਂ ਲਿਆ ?

**ਸਰਦਾਰ ਤਰੁਨਪ੍ਰੀਤ ਸਿੰਘ ਸੌਂਦ:** ਸ਼੍ਰੀਮਾਨ ਜੀ,

ੳ) ਬੀ.ਓ.ਸੀ.ਵੈਲਫੇਅਰ ਬੋਰਡ ਕੋਲ ਕੁੱਲ 11,16,651 ਉਸਾਰੀ ਕਿਰਤੀ ਰਜਿਸਟਰਡ ਹਨ। ਬੋਰਡ ਨਾਲ ਰਜਿਸਟਰਡ ਹੋਣ ਲਈ ਕਾਮੇ ਵੱਲੋਂ ਅਰਜ਼ੀ ਦਿੱਤੀ ਜਾਣੀ ਹੁੰਦੀ ਹੈ ਅਤੇ 145 ਰੁਪਏ ਫੀਸ ਜਮ੍ਹਾਂ ਕਰਵਾਉਣੀ ਹੁੰਦੀ ਹੈ।

ਅ) ਰਜਿਸਟਰਡ ਕਿਰਤੀਆਂ ਦੀ ਗਿਣਤੀ ਹੋਰ ਵਧਾਉਣ ਲਈ ਸਮੇਂ-ਸਮੇਂ ਤੇ ਬੋਰਡ ਵੱਲੋਂ ਕੈਂਪ ਲਗਾਏ ਜਾ ਰਹੇ ਹਨ ਅਤੇ ਇਹਨਾਂ ਕੈਂਪਾਂ ਵਿੱਚ ਉਸਾਰੀ ਕਾਮਿਆਂ ਨੂੰ ਬੋਰਡ ਦੀਆਂ ਭਲਾਈ ਸਕੀਮਾਂ ਬਾਰੇ ਜਾਗਰੂਕ ਕੀਤਾ ਜਾਂਦਾ ਹੈ ਤਾਂ ਜੋ ਉਹ ਰਜਿਸਟਰਡ ਹੋਣ ਉਪਰੰਤ ਇਹਨਾਂ ਭਲਾਈ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਪ੍ਰਾਪਤ ਕਰ ਸਕਣ। ਉਸਾਰੀ ਕਿਰਤੀਆਂ ਦੀ ਰਜਿਸਟ੍ਰੇਸ਼ਨ ਵਿੱਚ ਤੇਜੀ ਲਿਆਉਣ ਲਈ ਬੋਰਡ ਵੱਲੋਂ ਪੰਜਾਬ ਕਿਰਤੀ ਸਹਾਇਕ ਮੋਬਾਇਲ ਐਪ ਵੀ ਬਣਾਈ ਗਈ ਹੈ ਤਾਂ ਜੋ ਕੋਈ ਕਿਰਤੀ ਬਿਨਾਂ ਕਿਸੇ ਦਫਤਰ ਜਾਏ ਆਪਣੇ ਘਰ ਬੈਠ ਕੇ ਰਜਿਸਟ੍ਰੇਸ਼ਨ ਕਰ ਸਕਦਾ ਹੈ।

ੲ) ਬੀ.ਓ.ਸੀ.ਵੈਲਫੇਅਰ ਬੋਰਡ ਕੋਲ ਕੁੱਲ 11,16,651 ਉਸਾਰੀ ਕਿਰਤੀ ਰਜਿਸਟਰਡ ਹਨ। ਇਹਨਾਂ ਵਿੱਚੋਂ ਕੁਲ 3,78,296 ਕਿਰਤੀ ਹਨ ਜਿਹਨਾਂ ਵੱਲੋਂ ਬੋਰਡ ਪਾਸੋਂ ਕੋਈ ਵੀ ਲਾਭ ਨਹੀਂ ਲਿਆ ਗਿਆ ਹੈ।

**ਸ਼੍ਰੀ ਦਿਨੇਸ਼ ਕੁਮਾਰ ਚੱਢਾ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਵੇਂ ਮੰਤਰੀ ਜੀ ਨੇ ਜਵਾਬ ਵਿਚ ਆਪ ਹੀ ਦੱਸਿਆ ਹੈ ਕਿ ਪੰਜਾਬ ਵਿਚ ਲੇਬਰ ਬੋਰਡ ਦੇ ਨਾਲ ਸਿਰਫ਼ 11 ਲੱਖ 16 ਹਜ਼ਾਰ ਵਰਕਰ ਰਜਿਸਟਰਡ ਹਨ, ਜੋ ਕਿ ਕੁੱਲ ਬਿਲਡਿੰਗ ਵਰਕਰਾਂ ਦਾ ਤੀਜਾ ਹਿੱਸਾ ਵੀ ਨਹੀਂ ਹੈ। ਇਹ ਤਬਕਾ ਅਨਪੜ੍ਹ ਤਬਕਾ ਹੈ। ਸੋ, ਸਾਡੀ ਜ਼ਿੰਮੇਵਾਰੀ ਸਭ ਨੂੰ ਰਜਿਸਟਰਡ ਕਰਨਾ ਹੈ। ਇਹ ਸੁਪਰੀਮ ਕੋਰਟ ਦੀਆਂ ਹਦਾਇਤਾਂ ਵੀ ਹਨ। ਮੰਤਰੀ ਸਾਹਿਬ, ਕੀ ਤੁਸੀਂ ਪਿੰਡਾਂ ਦੀਆਂ ਪੰਚਾਇਤਾਂ ਨੂੰ ਸ਼ਾਮਲ ਕਰਕੇ ਕੋਈ ਅਜਿਹੀ ਮੁਹਿੰਮ ਚਲਾਓਗੇ, ਜਿਸ ਨਾਲ ਸਾਰੇ ਬਿਲਡਿੰਗ ਵਰਕਰ ਲੇਬਰ ਬੋਰਡ ਨਾਲ ਰਜਿਸਟਰਡ ਹੋ ਸਕਣ?

**ਮੰਤਰੀ:** ਸਪੀਕਰ ਸਾਹਿਬ, ਮਿਤੀ 01.01.2022 ਤੋਂ ਪਹਿਲਾਂ ਜਿਹੜੇ ਕੁੱਲ ਵਰਕਰ ਰਜਿਸਟਰਡ ਸੀ, ਉਹ 9 ਲੱਖ 63 ਹਜ਼ਾਰ 699 ਸੀ। ਅੱਜ ਦੀ ਤਾਰੀਖ ਵਿਚ 11 ਲੱਖ 16 ਹਜ਼ਾਰ 651 ਵਰਕਰ ਰਜਿਸਟਰਡ ਹਨ ਅਤੇ 1 ਲੱਖ 952 ਵਰਕਰ ਅਸੀਂ ਨਵੇਂ ਰਜਿਸਟਰਡ ਕੀਤੇ ਹਨ। ਮੈਂ ਬੀਤੇ ਕੱਲ੍ਹ ਵੀ ਕਿਹਾ ਸੀ ਕਿ ਜਿੰਨੇ ਵੀ ਸਾਡੇ ਮਗਨਰੇਗਾ ਵਰਕਰ ਹਨ, ਉਨ੍ਹਾਂ ਨੂੰ ਬੀ.ਓ.ਸੀ. ਬੋਰਡ ਵਿਚ ਰਜਿਸਟਰਡ ਕਰਨ ਦੀ ਪੂਰੀ ਤਿਆਰੀ ਹੋ ਚੁੱਕੀ ਹੈ। ਲੇਬਰ ਬੋਰਡ ਵਿਚ ਰਜਿਸਟਰਡ ਵਰਕਰਾਂ ਦੀ ਗਿਣਤੀ ਨੂੰ ਹੋਰ ਵਧਾਉਣ ਲਈ ਸਮੇਂ-ਸਮੇਂ ਤੇ ਬੋਰਡ ਵੱਲੋਂ ਕੈਂਪ ਲਗਾਏ ਜਾ ਰਹੇ ਹਨ ਅਤੇ ਇਹਨਾਂ ਕੈਂਪਾਂ ਵਿੱਚ ਉਸਾਰੀ ਕਾਮਿਆਂ ਨੂੰ ਬੋਰਡ ਦੀਆਂ ਭਲਾਈ ਸਕੀਮਾਂ ਬਾਰੇ ਜਾਗਰੂਕ ਕੀਤਾ ਜਾਂਦਾ ਹੈ ਤਾਂ ਜੋ ਉਹ ਰਜਿਸਟਰਡ ਹੋਣ ਉਪਰੰਤ ਇਹਨਾਂ ਭਲਾਈ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਪ੍ਰਾਪਤ ਕਰ ਸਕਣ। ਉਸਾਰੀ

ਕਿਰਤੀਆਂ ਦੀ ਰਜਿਸਟ੍ਰੇਸ਼ਨ ਵਿੱਚ ਤੇਜੀ ਲਿਆਉਣ ਲਈ ਬੋਰਡ ਵੱਲੋਂ ਪੰਜਾਬ ਕਿਰਤੀ ਸਹਾਇਕ ਮੋਬਾਇਲ ਐਪ ਵੀ ਬਣਾਈ ਗਈ ਹੈ ਤਾਂ ਜੋ ਕੋਈ ਕਿਰਤੀ ਬਿਨਾਂ ਕਿਸੇ ਦਫਤਰ ਜਾਏ ਆਪਣੇ ਘਰ ਬੈਠ ਕੇ ਰਜਿਸਟ੍ਰੇਸ਼ਨ ਕਰ ਸਕਦਾ ਹੈ।

**ਮਾਣਯੋਗ ਸਪੀਕਰ**: ਚੱਢਾ ਜੀ, ਠੀਕ ਹੈ?

**1040/harpreet singh/Abhishek gautam**

**1045/amandeep kaur**

**ਸ੍ਰੀ ਦਿਨੇਸ਼ ਕੁਮਾਰ ਚੱਢਾ**: ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਜਿਹੜਾ ਜਵਾਬ ਪੜ੍ਹ ਕੇ ਦੱਸਿਆ ਉਹ ਤਾਂ ਮੇਰੇ ਕੋਲ ਪਹਿਲਾਂ ਹੀ ਆ ਚੁੱਕਿਆ ਹੈ। ਮੇਰਾ ਸਵਾਲ ਤਾਂ ਇਹ ਹੈ ਕਿ ਹਾਲੇ ਵੀ ਸਾਰੇ ਵਰਕਰ ਰਜਿਸਟਰ ਨਹੀਂ ਹੋਏ, ਕਰੀਬ ਤੀਜਾ ਹਿੱਸਾ ਹੀ ਰਜਿਸਟਰ ਹੋਇਆ ਹੈ, ਜਿਹੜੇ 11 ਲੱਖ ਰਜਿਸਟਰਡ ਵੀ ਹਨ, ਉਨ੍ਹਾਂ ਵਿੱਚੋਂ ਵੀ ਸਾਢੇ 3 ਲੱਖ ਨੇ ਲਾਭ ਲਿਆ ਹੈ। ਸਰਕਾਰ ਦੀ ਜ਼ਿੰਮੇਵਾਰੀ ਹੈ ਕਿ census ਕਰਵਾ ਕੇ ਸਾਰੇ ਵਰਕਰਾਂ ਨੂੰ ਰਜਿਸਟਰਡ ਕਰਵਾਈਏ, ਉਸ ਦੇ ਲਈ ਖਾਸ ਤੌਰ ਤੇ ਕੀ ਪ੍ਰਬੰਧ ਕੀਤੇ ਜਾ ਰਹੇ ਹਨ ਤਾਂ ਜੋ ਕੋਈ ਵੀ ਵਰਕਰ ਰਜਿਸਟਰੇਸ਼ਨ ਅਤੇ ਬੈਨੀਫਿਟ ਤੋਂ ਬਿਨਾ ਨਾ ਰਹੇ। ਇਸ ਦੇ ਵਿੱਚ ਤੁਸੀਂ ਪਿੰਡਾਂ ਵਿੱਚ ਪੰਚਾਇਤਾਂ ਨੂੰ ਇਨਵਾਲਵ ਕਰਕੇ ਕੀ ਸਟੈਪਸ ਚੁੱਕ ਰਹੇ ਹੋ?

**ਮੰਤਰੀ**: ਸਪੀਕਰ ਸਾਹਿਬ, ਆਲਰੈਡੀ ਸਾਡੀ campaign ਚੱਲ ਰਹੀ ਹੈ, ਅਸੀਂ ਤਾਂ ਕੈਂਪ ਲਗਾ ਰਹੇ ਹਾਂ। ਅਸੀਂ ਕਹਿ ਰਹੇ ਹਾਂ ਕਿ ਜਿਹੜੇ ਮਗਨਰੇਗਾ ਵਰਕਰਜ਼ ਹਨ, ਉਨ੍ਹਾਂ ਨੂੰ ਅਸੀਂ BOCW ਵਿੱਚ ਲੈ ਲੈਣਾ ਹੈ। ਇਸ ਦੇ ਨਾਲ ਨਾਲ ਪੰਚਾਇਤਾਂ ਵਿੱਚ ਅਸੀਂ ਮਗਨਰੇਗਾ ਵਰਕਰਾਂ ਨੂੰ involve ਕਰ ਰਹੇ ਹਾਂ, it is an automatic system. ਸਾਰੀਆਂ ਪੰਚਾਇਤਾਂ automatically involve ਹੋ ਜਾਣਗੀਆਂ।

-------

**ਨਿਸ਼ਾਨ ਵਾਲ ਪ੍ਰਸ਼ਨ 1546**

(ਸਬੰਧਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

-------

## ਐਸ.ਏ.ਐਸ. ਨਗਰ ਵਿਖੇ ਵਰਕਿੰਗ ਵੂਮਨ ਹੋਸਟਲ ਬਣਾਉਣਾ

***1421. ਸਰਦਾਰ ਕੁਲਵੰਤ ਸਿੰਘ**: ਕੀ ਸਮਾਜਿਕ ਨਿਆਂ, ਸਸ਼ਕਤੀਕਰਨ ਅਤੇ ਘੱਟ ਗਿਣਤੀਆਂ, ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਐਸ.ਏ.ਐਸ. ਨਗਰ ਵਿਖੇ ਭਾਰੀ ਗਿਣਤੀ ਵਿੱਚ ਕੰਮ ਕਰਦੀਆਂ ਇਸਤਰੀਆ ਦੇ ਮੱਦੇਨਜ਼ਰ ਇੱਥੇ ਕੋਈ ਵਰਕਿੰਗ ਵੂਮੈਨ ਹੋਸਟਲ ਬਣਾਉਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਡਾਕਟਰ ਬਲਜੀਤ ਕੌਰ**: ਸ਼੍ਰੀਮਾਨ ਜੀ,

1. ਜੀ ਹਾਂ, ਐਸ.ਏ.ਐਸ. ਨਗਰ ਵਿਖੇ ਤਿੰਨ ਵਰਕਿੰਗ ਵੂਮੈਨ ਹੋਸਟਲ ਬਣਾਉਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ।

2. ਮੋਹਾਲੀ ਦੇ ਸੈਕਟਰ 79 ਵਿੱਚ 0.98 ਏਕੜ ਦੇ ਪਲਾਟ ਵਿੱਚ 100 ਕੰਮਕਾਜੀ ਔਰਤਾਂ ਲਈ ਰੁਪਏ 12.57 ਕਰੋੜ ਦੀ ਲਾਗਤ ਨਾਲ ਵਰਕਿੰਗ ਵੂਮੈਨ ਹੋਸਟਲ ਬਣਾਇਆ ਜਾਣਾ ਹੈ। ਇਸ ਹੋਸਟਲ ਦੀ ਉਸਾਰੀ ਦਾ ਕੇਸ Nirbhaya Fund ਅਧੀਨ ਪ੍ਰਵਾਨ ਹੋ ਚੁੱਕਾ ਹੈ। ਇਸ ਰਾਸ਼ੀ ਦਾ 60% (ਰੁ: 7.54 ਕਰੋੜ) ਭਾਰਤ ਸਰਕਾਰ ਵੱਲੋਂ Nirbhaya Fund ਵਿੱਚੋਂ ਦਿੱਤਾ ਜਾਵੇਗਾ ਅਤੇ 40% (ਰੁ: 5.03 ਕਰੋੜ) ਰਾਜ ਸਰਕਾਰ ਵੱਲੋਂ ਦਿੱਤਾ ਜਾਵੇਗਾ। ਭਾਰਤ ਸਰਕਾਰ ਤੋਂ ਰਾਸ਼ੀ ਜਲਦ ਪ੍ਰਾਪਤ ਹੋਣ ਦੀ ਸੰਭਾਵਨਾ ਹੈ, ਜਿਸ ਉਪਰੰਤ ਇਸ ਹੋਸਟਲ ਦੀ ਉਸਾਰੀ ਸ਼ੁਰੂ ਕਰ ਦਿੱਤੀ ਜਾਵੇਗੀ।

3. ਮੋਹਾਲੀ ਦੇ ਸੈਕਟਰ 66 ਵਿੱਚ GMADA ਵੱਲੋਂ 5 ਏਕੜ ਦਾ ਪਲਾਟ ਦੀ ਸ਼ਨਾਖਤ ਇਸ ਮੰਤਵ ਲਈ ਕੀਤੀ ਗਈ ਹੈ। ਇਸ ਪਲਾਟ ਵਿੱਚ 3.5 ਏਕੜ ਵਿੱਚ 350 ਕੰਮਕਾਜੀ ਔਰਤਾਂ ਲਈ ਰੁਪਏ 73.85 ਕਰੋੜ ਦੀ ਲਾਗਤ ਨਾਲ ਵਰਕਿੰਗ ਵੂਮੈਨ ਹੋਸਟਲ ਬਣਾਉਣ ਦਾ ਕੇਸ Special Assistance to States for Capital Investment (SASCI) ਸਕੀਮ ਅਧੀਨ ਫੰਡਿੰਗ ਲਈ ਮੰਜ਼ੂਰੀ ਭਾਰਤ ਸਰਕਾਰ ਤੋਂ ਪ੍ਰਾਪਤ ਹੋ ਗਈ ਹੈ।

4. ਮੋਹਾਲੀ ਦੇ ਫੇਜ਼ 1 ਵਿੱਚ National Institute of Fashion Technology (NIFT) ਵਿੱਚ 150 ਕੰਮਕਾਜੀ ਔਰਤਾਂ ਲਈ ਰੁਪਏ 25.26 ਕਰੋੜ ਦੀ ਲਾਗਤ ਨਾਲ ਵਰਕਿੰਗ ਵੂਮੈਨ ਹੋਸਟਲ ਬਣਾਉਣ ਦਾ ਕੇਸ Special Assistance to States for Capital Investment (SASCI) ਸਕੀਮ ਅਧੀਨ ਫੰਡਿੰਗ ਲਈ ਮੰਜ਼ੂਰੀ ਭਾਰਤ ਸਰਕਾਰ ਤੋਂ ਪ੍ਰਾਪਤ ਹੋ ਗਈ ਹੈ।

5. ਉਕਤ 3 ਹੋਸਟਲਾਂ ਦਾ ਐਸਟੀਮੇਟ ਲਗਾ ਕੇ ਅਤੇ ਟੈਂਡਰ ਲਗਾ ਕੇ ਉਸਾਰੀ ਦਾ ਕੰਮ ਸ਼ੁਰੂ ਕੀਤਾ ਜਾਵੇਗਾ। ਇਹਨਾਂ ਹੋਸਟਲਾਂ ਦੀ ਉਸਾਰੀ ਸਾਲ 2026 ਦੇ ਅੰਤ ਤੱਕ ਪੂਰੀ ਹੋਣ ਦੀ ਸੰਭਾਵਨਾ ਹੈ।

**ਸਰਦਾਰ ਕੁਲਵੰਤ ਸਿੰਘ**: ਸਪੀਕਰ ਸਾਹਿਬ, ਮੈਂ ਸਦਨ ਵਿੱਚ ਇਹ ਦੱਸਣਾ ਚਾਹੁੰਦਾ ਹਾਂ ਕਿ ਮੋਹਾਲੀ ਸ਼ਹਿਰ ਜਿਹੜਾ ਹੈ ਉਹ Edu-city, Medi-city and IT-city ਦੇ ਤੌਰ ਤੇ ਬੜੀ ਸਪੀਡ ਨਾਲ ਵਿਕਸਤ ਹੋ ਰਿਹਾ ਹੈ। ਇੱਥੇ ਬਹੁਤ ਹੀ ਜ਼ਿਆਦਾ ਵੂਮੈਨ ਕੰਮ ਕਰ ਰਹੀਆਂ ਹਨ, ਉਨ੍ਹਾਂ ਲਈ ਇੱਥੇ ਆ ਕੇ ਰਹਿਣਾ ਬਹੁਤ ਔਖਾ ਹੁੰਦਾ ਹੈ ਕਿਉਂਕਿ ਜਿਹੜੇ ਪੀ.ਜੀ. ਬਣੇ ਹੋਏ ਹਨ, ਉਹ ਇੱਥੇ ਘੱਟ, ਅਨਆਥੋਰਾਈਜ਼ਡ ਅਤੇ ਮਹਿੰਗੇ ਪੈਂਦੇ ਹਨ। ਮੈਂ ਇਸ ਗੱਲੋਂ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ ਕਿਉਂਕਿ ਲੁੱਟ-ਖਸੁੱਟ ਬਹੁਤ ਹੋ ਰਹੀ ਹੈ, ਇਨ੍ਹਾਂ ਨੇ ਕੁਐਸਚਨ ਦਾ ਜਵਾਬ ਬੜਾ ਹੀ ਵਿਸਥਾਰ-ਪੂਰਵਕ ਦਿੱਤਾ ਹੈ, ਮੰਤਰੀ ਜੀ ਨੇ ਕਿਹਾ ਕਿ 600 ਔਰਤਾਂ ਦੇ ਲਈ 6 ਏਕੜ ਦੇ ਵਿੱਚ ਤਿੰਨ ਵਰਕਿੰਗ ਹੋਸਟਲ ਬਣ ਰਹੇ ਹਨ ਅਤੇ ਕਰੀਬ ਇਸ ਤੇ ਸਵਾ ਸੌ ਕਰੋੜ ਰੁਪਿਆ ਸਰਕਾਰ ਲਗਾ ਰਹੀ ਹੈ।

**ਮਾਣਯੋਗ ਸਪੀਕਰ**: ਸਰਦਾਰ ਕੁਲਵੰਤ ਸਿੰਘ ਜੀ ਸਵਾਲ ਪੁੱਛੋ ਜੀ। ਨਹੀਂ ਤਾਂ ਬੈਠੋ ਜੀ। ਇੰਨਾ ਟਾਈਮ ਜੇ ਲਓਗੇ ਤਾਂ ਤੁਹਾਡਾ ਇੱਕਲਿਆਂ ਦਾ ਹੀ ਸਵਾਲ ਲੱਗਣਾ ਹੈ, 10 ਮਿੰਟ ਬਾਕੀ ਰਹਿ ਗਏ ਹਨ, ਦੂਸਰੇ ਮੈਂਬਰਾਂ ਨੇ ਵੀ ਆਪਣੇ ਸਵਾਲਾਂ ਤੇ ਬੋਲਣਾ ਹੈ।

**ਸਰਦਾਰ ਕੁਲਵੰਤ ਸਿੰਘ**: ਸਪੀਕਰ ਸਾਹਿਬ, ਮੇਰੀ ਬੇਨਤੀ ਹੈ, ਪਤਾ ਨਹੀਂ ਮੈਂ ਕੀ ਪੁੱਛਣਾ ਸੀ, ਇਸ ਤਰ੍ਹਾਂ ਤਾਂ ਭੁੱਲ ਹੀ ਜਾਈਦਾ ਹੈ। (ਹਾਸਾ) ਮੈਂ ਮੰਤਰੀ ਸਾਹਿਬ ਦਾ ਬੜਾ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਨੇ ਬੜੇ ਐਫਰਟ ਕੀਤੇ ਹਨ, ਸਵਾਲ ਦਾ ਬੜਾ ਵਧੀਆ ਜਵਾਬ ਭੇਜਿਆ ਹੈ। ਹੁਣ ਸਿਰਫ ਗੱਲ ਇਹ ਹੈ ਸਾਲ 2026 ਦੇ ਵਿੱਚ ਇਹ ਕੀ ਇਹ ਕੰਮ ਪੂਰਾ ਹੋ ਜਾਵੇਗਾ, ਮੈਨੂੰ ਪਤਾ ਵੀ ਹੈ ਕਿ ਇਨ੍ਹਾਂ ਦੀ ਯੋਗ ਅਗਵਾਈ ਵਿੱਚ ਬਿਲਕੁਲ ਪੂਰਾ ਹੋ ਜਾਵੇਗਾ। ਪਰ ਕਿਉਂਕਿ ਇਹ ਸਕੀਮਾਂ ਸੈਂਟਰ ਤੋਂ ਆਉਣੀਆਂ ਹਨ, ਪੈਸਾ ਵੀ ਸੈਂਟਰ ਤੋਂ ਆਉਣਾ ਹੈ, ਮੈਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਦੋਂ ਤੱਕ ਪੈਸਾ ਆ ਜਾਵੇਗਾ ਅਤੇ ਕਦੋਂ ਤੱਕ ਕੰਮ ਸ਼ੁਰੂ ਹੋ ਜਾਵੇਗਾ ਕਿਉਂਕਿ ਇਨ੍ਹਾਂ ਕੰਮਾਂ ਦੇ ਵਿੱਚ construction ਤੇ ਕਾਫੀ ਜ਼ਿਆਦਾ ਟਾਈਮ ਲੱਗ ਜਾਂਦਾ ਹੈ। ਇਹ ਮੇਰਾ ਮੰਤਰੀ ਜੀ ਨੂੰ ਸਵਾਲ ਹੈ।

**ਮੰਤਰੀ** : ਸਪੀਕਰ ਸਾਹਿਬ, ਮੈਂ ਸਦਨ ਨੂੰ ਇਹ ਦੱਸਣ ਵਿੱਚ ਖੁਸ਼ੀ ਮਹਿਸੂਸ ਕਰਦੀ ਹਾਂ ਕਿ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਦੇ ਵਿੱਚ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਪਹਿਲੀ ਵਾਰ ਪੂਰੇ ਪੰਜਾਬ ਵਿੱਚ 6 ਵਰਕਿੰਗ ਵੂਮੈਨ ਹੋਸਟਲ ਸ਼ੁਰੂ ਕਰਨ ਜਾ ਰਿਹਾ ਹੈ। ਅਸੀਂ ਮਈ ਦੇ ਵਿੱਚ ਕੰਮ ਸ਼ੁਰੂ ਕਰ ਦਿਆਂਗੇ, ਤਿੰਨ ਮੋਹਾਲੀ ਦੇ ਵਿੱਚ, ਇੱਕ ਜਲੰਧਰ, ਇੱਕ ਅੰਮ੍ਰਿਤਸਰ, ਇੱਕ ਬਠਿੰਡਾ ਅਤੇ ਡੇਢ ਸੌ ਕੋਰੜ ਰੁਪਏ ਦੀ ਲਾਗਤ ਦੇ ਨਾਲ ਇਹ ਵਰਕਿੰਗ ਵੂਮੈਨ ਹਾਸਟਲ ਬਣਾ ਰਹੇ ਹਨ, ਸਾਡਾ ਟੀਚਾ ਇਹ ਕਿ ਸਾਲ 2026 ਤੱਕ ਇਹ ਬਣ ਕੇ ਤਿਆਰ ਹੋ ਜਾਣਗੇ। ਤਕਰੀਬਨ 800 ਵਰਕਿੰਗ ਵੂਮੈਨ ਨੂੰ ਇਸ ਦਾ ਲਾਭ ਮਿਲੇਗਾ।

**ਮਾਣਯੋਗ ਸਪੀਕਰ**: ਧੰਨਵਾਦ ਜੀ। ਮੈਂ ਤਾਂ ਇਹ ਚਾਹੁੰਦਾ ਹਾਂ ਕਿ ਮੇਰੇ ਸਾਰੇ ਮਾਣਯੋਗ ਸਾਥੀ ਵਿਧਾਇਕ ਬੋਲੀ ਜਾਣ, ਤੁਹਾਡੀ ਪੂਰੀ ਵੀਡੀਓ ਬਣੇ, ਲੋਕਾਂ ਵਿੱਚ ਜਾਵੇ ਪਰ ਆਪਣੇ ਕੋਲ ਸਮਾਂ ਸੀਮਤ ਹੈ। ਮੇਰੀ ਬੇਨਤੀ ਹੈ ਕਿ ਭੂਮਿਕਾ ਛੋਟੀ ਰੱਖਿਆ ਕਰੋ, ਸਿੱਧਾ ਤੇ ਸਟੀਕ ਰੱਖਿਆ ਕਰੋ। ਤੁਸੀਂ ਸਾਰੇ ਤਜਰਬੇਕਾਰ ਹੋ। ਮੈਂ ਮੁਆਫੀ ਵੀ ਚਾਹੁੰਦਾ ਹਾਂ ਕਿ ਮੈਨੂੰ

ਵਾਰ ਵਾਰ ਤੁਹਾਨੂੰ ਟੋਕਣਾ ਪੈਂਦਾ ਹੈ। ਮੇਰਾ ਦਿਲ ਨਹੀਂ ਕਰਦਾ ਹੈ। ਇਸ ਤਰ੍ਹਾਂ ਕਰਨ ਨਾਲ ਦੂਜੇ ਵਿਧਾਇਕ ਸਾਥੀਆਂ ਦੇ ਸਵਾਲ ਰਹਿ ਜਾਂਦੇ ਹਨ।

-------------

**1045/amandeep kaur/Abhishek gautam**

**1050/Tarlochan Singh**

**ਸਿਵਲ ਪਸ਼ੂ ਹਸਪਤਾਲ, ਮੁਮਾਰਾ, ਫਰੀਦਕੋਟ ਦੀ ਨਵੀਂ ਇਮਾਰਤ ਬਣਾਉਣਾ**

***1470. ਸਰਦਾਰ ਗੁਰਦਿੱਤ ਸਿੰਘ ਸੇਖੋਂ**: ਕੀ ਪਸ਼ੂ ਪਾਲਣ ਮੰਤਰੀ ਕਿਰਪਾ ਕਰਕੇ ਦਸਣਗੇ ਕਿ ਕੀ ਇਹ ਠੀਕ ਹੈ ਕਿ ਫਰੀਦਕੋਟ ਵਿਖੇ ਪਿੰਡ ਮੁਮਾਰਾ ਵਿੱਚ ਸਿਵਲ ਪਸ਼ੂ ਹਸਪਤਾਲ ਦੀ ਪੁਰਾਣੀ ਇਮਾਰਤ ਦੀ ਹਾਲਤ ਬਹੁਤ ਖਰਾਬ ਹੈ, ਜੇਕਰ ਅਜਿਹਾ ਹੋਵੇ ਤਾਂ ਕਦੋਂ ਤੱਕ ਪਿੰਡ ਮੁਮਾਰਾ ਵਿਖੇ ਸਿਵਲ ਪਸ਼ੂ ਹਸਪਤਾਲ ਦੀ ਉਸਾਰੀ ਕਰਵਾ ਦਿੱਤੀ ਜਾਵੇਗੀ?

**ਸਰਦਾਰ ਗੁਰਮੀਤ ਸਿੰਘ ਖੁੱਡੀਆਂ** : ਜੀ ਹਾਂ, ਸਿਵਲ ਪਸ਼ੂ ਹਸਪਤਾਲ, ਮੁਮਾਰਾ ਜਿਲ੍ਹਾ ਫਰੀਦਕੋਟ ਦੀ ਬਿਲਡਿੰਗ ਦੀ ਹਾਲਤ ਖਰਾਬ ਹੈ। ਇਸ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਸਿਵਲ ਪਸ਼ੂ ਹਸਪਤਾਲ ਮੁਮਾਰਾ, ਜਿਲ੍ਹਾ ਫਰੀਦਕੋਟ ਦੀ ਜਗ੍ਹਾ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੇ ਨਾਮ ਤੇ ਹੈ। ਇਸ ਜਗ੍ਹਾ ਨੂੰ ਪਸ਼ੂ ਪਾਲਣ ਵਿਭਾਗ ਦੇ ਨਾਮ ਤੇ ਤਬਦੀਲ ਕਰਨ ਦੀ ਕਾਰਵਾਈ ਕੀਤੀ ਜਾ ਰਹੀ ਹੈ। ਜਿਵੇ ਹੀ ਇਹ ਜਗ੍ਹਾ ਵਿਭਾਗ ਦੇ ਨਾਮ ਤੇ ਹੋ ਜਾਵੇਗੀ ਉਦੋ ਹੀ ਵਿੱਤ ਵਿਭਾਗ ਤੋ ਵਿੱਤੀ ਸਾਲ 2025-26 ਦੌਰਾਨ ਪ੍ਰਵਾਨ ਕਰਵਾਏ 10.00 ਕਰੋੜ ਰੁਪਏ ਦੀ ਰਾਸ਼ੀ ਵਿਚੋ ਇਸ ਦੀ ਉਸਾਰੀ ਕਰਵਾ ਦਿੱਤੀ ਜਾਵੇਗੀ।

**ਸਰਦਾਰ ਗੁਰਦਿੱਤ ਸਿੰਘ ਸੇਖੋਂ** : ਮੇਰੀ ਆਪ ਜੀ ਰਾਹੀਂ ਮੰਤਰੀ ਜੀ ਨੂੰ ਬੇਨਤੀ ਹੈ ਕਿ ਉਥੇ ਜਿਹੜਾ ਆਲਰੇਡੀ ਪਸ਼ੂ ਹਸਪਤਾਲ ਬਣਿਆ ਹੋਇਆ ਹੈ, ਇਨ੍ਹਾਂ ਨੇ ਕਿਹਾ ਕਿ ਜਦੋਂ ਸਾਡੇ ਨਾਂ ਜ਼ਮੀਨ ਤਬਦੀਲ ਹੋ ਜਾਵੇਗੀ। ਪਿਛਲੇ 40-50 ਸਾਲ ਤੋਂ ਇਹ ਹਸਪਤਾਲ ਚੱਲ ਰਿਹਾ ਹੈ ਅਤੇ ਇਸ ਦੀ ਹਾਲਤ ਖਸਤਾ ਹੈ। ਇਨ੍ਹਾਂ ਕੋਲ 10 ਕਰੋੜ ਰੁਪਿਆ ਵੀ ਹੈ। ਮੇਰੀ ਬੇਨਤੀ ਹੈ ਕਿ ਉਸ ਕੰਮ ਨੂੰ ਸ਼ੁਰੂ ਕਰਵਾ ਦੇਣ ਕਿਉਂਕਿ ਕਬਜ਼ਾ ਵੀ ਇਨ੍ਹਾਂ ਕੋਲ ਹੀ ਹੈ।

**ਮਾਣਯੋਗ ਸਪੀਕਰ** : ਮੰਤਰੀ ਜੀ, ਇਹ ਸਾਰਾ ਕੁਝ ਪਤਾ ਕਰੀ ਬੈਠੇ ਹਨ। ਹੁਣ ਕੰਮ ਕਰਵਾ ਦਿਉ। ਇਹ ਪੈਸਿਆਂ ਬਾਰੇ ਵੀ ਪਤਾ ਕਰੀ ਬੈਠੇ ਹਨ ਕਿ ਤੁਹਾਡੇ ਕੋਲ ਪੈਸੇ ਹਨ।

**ਮੰਤਰੀ** : ਮਾਣਯੋਗ ਸਪੀਕਰ ਸਾਹਿਬ, ਧੰਨਵਾਦ। ਮੈਂਬਰ ਸਾਹਿਬ ਨੇ ਜੋ ਸਵਾਲ ਕੀਤਾ ਹੈ, ਇਸ ਵਿੱਚ ਇਹ ਤਾਂ ਜ਼ਰੂਰੀ ਹੈ ਕਿ ਜ਼ਮੀਨ ਸਾਡੇ ਮਹਿਕਮੇ ਦੇ ਨਾਂ ਹੋਣੀ ਚਾਹੀਦੀ ਹੈ। ਵਿੱਤ ਵਿਭਾਗ ਵੱਲੋਂ ਇਸ ਵਿੱਤੀ ਸਾਲ ਲਈ 10 ਕਰੋੜ ਰੁਪਏ ਮਨਜ਼ੂਰ ਕੀਤੇ ਗਏ ਹਨ। ਅਸੀਂ ਇਨ੍ਹਾਂ ਦਾ ਹਸਪਤਾਲ ਜ਼ਰੂਰ ਬਣਾ ਦਿਆਂਗੇ।

**ਮਾਣਯੋਗ ਸਪੀਕਰ** : ਧੰਨਵਾਦ। ਠੀਕ ਹੈ, ਸਰਦਾਰ ਗੁਰਦਿੱਤ ਸਿੰਘ ਜੀ, ਗੱਲ ਆ ਗਈ ਹੈ।

**ਸਰਦਾਰ ਗੁਰਦਿੱਤ ਸਿੰਘ ਸੇਖੋਂ** : ਸਰ, ਪਿੰਡ ਮੁਮਾਰਾ ਫਿਰੋਜ਼ਪੁਰ ਤੇ ਫਰੀਦਕੋਟ ਦੇ ਕਾਫੀ ਪਿੰਡਾਂ ਨੂੰ ਕਵਰ ਕਰਦਾ ਹੈ ਕਿਉਂਕਿ ਇਹ ਫਰੀਦਕੋਟ, ਫਿਰੋਜ਼ਪੁਰ, ਫਿਰੋਜ਼ਪੁਰ ਦਿਹਾਤੀ ਅਤੇ ਗੁਰੂ ਹਰ ਸਹਾਏ ਦੀ ਹੱਦ ਤੇ ਰਹਿ ਜਾਂਦਾ ਹੈ, ਅਤੇ ਉਨ੍ਹਾਂ ਦੇ ਪਿੰਡਾਂ ਨੂੰ ਕਵਰ ਕਰਦਾ ਹੈ। ਕਿਰਪਾ ਕਰਕੇ ਛੇਤੀ ਕਰਵਾ ਦੇਣ।

**ਮਾਣਯੋਗ ਸਪੀਕਰ**: ਮੰਤਰੀ ਸਾਹਿਬ, ਛੇਤੀ ਕਰਵਾ ਦਿਉ ਜੀ। ਧੰਨਵਾਦ।

**ਮੰਤਰੀ**: ਠੀਕ ਹੈ ਜੀ।

-------

## ਭੀਖੀ ਤੋਂ ਰਾਮਪੁਰਾ (ਪਿੰਡਾਂ ਰਾਹੀਂ) ਬੱਸ ਸਰਵਿਸ ਸ਼ੁਰੂ ਕਰਨਾ

***1612. ਡਾਕਟਰ ਵਿਜੈ ਸਿੰਗਲਾ** : ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪੰਜਾਬੀ ਯੂਨੀਵਰਸਿਟੀ ਬਾਬਾ ਜੋਗੀਪੀਰ ਨੇਬਰਹੁੱਡ ਕੈਂਪਸ ਰੱਲਾ ਭੁਪਾਲ, ਮਾਨਸਾ ਦੇ ਵਿਦਿਆਰਥੀਆਂ ਲਈ ਸਰਕਾਰੀ ਬੱਸ ਸੇਵਾ ਨਹੀਂ ਹੈ; ਜੇਕਰ ਅਜਿਹਾ ਹੈ ਤਾਂ ਕੀ ਭੀਖੀ ਤੋਂ ਰਾਮਪੁਰਾ (ਪਿੰਡਾਂ ਰਾਹੀਂ) ਬੱਸ ਸਰਵਿਸ ਸ਼ੁਰੂ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਲਾਲਜੀਤ ਸਿੰਘ ਭੁੱਲਰ** : ਇਹ ਠੀਕ ਹੈ ਕਿ ਪੀ.ਆਰ.ਟੀ.ਸੀ. ਵੱਲੋਂ ਮੌਜੂਦਾ ਸਮੇਂ ਪੰਜਾਬੀ ਯੂਨੀਵਰਸਿਟੀ ਬਾਬਾ ਜੋਗੀਪੀਰ ਨੇਬਰਹੁੱਡ ਕੈਂਪਸ ਰੱਲਾ ਭੁਪਾਲ, ਮਾਨਸਾ ਦੇ ਵਿਦਿਆਰਥੀਆਂ ਲਈ ਭੀਖੀ ਤੋਂ ਰਾਮਪੁਰਾ (ਪਿੰਡਾਂ ਰਾਹੀਂ) ਰੂਟ ਪਰਮਿਟ ਨਾ ਹੋਣ ਕਾਰਨ ਪੀ.ਆਰ.ਟੀ.ਸੀ. ਦੀ ਬੱਸ ਸਰਵਿਸ ਨਹੀਂ ਚਲਾਈ ਜਾ ਰਹੀ। ਜੇਕਰ ਭਵਿੱਖ ਵਿੱਚ ਇਸ ਰੂਟ ਤੇ ਬੱਸ ਸਰਵਿਸ ਚਲਾਉਣ ਲਈ ਕੋਈ ਮੰਗ ਪੱਤਰ ਪ੍ਰਾਪਤ ਹੁੰਦਾ ਹੈ ਤਾਂ ਉਸ ਅਨੁਸਾਰ ਵਿਚਾਰ ਕਰ ਲਿਆ ਜਾਵੇਗਾ।

**ਡਾਕਟਰ ਵਿਜੈ ਸਿੰਗਲਾ** : ਬਾਬਾ ਜੋਗੀਪੀਰ ਪਿੰਡ ਭੁਪਾਲ ਰੱਲਾ ਵਿਖੇ ਯੂਨੀਵਰਸਿਟੀ ਨੇਬਰਹੁੱਡ ਕੈਂਪਸ ਹੈ। ਉਥੇ ਬਹੁਤ ਸਾਰੇ ਵਿਦਿਆਰਥੀ ਪੜ੍ਹਦੇ ਹਨ ਲੇਕਿਨ ਮੰਤਰੀ ਸਾਹਿਬ ਦਾ ਜਵਾਬ ਆਇਆ ਹੈ ਕਿ ਬੱਸ ਚਲਾਉਣ ਦੀ ਕੋਈ ਤਜਵੀਜ਼ ਨਹੀਂ ਹੈ। ਉਨ੍ਹਾਂ ਨੇ ਕਿਹਾ ਕਿ ਜੇਕਰ ਮੰਗ ਪੱਤਰ ਮਿਲ ਜਾਵੇ ਤਾਂ ਵਿਚਾਰ ਕਰ ਲਵਾਂਗੇ। ਮੈਂ ਅੱਜ ਵਿਧਾਨ ਸਭਾ ਵਿੱਚ ਉਨ੍ਹਾਂ ਨੂੰ ਇਹ ਮੰਗ ਪੱਤਰ ਦੇਣਾ ਚਾਹੁੰਦਾ ਹਾਂ ਕਿ ਇਨ੍ਹਾਂ ਬੱਚਿਆਂ ਦੀ ਸਹੂਲਤ ਲਈ ਬੱਸ ਸੇਵਾ ਚਾਲੂ ਕੀਤੀ ਜਾਵੇ।

ਇਸ ਤੋਂ ਇਲਾਵਾ ਬੁਢਲਾਡਾ ਤੇ ਬਰਨਾਲਾ ਤੋਂ ਵਾਇਆ ਧਲੇਵਾਂ ਜੱਸਲਵਾੜ, ਭੀਖੀ, ਬੱਸ ਚਲਾਈ ਜਾਵੇ। ਬਹੁਤ ਸਾਰੇ ਵਿਦਿਆਰਥੀ ਬੁਢਲਾਡਾ ਜਾਂਦੇ ਹਨ, ਬਰਨਾਲਾ ਜਾਂਦੇ ਹਨ ਪਰ ਕੋਈ ਵੀ ਸਰਕਾਰੀ ਬੱਸ ਸਰਵਿਸ ਨਹੀਂ ਹੈ।

ਇਸ ਲਈ ਇਹ ਬੱਸ ਸਰਵਿਸ ਸ਼ੁਰੂ ਕੀਤੀ ਜਾਵੇ ਤਾਂ ਜੋ ਜਿਹੜੇ ਸਾਡੇ ਪਿੰਡਾਂ ਵਾਲੇ ਬੱਚੇ ਹਨ, ਉਨ੍ਹਾਂ ਨੂੰ ਆਉਣ-ਜਾਣ ਵਿੱਚ ਕੋਈ ਦਿੱਕਤ ਨਾ ਆਵੇ। ਉਥੇ ਗੁਰੂ ਨਾਨਕ ਕਾਲਜ ਹੈ, ਐਸ.ਡੀ. ਕਾਲਜ ਬਰਨਾਲਾ ਹੈ, ਗੁਰੂ ਨਾਨਕ ਕਾਲਜ ਬੁਢਲਾਡਾ ਹੈ। ਮੇਰੇ ਹਲਕੇ ਦੇ ਪਿੰਡਾਂ ਧਲੇਵਾਂ, ਜੱਸਲਵਾੜ, ਭੀਖੀ, ਸਮਾਉਂ ਦੇ ਬੱਚੇ ਹਨ, ਉਨ੍ਹਾਂ ਨੂੰ ਆਉਣਾ-ਜਾਣਾ ਬਹੁਤ ਮੁਸ਼ਕਲ ਹੈ। ਕੀ ਟਰਾਂਸਪੋਰਟ ਮੰਤਰੀ ਸਾਹਿਬ ਇਹ ਬੱਸ ਸਰਵਿਸ ਚਾਲੂ ਕਰਨਗੇ?

**ਮੰਤਰੀ** : ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਯੂਨੀਵਰਸਿਟੀ ਹੈ, ਇਸ ਵਿੱਚ 330 ਦੇ ਕਰੀਬ ਸਟੂਡੈਂਟਸ ਪੜ੍ਹਦੇ ਹਨ ਅਤੇ ਮਾਣਯੋਗ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਯੋਗ ਅਗਵਾਈ ਵਿੱਚ ਇਹ ਪਹਿਲਾਂ ਹੀ ਸਾਡੀ ਪਾਲਿਸੀ ਹੈ ਕਿ ਛੋਟੇ ਮਿੰਨੀ ਬੱਸਾਂ ਦੇ ਪਰਮਿਟ ਨੌਜਵਾਨ ਬੇਰੁਜ਼ਗਾਰਾਂ ਨੂੰ ਦਿੱਤੇ ਜਾਣ। ਉਹ ਅਪਲਾਈ ਕਰਨ। ਇਹ 30 ਕੁ ਕਿਲੋਮੀਟਰ ਦਾ ਏਰੀਆ ਪੈਂਦਾ ਹੈ ਅਤੇ ਜੇ ਕੋਈ ਨੌਜਵਾਨ ਪਰਮਿਟ ਲੈਣਾ ਚਾਹੁੰਦਾ ਹੈ ਤਾਂ ਇਹ ਅਪਲਾਈ ਕਰਵਾਉਣ ਅਤੇ ਅਸੀਂ ਵਾਇਬਿਲਿਟੀ ਦੇਖ ਕੇ ਪ੍ਰਾਈਵੇਟ ਪਰਮਿਟ ਦੇ ਦਿਆਂਗੇ। ਅਤੇ ਜੇ ਕੋਈ ਨਹੀਂ ਲੈਣਾ ਚਾਹੁੰਦਾ ਤਾਂ ਸਾਡੀਆਂ ਪੀ.ਆਰ.ਟੀ.ਸੀ. ਦੀਆਂ ਬੁਢਲਾਡਾ ਡਿਪੂ ਦੀਆਂ ਮਿੰਨੀ ਬੱਸਾਂ ਪੈ ਜਾਣੀਆਂ ਹਨ, ਜੇ ਛੋਟੀ ਦੀ ਲੋੜ ਹੋਈ ਤਾਂ ਛੋਟੀ ਚਲਾ ਦਿਆਂਗੇ ਅਤੇ ਜੇ ਵੱਡੀ ਦੀ ਲੋੜ ਹੋਈ ਤਾਂ ਵੱਡੀ ਚਲਾ ਦਿਆਂਗੇ। ਵਿਦਿਆਰਥੀਆਂ ਨੂੰ ਪੜ੍ਹਾਉਣਾ ਸਾਡੀ ਸਰਕਾਰ ਦੀ ਅਹਿਮ ਜ਼ਿੰਮੇਵਾਰੀ ਹੈ ਜੀ।

**ਮਾਣਯੋਗ ਸਪੀਕਰ** : ਧੰਨਵਾਦ ਜੀ। ਠੀਕ ਹੈ ਡਾਕਟਰ ਸਾਹਿਬ? ਧੰਨਵਾਦ ਜੀ।

-------

**ਮਾਣਯੋਗ ਸਪੀਕਰ** : ਸਰਦਾਰ ਹਰਮੀਤ ਸਿੰਘ ਪਠਾਨਮਾਜਰਾ ਦਾ ਸਵਾਲ ਗੁਰਲਾਲ ਸਿੰਘ ਘਨੌਰ ਪੁੱਛਣਗੇ।

**ਸਕੂਲਾਂ ਵਿੱਚ ਸਫਾਈ ਸੇਵਕਾਂ ਦੀਆਂ ਆਸਾਮੀਆਂ ਰਚਨਾ**

***1621. ਸਰਦਾਰ ਹਰਮੀਤ ਸਿੰਘ ਪਠਾਨ ਮਾਜਰਾ (ਸ਼੍ਰੀ ਗੁਰਲਾਲ ਘਨੌਰ ਐਮ.ਐਲ.ਏ. ਵੱਲੋਂ ਪੇਸ਼ ਕੀਤਾ ਗਿਆ)** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਸਰਕਾਰ 100 ਵਿਦਿਆਰਥੀਆਂ ਦੀ ਸ਼ਰਤ ਖਤਮ ਕਰਕੇ ਪੰਜਾਬ ਦੇ ਸਾਰੇ ਸਕੂਲਾਂ ਵਿੱਚ ਸਫਾਈ ਸੇਵਕਾਂ ਦੀਆਂ ਆਸਾਮੀਆਂ ਰਚਨ ਦਾ ਵਿਚਾਰ ਰੱਖਦੀ ਹੈ?

ਅ) ਕੀ ਸਰਕਾਰ ਸਫਾਈ ਸੇਵਕਾਂ ਅਤੇ ਚੌਕੀਦਾਰਾਂ ਨੂੰ ਘੱਟੋ-ਘੱਟ ਡੀ.ਸੀ. ਰੇਟ ਤੇ ਮਿਹਨਤਾਨਾ ਦੇਣ ਦਾ ਵਿਚਾਰ ਰੱਖਦੀ ਹੈ?

**ਸਰਦਾਰ ਹਰਜੋਤ ਸਿੰਘ ਬੈਂਸ** : ੳ) ਨਹੀਂ ਜੀ। ਵਿਭਾਗ ਵੱਲੋਂ ਕੋਈ ਪਰਪੋਜ਼ਲ ਇਸ ਸ਼ਰਤ ਨੂੰ ਖਤਮ ਕਰਨ ਲਈ ਵਿਚਾਰ ਅਧੀਨ ਨਹੀਂ ਹੈ।

ਅ) ਨਹੀਂ ਜੀ। ਸਫਾਈ ਸੇਵਕਾਂ ਅਤੇ ਚੌਕੀਦਾਰਾਂ ਦਾ ਮਿਹਨਤਾਨਾ ਫਿਕਸਡ ਹੈ।

ਮਾਣਯੋਗ ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਪੁੱਛਿਆ ਹੈ ਕਿ ਕੀ ਸਰਕਾਰ 100 ਵਿਦਿਆਰਥੀਆਂ ਦੀ ਸ਼ਰਤ ਖਤਮ ਕਰਕੇ ਪੰਜਾਬ ਦੇ ਸਾਰੇ ਸਕੂਲਾਂ ਵਿੱਚ ਸਫਾਈ ਸੇਵਕਾਂ ਦੀਆਂ ਆਸਾਮੀਆਂ ਰਚਨ ਦਾ ਵਿਚਾਰ ਰੱਖਦੀ ਹੈ? ਦੂਜਾ ਭਾਗ ਹੈ ਕਿ ਕੀ ਸਰਕਾਰ ਸਫਾਈ ਸੇਵਕਾਂ ਅਤੇ ਚੌਕੀਦਾਰਾਂ ਨੂੰ ਘੱਟੋ-ਘੱਟ ਡੀ.ਸੀ. ਰੇਟ ਤੇ ਮਿਹਨਤਾਨਾ ਦੇਣ ਦਾ ਵਿਚਾਰ ਰੱਖਦੀ ਹੈ?

ਮਾਣਯੋਗ ਸਪੀਕਰ ਸਾਹਿਬ, 2022 ਤੋਂ ਪਹਿਲਾਂ ਪੰਜਾਬ ਦੇ ਕਿਸੇ ਵੀ ਸਰਕਾਰੀ ਸਕੂਲ ਵਿੱਚ ਸਫਾਈ ਸੇਵਕਾਂ, ਸਕਿਉਰਿਟੀ ਗਾਰਡ, ਕੈਂਪਸ ਮੈਨੇਜਰ ਆਦਿ ਦੀਆਂ ਪੋਸਟਾਂ ਨਹੀਂ ਸਨ। ਜਦੋਂ ਮੈਂ ਸਕੂਲਾਂ ਵਿੱਚ ਜਾ ਕੇ ਦੇਖਿਆ ਤੇ ਟੀਚਰਜ਼ ਨੂੰ ਪੁੱਛਿਆ ਕਿ ਸਕੂਲਾਂ ਵਿੱਚ ਗੰਦਗੀ ਬਹੁਤ ਜ਼ਿਆਦਾ ਹੈ। ਉਸ ਤੋਂ ਬਾਅਦ ਅਸੀਂ ਇੱਕ ਸਕੀਮ ਸ਼ੁਰੂ ਕੀਤੀ for the upkeep of schools. ਇਸ ਲਈ 200 ਕਰੋੜ ਦਾ ਸਾਲਾਨਾ ਬਜਟ ਰੱਖਿਆ ਗਿਆ ਹੈ। ਪੰਜਾਬ ਸਰਕਾਰ ਹਰ ਸਾਲ 200 ਕਰੋੜ ਰੁਪਿਆ ਖਰਚ ਰਹੀ ਹੈ। ਇਸ ਵਿੱਚ ਅਸੀਂ ਸ਼ਰਤ ਰੱਖੀ ਹੈ ਤੇ ਇਹ ਇੰਸੈਂਟਿਵ ਵਾਈਜ਼ ਹੈ ਤਾਂ ਕਿ ਸਰਕਾਰੀ ਸਕੂਲਾਂ ਵਿੱਚ ਬੱਚੇ ਆਉਣ। ਪੰਜਾਬ ਦਾ ਹਰ ਉਹ ਸਕੂਲ ਜਿਸ ਵਿੱਚ 100 ਬੱਚੇ ਹਨ ਉਸ ਨੂੰ ਅਸੀਂ 3000 ਰੁਪਏ ਮਹੀਨਾ ਦਿੰਦੇ ਹਾਂ। Sir, it is not for the Safai Sewaks, ਇਹ ਸਕੂਲ ਦੇ ਖਾਤੇ ਵਿੱਚ ਜਾਂਦਾ ਹੈ। ਸਰ, ਸਕੂਲ ਦੀ ਐਸ.ਐਮ.ਸੀ. ਨੇ ਡਿਸਾਈਡ ਕਰਨਾ ਹੈ ਕਿ ਉਹ ਕਿਸੇ ਨਵੇਂ ਬੰਦੇ ਨੂੰ ਰੱਖਣਾ ਚਾਹੁੰਦੇ ਹਨ। ਸਿਰਫ ਛੁੱਟੀ ਤੋਂ ਬਾਅਦ ਜਾਂ ਸਕੂਲ ਲੱਗਣ ਤੋਂ ਇੱਕ ਘੰਟਾ ਪਹਿਲਾਂ ਕਲਾਸਰੂਮਜ਼ ਦੀ ਅਤੇ ਵਾਸ਼ਰੂਮਜ਼ ਦੀ ਸਫਾਈ ਕਰਨੀ ਹੈ। ਇਹ ਵੀ ਐਸ.ਐਮ.ਸੀ. ਨੇ ਡਿਸਾਈਡ ਕਰਨਾ ਹੈ ਕਿ ਕੀ ਉਹ ਮਿਡ ਡੇਅ ਮੀਲ ਵਰਕਰ ਤੋਂ ਹੀ ਕਰਵਾਉਣਾ ਚਾਹੁੰਦੇ ਹਨ ਜਾਂ ਕਈ ਸਕੂਲਾਂ ਨੇ ਪਹਿਲਾਂ ਹੀ 500-1000 ਵਿੱਚ ਬੰਦਾ ਰੱਖਿਆ ਹੋਇਆ ਸੀ, ਉਸ ਤੋਂ ਕਰਵਾਉਣਾ ਚਾਹੁੰਦੇ ਹਨ। ਜੇਕਰ ਬੱਚੇ 500 ਹੋ ਜਾਂਦੇ ਹਨ ਤਾਂ ਇਹ ਰਕਮ 5000 ਰੁਪਏ ਹੋ ਜਾਂਦੀ ਹੈ। ਅਗਰ ਬੱਚੇ 1000 ਹੈ ਤਾਂ ਅਸੀਂ 10,000 ਰੁਪਏ ਪ੍ਰਤੀ ਮਹੀਨਾ ਦਿੰਦੇ ਹਾਂ, 1500 ਤੇ 15000, 2000 ਬੱਚੇ ਤੇ 20000 ਦਿੰਦੇ ਹਾਂ। ਪੰਜਾਬ ਦੇ ਇੱਕ ਦੋ ਸਕੂਲ ਇਸ ਤਰ੍ਹਾਂ ਦੇ ਹਨ ਜਿੱਥੇ 5000 ਬੱਚੇ ਹਨ, ਉਨ੍ਹਾਂ ਨੂੰ 50,000 ਰੁਪਏ ਪ੍ਰਤੀ ਮਹੀਨਾ ਦਿੱਤਾ ਜਾਂਦਾ ਹੈ to keep the school clean, ਇਹ ਮਿਲ ਰਿਹਾ ਹੈ ਸਰ। ਇਸੀ ਸਕੀਮ ਦੇ ਤਹਿਤ ਪੰਜਾਬ ਦਾ ਹਰ ਇੱਕ ਸੀਨੀਅਰ ਸੈਕੰਡਰੀ ਸਕੂਲ ਜਿਸ ਵਿੱਚ 500 ਤੋਂ ਵੱਧ ਬੱਚੇ ਪੜ੍ਹਦੇ ਹਨ, ਉਨ੍ਹਾਂ ਨੂੰ ਦੋ ਸਿਕਿਉਰਟੀ ਗਾਰਡਜ਼, ਐਕਸ ਆਰਮੀ ਮੈਨ ਪ੍ਰੋਵਾਈਡ ਕੀਤੇ ਹਨ। ਪੰਜਾਬ ਦੇ ਹਰ ਇੱਕ ਸੀਨੀਅਰ ਸੈਕੰਡਰੀ ਸਕੂਲ ਵਿੱਚ ਕੈਂਪਸ ਮੈਨੇਜਰ ਨਿਯੁਕਤ ਕੀਤੇ ਹਨ ਜਿਸ ਦਾ ਕੰਮ ਸਿਰਫ ਇਹ ਦੇਖਣਾ ਹੈ ਕਿ ਅਗਰ ਕੋਈ ਲਾਈਟ ਖਰਾਬ ਹੋ ਗਈ ਹੈ ਤਾਂ ਠੀਕ ਕਰਵਾਉਣੀ ਹੈ, ਸਫਾਈ ਹੋ ਰਹੀ ਹੈ ਜਾਂ ਨਹੀਂ ਹੋ ਰਹੀ, ਉਸ ਦੀ ਟੋਟਲੀ ਨਾਨ-ਟੀਚਿੰਗ ਜਾਬ ਹੈ। ਉਹ ਸਕੂਲ ਲੱਗਣ ਤੋਂ ਇੱਕ ਘੰਟੇ ਪਹਿਲਾਂ ਤੇ ਇੱਕ ਘੰਟਾ ਬਾਅਦ ਵਿੱਚ ਜਾਵੇਗਾ। ਇਸ ਤਰ੍ਹਾਂ ਹੀ ਸਿਰਫ ਰਾਤ ਲਈ ਚੌਂਕੀਦਾਰ ਰੱਖੇ ਹਨ ਤਾਂ ਜੋ ਸਕੂਲਾਂ

ਵਿੱਚ ਚੋਰੀਆਂ ਨਾ ਹੋਣ ਕਿਉਂਕਿ ਸਕੂਲਾਂ ਵਿੱਚ ਸੀ.ਸੀ.ਟੀ.ਵੀ. ਕੈਮਰੇ ਹੁੰਦੇ ਹਨ, ਪ੍ਰੋਜੈਕਟਰਜ਼ ਹੁੰਦੇ ਹਨ, ਇੰਟਰਐਕਟਿਵ ਪੈਨਲਜ਼ ਹੁੰਦੇ ਹਨ। ਇੱਕ ਸਕੀਮ ਹੈ ਜਿਸ ਤੇ 200 ਕਰੋੜ ਰੁਪਏ ਖਰਚ ਕਰ ਰਹੇ ਹਾਂ ਤੇ ਇਸ ਨੂੰ ਇੰਸੈਂਟਿਵ ਵਾਈਜ਼ ਹੀ ਰੱਖਿਆ ਹੈ। ਅਗਰ ਕਿਸੇ ਸਕੂਲ ਵਿੱਚ ਬੱਚੇ 100 ਤੋਂ ਘੱਟਣਗੇ ਤਾਂ ਅਸੀਂ ਉਹ ਪੈਸੇ ਦੇਣੇ ਬੰਦ ਕਰ ਦਿਆਂਗੇ ਤਾਂ ਆਪਾਂ ਨੂੰ ਵੀ ਚਾਹੀਦਾ ਹੈ ਕਿ ਅਸੀਂ ਆਪਣੇ ਸਕੂਲਾਂ ਵਿੱਚ ਬੱਚੇ ਵਧਾਈਏ ਤਾਂ ਉੱਨੀ ਇਹ ਰਕਮ ਵਧਦੀ ਰਹੇਗੀ। ਦੂਜਾ, ਇਨ੍ਹਾਂ ਨੇ ਡੀ.ਸੀ. ਰੇਟ ਬਾਰੇ ਪੁੱਛਿਆ ਹੈ ਜਿਸ ਦਾ ਫਿਲਹਾਲ ਕੋਈ ਪਲਾਨ ਨਹੀਂ ਹੈ ਤੇ ਜੋ ਫਿਕਸ ਰੇਟ ਅਸੀਂ ਡਿਸਾਈਡ ਕੀਤੇ ਹਨ, ਉਸੇ ਤਰ੍ਹਾਂ ਹੀ ਚਲਣਗੇ।

**1050/Tarlochan Singh/BS khokhar**

**1055/mehak**

**ਸ੍ਰੀ ਗੁਰਲਾਲ ਘਨੌਰ**: ਸਪੀਕਰ ਸਾਹਿਬ, ਸਰਕਾਰੀ ਸਕੂਲਾਂ ਵਿੱਚ ਤਕਰੀਬਨ ਪਿੰਡਾਂ ਦੇ ਮੱਧ ਵਰਗੀ ਲੋਕਾਂ ਵਿੱਚ ਦੇ ਬੱਚੇ ਹੀ ਜਾਂਦੇ ਹਨ। ਸਫਾਈ ਦਾ ਵਿਸ਼ਾ ਹੈ, ਕਈ ਸਕੂਲਾਂ ਵਿੱਚ 35 ਬੱਚੇ ਹਨ ਤੇ ਕਈ ਵਿੱਚ 40 ਬੱਚੇ ਹਨ।

**ਮਾਣਯੋਗ ਸਪੀਕਰ**: ਚਲੋ, ਉਸ ਦਾ ਤੁਹਾਨੂੰ ਡਿਟੇਲਡ ਜਵਾਬ ਆ ਗਿਆ ਹੈ।

**ਸ੍ਰੀ ਗੁਰਲਾਲ ਘਨੌਰ**: ਮੈਂ ਸਿਰਫ ਮੰਤਰੀ ਸਾਹਿਬ ਨੂੰ ਇੰਨੀ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਸਿੱਖਿਆ ਦੇ ਖੇਤਰ ਵਿੱਚ ਪੰਜਾਬ ਸਰਕਾਰ ਨੇ, ਮੁੱਖ ਮੰਤਰੀ ਸਾਹਿਬ, ਮੰਤਰੀ ਸਾਹਿਬ ਨੇ ਬਹੁਤ ਕੰਮ ਕੀਤਾ ਹੈ। ਇਸ ਲਈ ਬਾਕੀ ਸਕੂਲਾਂ ਵਿੱਚ ਵੀ ਸਫਾਈ ਕਰਮਚਾਰੀ ਰੱਖੇ ਜਾਣ ਤੇ ਜਿਹੜੇ ਰੱਖੇ ਹਨ ਉਨ੍ਹਾਂ ਨੂੰ ਡੀ.ਸੀ. ਰੇਟ ਤੇ ਲਿਆ ਜਾਵੇ।

-------

## ਸੁਜਾਨਪੁਰ ਹਲਕੇ ਦੀਆਂ ਸੜਕਾਂ ਦੀ ਰਿਪੇਅਰ ਕਰਨਾ

***1431 ਸ੍ਰੀ ਨਰੇਸ਼ ਪੁਰੀ**: ਕੀ ਖੇਤੀਬਾੜੀ ਕਿਸਾਨ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸੁਜਾਨਪੁਰ ਹਲਕੇ ਦੀਆਂ ਮੰਡੀ ਬੋਰਡ ਅਧੀਨ ਆਉਂਦੀਆਂ ਸੜਕਾਂ ਬਹੁਤ ਬੁਰੇ ਤਰੀਕੇ ਨਾਲ ਟੁੱਟ ਚੁੱਕੀਆਂ ਹਨ; ਜੇਕਰ ਅਜਿਹਾ ਹੋਵੇ ਤਾਂ ਕੀ ਇਹਨਾਂ ਸੜਕਾਂ ਦੀ ਰਿਪੇਅਰ ਕਰਵਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਗੁਰਮੀਤ ਸਿੰਘ ਖੁੱਡੀਆਂ**: ਵਿਧਾਨ ਸਭਾ ਹਲਕਾ ਸੁਜਾਨਪੁਰ ਵਿੱਚ 137.01 ਕਿਲੋਮੀਟਰ ਲੰਬਾਈ ਦੀਆਂ ਕੁੱਲ 73 ਲਿੰਕ ਸੜਕਾਂ ਮੁਰੰਮਤ ਲਈ ਡਿਊ ਹਨ, ਜਿਨ੍ਹਾਂ ਦੀ ਹਾਲਤ ਖਰਾਬ ਹੈ (ਵੇਰਵੇ ਨੱਥੀ)। ਮੁਰੰਮਤ ਲਈ ਡਿਊ ਹੋਈਆਂ ਇਨ੍ਹਾਂ ਲਿੰਕ ਸੜਕਾਂ ਦੀ ਨਬਾਰਡ ਪਾਸੋਂ ਕਰਜਾ ਲੈ ਕੇ ਮੁਰੰਮਤ ਕਰਨ ਦੀ ਪ੍ਰਵਾਨਗੀ ਸਰਕਾਰ ਵੱਲੋਂ ਦਿੱਤੀ ਜਾ ਚੁੱਕੀ ਹੈ, ਜਲਦ ਹੀ ਇਨ੍ਹਾਂ ਸੜਕਾਂ ਦੀ ਮੁਰੰਮਤ ਕਰਵਾ ਦਿੱਤੀ ਜਾਵੇਗੀ।

**ਸ਼੍ਰੀ ਨਰੇਸ਼ ਪੁਰੀ**: ਸਰ, ਜਿਸ ਤਰ੍ਹਾਂ ਮੰਤਰੀ ਸਾਹਿਬ ਨੇ ਮੰਨਿਆ ਹੈ ਕਿ 73 ਲਿੰਕ ਸੜਕਾਂ ਦਾ ਬੁਰਾ ਹਾਲ ਹੈ ਤੇ ਨਬਾਰਡ ਕੋਲੋਂ ਕਰਜ਼ਾ ਲੈ ਕੇ ਸੜਕਾਂ ਬਣਾਈਆਂ ਜਾਣਗੀਆਂ। ਸਪੀਕਰ ਸਾਹਿਬ, ਮੈਂ ਤੁਹਾਡੇ ਮਾਰਫਤ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਰਜ਼ਾ ਕਦੋਂ ਤੱਕ ਪਾਸ ਹੋ ਜਾਵੇਗਾ ਤੇ ਕੀ ਇਸ ਨੂੰ ਟਾਈਮ ਬਾਊਂਡ ਕੀਤਾ ਜਾ ਸਕਦਾ ਹੈ ਕਿਉਂਕਿ ਮੇਰਾ ਪੇਂਡੂ ਇਲਾਕ ਹੈ ਤੇ ਸੜਕਾਂ ਦਾ ਬਹੁਤ ਬੁਰਾ ਹਾਲ ਹੈ। ਇਹ ਕੰਮ ਜਲਦੀ ਤੋਂ ਜਲਦੀ ਹੋ ਜਾਵੇ ਤਾਂ ਲੋਕਾਂ ਨੂੰ ਬਹੁਤ ਰਲੀਫ ਮਿਲੇਗਾ।

**ਮਾਣਯੋਗ ਸਪੀਕਰ**: ਮੰਤਰੀ ਜੀ ਕਦੋਂ ਤੱਕ ਕਰਵਾ ਦਿਓਗੇ?

**ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਧੰਨਵਾਦ। ਮੈਂ ਮਾਣਯੋਗ ਮੈਂਬਰ ਸਾਹਿਬ ਨੂੰ ਇਹ ਵਿਸ਼ਵਾਸ ਦਿਵਾਉਂਦਾ ਹਾਂ ਕਿ 18 ਹਜ਼ਾਰ ਕਿਲੋਮੀਟਰ ਸੜਕਾਂ ਦਾ ਐਲਾਨ ਹੋ ਚੁੱਕਿਆ ਹੈ ਤੇ ਹੁਣ ਜਲਦੀ ਹੀ ਸ਼ੁਰੂਆਤ ਹੋ ਜਾਵੇਗੀ ਤੇ ਉਸ ਵਿੱਚ ਆਪਣੀਆਂ 173 ਕਿਲੋਮੀਟਰ ਸੜਕਾਂ ਬਣਾ ਦਿੱਤੀਆਂ ਜਾਣਗੀਆਂ।

**ਮਾਣਯੋਗ ਸਪੀਕਰ**: ਪੁਰੀ ਸਾਹਿਬ, ਹੋ ਗਿਆ ਜੀ। ਹੁਣ ਆਪਾਂ ਅਗਲਾ ਸਵਾਲ ਲੈ ਲਈਏ ਨਹੀਂ ਤਾਂ ਤੁਹਾਡੇ ਹਲਕੇ ਦਾ ਅਗਲਾ ਸਵਾਲ ਰਹਿ ਜਾਣਾ ਹੈ।

-------

## ਨੌਜਵਾਨਾਂ ਨੂੰ ਛੋਟੇ ਰੂਟਾਂ ਲਈ ਬੱਸ ਪਰਮਿਟ ਜਾਰੀ ਕਰਨਾ

***1651. ਪ੍ਰਿੰਸੀਪਲ ਬੁੱਧ ਰਾਮ**: ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਬੁਢਲਾਡਾ ਵਿੱਚ ਪੀ.ਆਰ.ਟੀ.ਸੀ. ਬੱਸਾਂ ਦੇ ਵੱਡੀ ਪੱਧਰ ਤੇ ਘਾਟ ਹੋ ਜਾਣ ਕਰਕੇ ਪਿੰਡਾਂ ਦੇ ਰੂਟ ਬੰਦ ਪਏ ਹਨ ਜਿਸ ਕਾਰਨ ਵਿਦਿਆਰਥੀਆਂ ਅਤੇ ਆਮ ਲੋਕਾਂ ਨੂੰ ਆਉਣ-ਜਾਣ ਵਿੱਚ ਬਹੁਤ ਮੁਸ਼ਕਿਲ ਆ ਰਹੀ ਹੈ; ਜੇਕਰ ਅਜਿਹਾ ਹੈ ਤਾਂ ਕਿ ਸਰਕਾਰ ਦੀ ਨੌਜਵਾਨਾਂ ਨੂੰ ਪਿੰਡਾਂ ਵਿੱਚ ਛੋਟੇ ਰੂਟਾਂ ਤੇ ਬੱਸ ਪਰਮਿਟ ਜਾਰੀ ਕਰਨ ਦੀ ਕੋਈ ਤਜਵੀਜ਼ ਹੈ? ਜੇਕਰ ਹਾਂ ਤਾਂ ਨੌਜਵਾਨਾਂ ਨੂੰ ਇਹ ਪਰਮਿਟ ਕਦੋਂ ਤੱਕ ਜਾਰੀ ਕਰ ਦਿੱਤੇ ਜਾਣਗੇ?

**ਸਰਦਾਰ ਲਾਲਜੀਤ ਸਿੰਘ ਭੁੱਲਰ**: ਹਾਂ ਜੀ, ਇਹ ਠੀਕ ਹੈ ਕਿ ਹਾਲ ਦੀ ਘੜੀ ਹਲਕਾ ਬੁਢਲਾਡਾ ਵਿੱਚ ਪੀਆਰਟੀਸੀ ਦੇ ਕੁੱਝ ਪੇਂਡੂ ਰੂਟ ਬੰਦ ਪਏ ਹਨ। ਇਥੇ ਇਹ ਵੀ ਦੱਸਿਆ ਜਾਂਦਾ ਹੈ ਕਿ ਪੀਆਰਟੀਸੀ ਵੱਲੋਂ ਨਵੀਆਂ ਬੱਸਾਂ ਦਾ ਪ੍ਰਬੰਧ ਕਰਦੇ ਹੋਏ ਆਉਣ ਵਾਲੇ ਵਿੱਤੀ ਸਾਲ 2025—26 ਅਤੇ 2026-27 ਵਿੱਚ ਪੀਆਰਟੀਸੀ ਦੀਆਂ ਆਪਣੀਆਂ ਮਲਕੀਅਤ ਵਾਲੀਆਂ 450 ਸਧਾਰਨ, 100 ਮਿਡੀ ਬੱਸਾਂ ਅਤੇ ਕਿਲੋਮੀਟਰ ਸਕੀਮ ਅਧੀਨ 100 ਸਧਾਰਨ ਬੱਸਾਂ ਪਾਉਣ ਲਈ ਪ੍ਰਕਿਰਿਆ ਅਰੰਭੀ ਹੋਈ ਹੈ।ਇਹਨਾਂ ਆਉਣ ਵਾਲੀਆਂ ਬੱਸਾਂ ਵਿੱਚੋਂ ਪਹਿਲ ਦੇ ਅਧਾਰ ਤੇ ਬੁਢਲਾਡਾ ਡਿਪੂ ਨੂੰ ਬੱਸਾਂ ਮੁਹੱਈਆ ਕਰਵਾਉਂਦੇ ਹੋਏ ਬੰਦ ਪਏ ਰੂਟ ਚਲਾ ਦਿੱਤੇ ਜਾਣਗੇ। ਇਸ ਤੋਂ ਇਲਾਵਾ ਸਰਕਾਰ ਵੱਲੋਂ ਪੰਜਾਬ ਟਰਾਂਸਪੋਰਟ ਸਕੀਮ ਮਿਤੀ 22.02.2018 ਸੋਧ ਮਿਤੀ 04.06.2019 ਦੀ ਧਾਰਾ 3—ਈ (ਭਾਵ ਖੁੱਲ੍ਹੀ

ਨਿਤੀ) ਅਨੁਸਾਰ ਪਿੰਡਾਂ ਦੇ ਛੋਟੇ ਰੂਟਾਂ ਤੇ ਪਰਮਿਟ ਜਾਰੀ ਕਰਨ ਦਾ ਉਪਬੰਧ ਪਹਿਲਾਂ ਹੀ ਹੈ। ਜੇਕਰ ਭਵਿੱਖ ਵਿੱਚ ਹਲਕਾ ਬੁਢਲਾਡਾ ਵਿੱਚ ਪੈਂਦੇ ਪੇਂਡੂ/ਰੂਰਲ ਰੂਟਾਂ ਤੇ ਪਰਮਿਟ ਪ੍ਰਾਪਤ ਕਰਨ ਲਈ ਕਿਸੇ ਬਿਨੈਕਾਰ ਤੋਂ ਕੋਈ ਅਰਜ਼ੀ ਪ੍ਰਾਪਤ ਹੁੰਦੀ ਹੈ ਤਾਂ ਉਸ ਤੇ ਤਰਜੀਹ ਦੇ ਅਧਾਰ ਤੇ ਕਾਰਵਾਈ ਕਰਦੇ ਹੋਏ ਪਰਮਿਟ ਜਾਰੀ ਕਰ ਦਿੱਤਾ ਜਾਵੇਗਾ।

**ਪ੍ਰਿੰਸੀਪਲ ਬੁੱਧ ਰਾਮ:** ਧੰਨਵਾਦ ਸਪੀਕਰ ਸਾਹਿਬ, ਇਹ ਪਹਿਲੀ ਵਾਰੀ ਹੈ ਕਿ ਅਖੀਰਲਾ ਸਵਾਲ ਪੂਰਾ ਹੋ ਰਿਹਾ ਹੈ।

**ਮਾਣਯੋਗ ਸਪੀਕਰ**: ਇਹ ਤੁਹਾਡੀ ਸਾਰਿਆਂ ਦੀ ਕੋਆਪਰੇਸ਼ਨ ਨਾਲ ਹੈ ਜੀ। ਮੈਨੂੰ ਵੀ ਤਕਲੀਫ ਹੋਈ ਜਦੋਂ ਮੈਂ ਆਪਣੇ ਮੈਂਬਰ ਨੂੰ ਚੁੱਪ ਕਰਵਾਉਂਦਾ ਸੀ।

**ਪ੍ਰਿੰਸੀਪਲ ਬੁੱਧ ਰਾਮ**: ਮੈਂ ਮੰਤਰੀ ਜੀ ਨੂੰ ਇਹ ਬੇਨਤੀ ਕਰਦਾ ਹਾਂ ਕਿ ਬੱਸਾਂ ਦੇ ਰੂਟਾਂ ਦੀ ਸਮੱਸਿਆ ਹੈ, ਜਿਹੜੀਆਂ ਬੱਸਾਂ ਦਾ ਨੌਜਵਾਨਾਂ ਨੂੰ ਪਰਮਿਟ ਦੇ ਰਹੇ ਹਾਂ ਉਸ ਦਾ ਪ੍ਰੋਸੈਸ ਬੜਾ ਔਖਾ ਹੈ। ਜੇ ਉਸ ਨੂੰ ਸੌਖਾ ਕੀਤਾ ਜਾਵੇ ਤਾਂ ਉਨ੍ਹਾਂ ਨੂੰ ਕੰਮ ਮਿਲ ਜਾਵੇਗਾ, ਰੁਜ਼ਗਾਰ ਮਿਲ ਜਾਵੇਗਾ, ਲੋਕ ਪਰਮਿਟ ਲੈਣਾ ਚਾਹੁੰਦੇ ਹਨ ਪਰ ਇਸ ਦਾ ਪ੍ਰੋਸੈਸ ਇੰਨਾ ਔਖਾ ਹੈ ਕਿ ਉਹ ਉਸ ਨੂੰ ਪੂਰਾ ਨਹੀਂ ਕਰ ਸਕਦੇ। ਮੈਂ ਮੰਤਰੀ ਜੀ ਨੂੰ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਪ੍ਰੋਸੈੱਸ ਸੌਖਾ ਕਰਕੇ ਪਿੰਡਾਂ ਦੇ ਪ੍ਰਾਈਵੇਟ ਰੂਟ ਬੱਚਿਆਂ ਨੂੰ ਦਿੱਤੇ ਜਾਣਗੇ ਤੇ ਵੱਧ ਤੋਂ ਵੱਧ ਰੂਟਾਂ ਤੇ ਪ੍ਰਾਈਵੇਟ ਤੌਰ ਤੇ ਪਿੰਡਾਂ ਵਿੱਚ ਮਿੰਨੀ ਬੱਸਾਂ ਦਿੱਤੀਆਂ ਜਾਣ ਤਾਂ ਜੋ ਬੱਚਿਆਂ ਨੂੰ ਨੌਕਰੀ ਮਿਲੇ, ਕੰਮ ਮਿਲੇ ਤੇ ਲੋਕਾਂ ਲਈ ਸਹੂਲਤ ਹੋ ਜਾਵੇ।

**ਮਾਣਯੋਗ ਸਪੀਕਰ**: ਮੰਤਰੀ ਜੀ, ਕੀ ਪ੍ਰੋਸੈਸ ਨੂੰ ਸੁਖਾਲਾ ਕਰੋਗੇ?

**ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਇਹ ਪ੍ਰੋਸੈਸ ਬੜਾ ਸੁਖਾਲਾ ਹੈ, ਛੋਟੇ ਰੂਟ ਤੇ ਮਿੰਨੀ ਬੱਸਾਂ ਦਾ ਪਰਮਿਟ ਘੱਟ ਤੋਂ ਘੱਟ 24 ਤੇ ਵੱਧ ਤੋਂ ਵੱਧ 35 ਸੀਟਾਂ ਵਾਲੀ ਮਿੰਨੀ ਬੱਸਾਂ ਲਈ ਅਪਲਾਈ ਕਰ ਸਕਦੇ ਹਨ। ਇਹ ਅਰਜ਼ੀ ਦੇ ਦੇਣ, ਇਸ ਸਬੰਧੀ ਸਰਵੇ ਕਰਵਾ ਲਿਆ ਜਾਵੇਗਾ ਤੇ ਜਿੱਥੇ ਲੋੜ ਹੋਵੇਗੀ ਉੱਥੇ ਵਾਇਬਿਲਟੀ ਦੇਖ ਕੇ ਕਿ ਕਿਸੇ ਹੋਰ ਬੱਸ ਜਾਂ ਟਰਾਂਸਪੋਰਟਰ ਦਾ ਨੁਕਸਾਨ ਨਾ ਹੋਵੇ ਤੇ ਜੇ ਲੋੜ ਹੋਵੇਗੀ ਤਾਂ ਬੱਸਾਂ ਦੇ ਪਰਮਿਟ ਮਿਲਣਗੇ ਤੇ ਬਾਕੀ ਜਿਹੜੀਆਂ ਬੱਸਾਂ ਦੇ ਰੂਟ ਬੰਦ ਪਏ ਹਨ ਉਸ ਬਾਰੇ ਮੈਂ ਇਨ੍ਹਾਂ ਨੂੰ ਪਹਿਲਾਂ ਵੀ ਕਿਹਾ ਹੈ ਕਿ ਉੱਥੇ ਸਰਕਾਰੀ ਪੀ.ਆਰ.ਟੀ.ਸੀ. ਦੀਆਂ ਬੱਸਾਂ ਵੀ ਪੈ ਜਾਣਗੀਆਂ ਤੇ ਨਾਲ ਕਿਲੋਮੀਟਰ ਸਕੀਮ ਦੀਆਂ ਵੀ ਪੈ ਜਾਣਗੀਆਂ। ਬੁਢਲਾਡਾ ਡਿਪੋ ਦਾ ਕੋਈ ਰੂਟ ਇਹੋ ਜਿਹਾ ਨਹੀਂ ਰਹਿਣ ਦਿਆਂਗੇ ਜਿਹੜਾ ਬੰਦ ਰਹੇਗਾ। ਸਰਦਾਰ ਭਗਵੰਤ ਸਿੰਘ ਮਾਨ, ਮੁੱਖ ਮੰਤਰੀ ਜੀ ਦੀ ਅਗਵਾਈ ਵਿੱਚ ਪਹਿਲਾਂ ਵੀ ਟਰਾਂਸਪੋਰਟਰਾਂ ਦੇ ਅਤੇ ਛੋਟੇ ਟਰਾਂਸਪੋਰਟਰ ਦੇ ਜਿਨ੍ਹਾਂ ਦੇ ਸਾਲ 2020 ਵਿੱਚ ਕੋਵਿਡ ਦੌਰਾਨ ਟੈਕਸ ਪੈਂਡਿੰਗ ਸਨ, ਉਨ੍ਹਾਂ ਦੇ ਕਹਿਣ ਤੇ ਸਕੀਮ ਲਿਆਂਦੀ ਤੇ ਉਸ ਵਿੱਚ ਸਾਰੇ ਜ਼ੁਰਮਾਨੇ ਤੇ ਵਿਆਜ ਮਾਫ ਕਰਕੇ ਬਣਦਾ ਯੋਗ ਟੈਕਸ ਲਿਆ ਹੈ। ਫਿਰ ਉਸ ਤੋਂ ਬਾਅਦ ਇਨ੍ਹਾਂ ਦੀ ਮੰਗ ਸੀ ਕਿ ਸਾਡਾ ਨੁਕਸਾਨ ਹੋ ਰਿਹਾ ਹੈ ਕਿਉਂਕਿ ਕਾਫੀ ਸਮੇਂ ਦੇ ਕਿਰਾਏ ਨਹੀਂ ਵਧੇ ਹਨ। ਇਨ੍ਹਾਂ ਦੀ ਮੰਗ ਨੂੰ ਦੇਖ ਕੇ ਅਸੀਂ ਕਿਰਾਏ ਵੀ ਵਧਾਏ ਹਨ। ਬੜਾ

ਲੰਮਾ ਸਮਾਂ ਹੋ ਗਿਆ ਹੈ ਪਿਛਲੀ ਸਰਕਾਰ ਵਿੱਚ ਕੋਈ ਕਿਰਾਇਆ ਵੀ ਨਹੀਂ ਵਧਾਇਆ ਗਿਆ ਸੀ ਨਾ ਹੀ ਆਮਨੈਸਟੀ ਸਕੀਮ ਲਿਆਂਦੀ ਗਈ ਸੀ।

**ਮਾਣਯੋਗ ਸਪੀਕਰ:** ਪ੍ਰਸ਼ਨ ਖਤਮ ਹੁੰਦੇ ਹਨ।

**1055/mehak/BS khokhar**

**1055/mehak/BS khokhar**

**1100/Sukhpiar Singh**

---------

**WELCOME NNOUNCEMENT BY HON'BLE SPEAKER**

**ਮਾਣਯੋਗ ਸਪੀਕਰ:** ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਿਹਗੜ੍ਹ ਸਾਹਿਬ ਦੇ ਸਟੂਡੈਂਟਸ ਅਤੇ ਟੀਚਰਜ਼ ਇਸ ਅਜ਼ੀਮ ਦੀ ਸਦਨ ਦੀ ਕਾਰਵਾਈ ਦੇਖਣ ਲਈ ਆਏ ਹਨ। ਆਓ, ਉਨ੍ਹਾਂ ਦਾ ਸਵਾਗਤ ਕਰੀਏ (ਥੰਪਿੰਗ)।

---------

**MATTERS RAISED DURING ZERO HOUR AND STATEMENTS MADE BY THE MINISTERS THEREON.**

**ਮਾਣਯੋਗ ਸਪੀਕਰ:** ਹਾਂ ਜੀ, ਜ਼ੀਰੋ ਆਵਰ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਜ਼ੀਰੋ ਆਵਰ ਤੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ:** ਕੋਟਲੀ ਸਾਹਿਬ। ਤੁਸੀਂ ਗੱਲ ਕਰ ਲੈਣਾ। (ਵਿਘਨ) ਇੱਕ ਮਿੰਟ ਕੋਟਲੀ ਜੀ ਬੋਲ ਰਹੇ ਹਨ। ਇਸ ਤੋਂ ਬਾਅਦ ਤੁਸੀਂ ਬੋਲ ਲੈਣਾ।(ਵਿਘਨ) ਇਹ ਜ਼ਰੂਰੀ ਹੈ ਕਿ ਪਹਿਲਾਂ ਆਪੋਜ਼ੀਸ਼ਨ ਬੋਲੇਗੀ।

**ਸ੍ਰੀ ਸੁਖਵਿੰਦਰ ਸਿੰਘ ਕੋਟਲੀ (ਆਦਮਪੁਰ, ਐਸ.ਸੀ.)**: ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਮੇਰਾ ਮਾਮਲਾ ਪੰਜਾਬ ਦੀ ਕਿਸਾਨੀ, ਇਨਵਾਇਰਨਮੈਂਟ, ਪੀਣ ਵਾਲੇ ਪਾਣੀ ਅਤੇ ਧਰਤੀ ਹੇਠਲੇ ਪਾਣੀ ਨਾਲ ਜੁੜਿਆ ਹੋਇਆ ਹੈ। ਇਹ ਬਹੁਤ ਇੰਪਾਰਟੈਂਟ ਮੈਟਰ ਹੈ। ਨਹਿਰੀ ਪਾਣੀ ਰਾਹੀਂ ਸਤਲੁਜ ਤੋਂ ਨਹਿਰ ਆਦਮਪੁਰ ਰਾਹੀਂ

ਜਲੰਧਰ ਜਾਂਦੀ ਹੈ ਅਤੇ ਉਸ ਤੇ ਇੱਕ ਪ੍ਰਾਜੈਕਟ ਲੱਗਾ ਹੈ ਜਿਸ ਦਾ ਪਾਣੀ ਰੀਸਾਈਕਲ ਹੋ ਕੇ ਜ਼ਮੀਨ ਹੇਠਲਾ ਪਾਣੀ ਬਚਾਉਣ ਲਈ ਪੂਰੇ ਜਲੰਧਰ ਸ਼ਹਿਰ ਨੂੰ ਪਾਣੀ ਦਿੱਤਾ ਜਾਵੇਗਾ। ਉਹ ਪ੍ਰਾਜੈਕਟ ਸਾਡੇ ਹਲਕੇ ਆਦਮਪੁਰ ਵਿੱਚ ਲੱਗਾ ਹੈ ਜਦ ਕਿ ਜਲੰਧਰ ਉੱਥੋਂ 25 ਕਿਲੋਮੀਟਰ ਪੈਂਦਾ ਹੈ। ਜ਼ਮੀਨ ਆਦਮਪੁਰ ਦੀ ਲਈ ਗਈ ਅਤੇ ਸੜਕਾਂ ਪੁੱਟ ਕੇ ਸਾਡਾ ਬੁਰਾ ਹਾਲ ਹੋਇਆ ਹੈ। ਮੈਂ ਤੁਹਾਡੇ ਮਾਰਫਤ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਪਾਣੀ ਰੀਸਾਈਕਲ ਕਰਕੇ ਪੂਰੇ ਜਲੰਧਰ ਨੂੰ ਦਿੱਤਾ ਜਾਣਾ ਹੈ, ਜਦੋਂ ਜ਼ਮੀਨ ਸਾਡੇ ਤੋਂ ਲਈ ਗਈ ਹੈ ਤਾਂ ਸਾਡੇ ਵੀ ਪੀਣ ਵਾਲੇ ਪਾਣੀ ਦੀ ਸਮੱਸਿਆ ਹੈ। ਆਦਮਪੁਰ ਦੇ ਵਿਚਕਾਰ ਪ੍ਰਾਜੈਕਟ ਲੱਗਾ ਹੈ, ਦੋ ਸ਼ਹਿਰ ਅਲਾਵਲਪੁਰ, ਭੋਗਪੁਰ ਦੋਵਾਂ ਸਾਈਡਾਂ ਤੇ ਪੈਂਦੇ ਹਨ ਅਤੇ ਉਸ ਪਾਣੀ ਦਾ ਹਿੱਸਾ ਨਾਲ ਲੱਗਦੇ ਪਿੰਡਾਂ ਨੂੰ ਵੀ ਦਿੱਤਾ ਜਾਣਾ ਚਾਹੀਦਾ ਹੈ ਤਾਂ ਕਿ ਸਾਡੇ ਹਲਕੇ ਵਿੱਚ ਵੀ ਜ਼ਮੀਨ ਹੇਠਲੇ ਪਾਣੀ ਅਤੇ ਨਹਿਰੀ ਪਾਣੀ ਨੂੰ ਬਚਾਇਆ ਜਾ ਸਕੇ। ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਇਹ ਕਹਿਣਾ ਚਾਹੁੰਦਾ ਹਾਂ ਕਿ ਕਿਤੇ ਇਹ ਨਾ ਹੋਵੇ ਜਿਹੜਾ ਪਾਣੀ ਰੀਸਾਈਕਲ ਕਰਕੇ ਅਸੀਂ ਸਾਰਾ ਨਹਿਰ ਦਾ ਪਾਣੀ ਜਲੰਧਰ ਨੂੰ ਦੇ ਰਹੇ ਹਾਂ, ਕਿਤੇ ਉਸ ਨਾਲ ਕਿਸਾਨ ਪ੍ਰਭਾਵਿਤ ਨਾ ਹੋ ਜਾਣ ਕਿ ਜਿਹੜਾ ਕਿਸਾਨਾਂ ਨੂੰ ਖੇਤੀਬਾੜੀ ਲਈ ਪਾਣੀ ਦਿੱਤਾ ਜਾਂਦਾ ਹੈ ਕਿ ਉਹ ਖਤਮ ਹੋ ਜਾਵੇ ਅਤੇ ਸਿਰਫ ਰੀਸਾਈਕਲ ਕਰਕੇ ਹੀ ਪੀਣਯੋਗ ਬਣਾਇਆ ਜਾਵੇ। ਸਰ, ਮੇਰੀਆਂ ਦੋ ਬੇਨਤੀਆਂ ਹਨ ਕਿ ਉਸ ਦਾ ਪਾਣੀ ਦਾ ਹਿੱਸਾ ਸਾਡੇ ਏਰੀਏ ਨੂੰ ਵੀ ਮਿਲਣਾ ਚਾਹੀਦਾ ਹੈ।

**ਮਾਣਯੋਗ ਸਪੀਕਰ:** ਧੰਨਵਾਦ ਜੀ। ਤੁਹਾਡੀ ਗੱਲ ਆ ਗਈ ਹੈ।

**ਸ੍ਰੀ ਸੁਖਵਿੰਦਰ ਸਿੰਘ ਕੋਟਲੀ**: ਇਸ ਗੱਲ ਨੂੰ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਕਿ ਉਸ ਨਾਲ ਕਿਸਾਨ ਪ੍ਰਭਾਵਿਤ ਨਾ ਹੋਣ ਅਤੇ ਉਨ੍ਹਾਂ ਨੂੰ ਕਿਸਾਨੀ ਲਈ ਵੀ ਪਾਣੀ ਦਿੱਤਾ ਜਾਵੇ। ਤੁਹਾਡਾ ਬਹੁਤ ਬਹੁਤ ਧੰਨਵਾਦ ਜੀ।

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ (ਪਾਇਲ, ਐਸ.ਸੀ.)**: ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ ਜੀ। ਸਪੀਕਰ ਸਾਹਿਬ, ਮੈਂ ਅੱਜ ਸਮੁੱਚੇ ਸਦਨ ਦਾ ਧਿਆਨ ਬਹੁਤ ਹੀ ਸੈਂਸੇਟਿਵ ਮੁੱਦੇ ਵੱਲ ਲਿਆਉਣਾ ਚਾਹੁੰਦਾ ਹਾਂ ਕਿ ਇੱਕ ਗਵਾਦਰ ਤੋਂ ਕਰਾਚੀ, ਬਲੋਚਿਸਤਾਨ ਦਾ ਇਲਾਕਾ ਹੈ, ਇੱਕ ਬੱਸ ਜਾ ਰਹੀ ਸੀ ਔਰ ਉਸ ਬੱਸ ਵਿੱਚ ਆਮ ਨਾਗਰਿਕ ਸਵਾਰ ਸੀ। ਬੱਸ ਨੂੰ ਓਰਮਾਰਾ ਰਾਜ ਮਾਰਗ ਤੇ ਕਲਮਾਟ ਇਲਾਕੇ ਦੇ ਨੇੜੇ ਰੋਕਿਆ ਗਿਆ ਔਰ ਰੋਕਣ ਤੋਂ ਬਾਅਦ ਜਿੰਨੇ ਵੀ ਬੱਸ ਵਿੱਚ ਪੈਸੈਂਜਰ ਬੈਠੇ ਸੀ, ਉਨ੍ਹਾਂ ਸਾਰਿਆਂ ਦੇ ਆਈਡੈਂਟਿਟੀ ਕਾਰਡ ਚੈੱਕ ਕੀਤੇ ਗਏ। ਜਦੋਂ ਆਈ.ਡੀ. ਕਾਰਡ ਚੈੱਕ ਕੀਤੇ ਗਏ ਤਾਂ ਉਨ੍ਹਾਂ ਵਿੱਚੋਂ ਛੇ ਪੰਜਾਬੀ ਨਿਕਲੇ। ਉਨ੍ਹਾਂ ਛੇ ਪੰਜਾਬੀਆਂ ਨੂੰ ਉਨ੍ਹਾਂ ਲੋਕਾਂ ਨੇ ਬਾਹਰ ਕੱਢ ਲਿਆ ਅਤੇ ਬਾਹਰ ਕੱਢ ਕੇ ਉਨ੍ਹਾਂ ਤੇ ਗੋਲੀਆਂ ਮਾਰ ਦਿੱਤੀਆਂ ਗਈਆਂ ਜਿਨ੍ਹਾਂ ਵਿੱਚੋਂ ਪੰਜ ਪੰਜਾਬੀ ਥਾਂ ਤੇ ਹੀ ਮਾਰੇ ਗਏ ਅਤੇ ਉਨ੍ਹਾਂ ਵਿੱਚੋਂ ਇੱਕ ਪੰਜਾਬੀ ਨੂੰ ਜਦੋਂ ਹਸਪਤਾਲ ਲੈ ਕੇ ਗਏ, ਉੱਥੇ ਉਨ੍ਹਾਂ ਦੀ ਡੈੱਥ ਹੋ ਗਈ। ਇਹ ਬਹੁਤ ਘਿਨੌਣੀ ਘਟਨਾ ਹੈ। ਬਲੋਚਿਸਤਾਨ ਵਿੱਚ ਪਿਛਲੇ ਲੰਬੇ ਸਮੇਂ ਤੋਂ ਲਗਾਤਾਰ ਸਾਡੇ ਪੰਜਾਬੀ ਭਰਾਵਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਉਨ੍ਹਾਂ ਨੂੰ ਟਾਰਗੈਟ ਕਰਕੇ ਉਨ੍ਹਾਂ ਦੇ ਆਈ.ਡੀ. ਕਾਰਡ ਦੇਖ ਕੇ ਜਿਵੇਂ ਕਾਂਗਰਸ ਨੇ 1984 ਵਿੱਚ ਸਿੱਖਾਂ ਨੂੰ ਮਾਰਿਆ ਸੀ, ਵੋਟਰ ਸੂਚੀਆਂ ਲੈ-ਲੈ ਕੇ, ਉਸੇ ਤਰੀਕੇ ਨਾਲ ਉਨ੍ਹਾਂ ਦੇ ਆਈ.ਡੀ. ਕਾਰਡ ਦੇਖ-ਦੇਖ ਕੇ ਉਨ੍ਹਾਂ ਨੂੰ ਮਾਰਿਆ ਜਾ ਰਿਹਾ ਹੈ। ਇਹ ਬਹੁਤ ਗੰਭੀਰ ਮਸਲਾ ਹੈ। ਇਸ ਗੰਭੀਰ ਮਸਲੇ ਲਈ ਸਮੁੱਚੇ ਸਦਨ ਨੂੰ ਇੱਕ

ਨਿੰਦਾ ਪ੍ਰਸਤਾਵ ਕਰਕੇ ਕੇਂਦਰ ਸਰਕਾਰ ਨੂੰ ਭੇਜਣਾ ਚਾਹੀਦਾ ਹੈ। ਜਿਹੜੇ ਸਾਡੇ ਪੰਜਾਬੀ ਬਾਹਰ ਬਲੋਚਿਸਤਾਨ ਵਿੱਚ ਬੈਠੇ ਹਨ, ਉਨ੍ਹਾਂ ਦੀ ਜਾਨ, ਮਾਲ ਤੇ ਸੁਰੱਖਿਆ ਦੀ ਜ਼ਿੰਮੇਵਾਰੀ ਕੇਂਦਰ ਸਰਕਾਰ ਦੀ ਹੈ। ਕੇਂਦਰ ਸਰਕਾਰ ਹਰ ਫਰੰਟ ਉੱਤੇ ਫੇਲ੍ਹ ਰਹੀ ਹੈ।

**ਮਾਣਯੋਗ ਸਪੀਕਰ:** ਧੰਨਵਾਦ ਜੀ।

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ**: ਜੇ ਪਹਿਲਾਂ ਅਮਰੀਕਾ ਵਿੱਚੋਂ ਸਾਡੇ ਪੰਜਾਬੀ ਹੱਥਕੜੀਆਂ ਲਗਾ ਕੇ ਆਏ ਤਾਂ ਉਸ ਵਿੱਚ ਕੇਂਦਰ ਸਰਕਾਰ ਫੇਲ੍ਹ ਰਹੀ ਹੈ। ਸੋ, ਮੈਂ ਬੇਨਤੀ ਕਰਦਾ ਹਾਂ ਕਿ ਇਸ ਵਾਸਤੇ ਨਿੰਦਾ ਪ੍ਰਸਤਾਵ ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ:** ਤੁਹਾਡੀ ਗੱਲ ਆ ਗਈ ਹੈ ਜੀ।

**1100/Sukhpiar Singh/Rajneesh kumar**

**1105/Manika Rani**

**ਸਰਦਾਰ ਕੁਲਵੰਤ ਸਿੰਘ ਪੰਡੋਰੀ (ਮਹਿਲ ਕਲਾਂ, ਐਸ.ਸੀ.)**: ਸਪੀਕਰ ਸਾਹਿਬ, ਜਿਹੜੇ ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ ਕੱਚੇ ਘਰ ਬਣਾਏ ਜਾਂਦੇ ਹਨ, ਉਨ੍ਹਾਂ ਦੀ ਕੁੱਲ ਰਕਮ ਤਕਰੀਬਨ 1 ਲੱਖ 20 ਹਜ਼ਾਰ ਰੁਪਿਆ ਹੈ, ਜੋ ਕਿ ਤਿੰਨ ਕਿਸ਼ਤਾਂ ਵਿੱਚ ਮਿਲਦੀ ਹੈ। ਜਿਹੜੀ ਪਹਿਲੀ ਕਿਸ਼ਤ ਮਿਲਦੀ ਹੈ, ਉਹ ਤਕਰੀਬਨ 30 ਹਜ਼ਾਰ ਰੁਪਏ ਮਿਲਦੀ ਹੈ, ਦੂਜੀ ਕਿਸ਼ਤ 72 ਹਜ਼ਾਰ ਰੁਪਏ ਮਿਲਦੀ ਹੈ ਔਰ ਤੀਜੀ ਕਿਸ਼ਤ 18 ਹਜ਼ਾਰ ਰੁਪਏ ਮਿਲਦੀ ਹੈ, ਜਿਹੜੀਆਂ ਮਗਨਰੇਗਾ ਦੀਆਂ ਦਿਹਾੜੀਆਂ ਹਨ, ਉਹ 90 ਦੇ ਕਰੀਬ ਦਿਹਾੜੀਆਂ ਹਨ, ਜਿਸ ਦੀ ਕੁੱਲ ਰਕਮ 27 ਹਜ਼ਾਰ 700 ਰੁਪਏ ਬਣਦੀ ਹੈ। ਅੱਜ ਦੀ ਮਹਿੰਗਾਈ ਦੇ ਹਿਸਾਬ ਨਾਲ 1 ਲੱਖ 20 ਹਜ਼ਾਰ ਰੁਪਿਆ ਬਹੁਤ ਘੱਟ ਹੈ। ਜਦੋਂ ਪਹਿਲੀ ਕਿਸ਼ਤ ਆਉਂਦੀ ਹੈ ਤਾਂ ਬੰਦਾ ਕਿਸੇ ਧਰਮਸ਼ਾਲਾ ਵਿੱਚ ਜਾ ਕੇ ਬੈਠ ਜਾਂਦਾ ਹੈ ਪਰੰਤੂ ਦੂਜੀ ਕਿਸ਼ਤ ਜੇ.ਈ. ਜਲਦੀ ਨਹੀਂ ਪਾਉਂਦਾ। ਮੈਂ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜਿਹੜੀਆਂ ਇਹ ਕਿਸ਼ਤਾਂ ਹਨ, ਇਨ੍ਹਾਂ ਬਾਰੇ ਸਖਤੀ ਨਾਲ ਲਾਗੂ ਕੀਤਾ ਜਾਵੇ ਅਤੇ ਲਾਭਪਾਤਰੀਆਂ ਨੂੰ ਸਮੇਂ ਸਿਰ ਇਹ ਕਿਸ਼ਤਾਂ ਖਾਤਿਆਂ ਵਿੱਚ ਪਾਈਆਂ ਜਾਣ। ਸਪੀਕਰ ਸਾਹਿਬ, ਇਸ ਦੇ ਨਾਲ ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਪਖਾਨਿਆਂ ਦੇ ਲਈ ਸਿਰਫ 15 ਹਜ਼ਾਰ ਰੁਪਿਆ ਮਿਲਦਾ ਹੈ, ਜੋ ਕਿ ਬਹੁਤ ਘੱਟ ਹੈ, ਇਹ ਪੈਸੇ ਪਬਲਿਕ ਹੈਲਥ ਵੱਲੋਂ ਆਉਂਦੇ ਹਨ। ਮੈਂ ਚਾਹੁੰਦਾ ਹਾਂ ਕਿ ਇਨ੍ਹਾਂ ਪੈਸਿਆਂ ਵਿੱਚ ਵੀ ਵਾਧਾ ਕੀਤਾ ਜਾਵੇ। ਨਰੇਗਾ ਕਰਮਚਾਰੀਆਂ ਨੂੰ ਇਸ ਲਈ ਕੋਈ ਮਿਹਨਤਾਨਾ ਨਹੀਂ ਮਿਲਦਾ ਹੈ, ਜਦੋਂ ਉਹ ਕਿਸੇ ਦੇ ਘਰ ਵਿੱਚ ਕੰਮ ਕਰਦੇ ਹਨ। ਇਨ੍ਹਾਂ ਨੂੰ ਮਿਹਨਤਾਨਾ ਵੀ ਦਿੱਤਾ ਜਾਵੇ। ਸਪੀਕਰ ਸਾਹਿਬ, ਇਸ ਸਕੀਮ ਦੇ ਪ੍ਰਚਾਰ ਦੀ ਬਹੁਤ ਕਮੀ ਹੈ। ਆਮ ਲੋਕਾਂ ਨੂੰ ਇਸ ਬਾਰੇ ਪਤਾ ਨਹੀਂ ਲੱਗਦਾ। ਸਾਲ 2018 ਤੋਂ ਬਾਅਦ ਹੁਣ ਜਾ ਕੇ ਇਸ ਦਾ ਸਰਵੇ ਹੋਇਆ ਹੈ। ਮੈਂ ਚਾਹੁੰਦਾ ਹਾਂ ਕਿ ਇਸ ਦੀਆਂ ਟੈਕਨੀਕਲ ਰੁਕਾਵਟਾਂ ਦੂਰ ਕੀਤੀਆਂ ਜਾਣ। ਕਈ ਪਿੰਡਾਂ ਵਿੱਚ ਰੱਜੇ-ਪੁੱਜੇ ਘਰ ਵੀ ਇਸ ਸਕੀਮ ਦਾ ਲਾਹਾ ਲੈ ਰਹੇ ਹਨ। ਉਹ ਵੀ

ਸਖਤੀ ਨਾਲ ਬੰਦ ਕੀਤੇ ਜਾਣ। ਸਪੀਕਰ ਸਾਹਿਬ, ਜਿਹੜੀ ਮਗਨਰੇਗਾ ਦੀ ਦਿਹਾੜੀ ਹੈ, ਉਹ ਬਹੁਤ ਘੱਟ ਹੈ, ਸਾਡੀਆਂ ਮਾਵਾਂ-ਭੈਣਾਂ ਸਵੇਰ ਤੋਂ ਦਿਹਾੜੀ ਲਈ ਜਾਂਦੀਆਂ ਹਨ। ਉਨ੍ਹਾਂ ਨੂੰ 320/- ਰੁਪਿਆ ਦਿਹਾੜੀ ਮਿਲਦੀ ਹੈ, ਅੱਜ ਦੇ ਸਮੇਂ ਵਿੱਚ 320/-ਰੁਪਏ ਵਿੱਚ ਕੁਝ ਨਹੀਂ ਆਉਂਦਾ ਹੈ। ਮੈਂ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਇਸ ਲਈ ਕੇਂਦਰ ਨੂੰ ਜ਼ਰੂਰ ਬੇਨਤੀ ਕੀਤੀ ਜਾਵੇ ਕਿ ਮਗਨਰੇਗਾ ਦੀ ਦਿਹਾੜੀ ਵਿੱਚ ਵਾਧਾ ਕੀਤਾ ਜਾਵੇ। ਧੰਨਵਾਦ ਜੀ।

**ਸ੍ਰੀਮਤੀ ਸਰਵਜੀਤ ਕੌਰ ਮਾਣੂੰਕੇ (ਜਗਰਾਉਂ, ਐਸ.ਸੀ.)**: ਸਪੀਕਰ ਸਾਹਿਬ, ਮੈਂ ਤੁਹਾਡਾ ਧਿਆਨ ਬੇਟ ਇਲਾਕੇ ਦੇ ਪਿੰਡਾਂ ਬਹਾਦਰਕੇ, ਬਾਘੀਆਂ, ਸ਼ੇਰੇਵਾਲਾ, ਮੰਡ ਤਿਹਾਰਾ ਅਤੇ ਪੱਤੀ ਮੁਲਤਾਨੀ, ਕੰਨੀਆ ਹੁਸੈਨੀ, ਅਤੇ ਪਰਜੀਆਂ ਬਿਹਾਰੀਪੁਰ ਵੱਲ ਦਿਵਾਉਣਾ ਚਾਹੁੰਦੀ ਹਾਂ, ਇਨ੍ਹਾਂ ਪਿੰਡਾਂ ਵਿੱਚ ਲਗਭਗ ਡੇਢ ਸੌ ਤੋਂ ਦੋ ਸੌ ਜੰਗਲੀ ਸੂਰਾਂ ਦੀ ਗਿਣਤੀ ਹੈ। ਜੰਗਲੀ ਸੂਰ ਨਾ ਸਿਰਫ ਫਸਲਾਂ ਦਾ ਬਹੁਤ ਜ਼ਿਆਦਾ ਨੁਕਸਾਨ ਕਰਦੇ ਹਨ, ਉਥੇ ਜਦੋਂ ਕਿਸਾਨ ਰਾਤ-ਬਰਾਤੇ ਆਪਣੇ ਖੇਤਾਂ ਵਿੱਚ ਕੰਮਕਾਰ ਕਰਨ ਜਾਂਦੇ ਹਨ, ਉਨ੍ਹਾਂ ਨੂੰ ਵੀ ਆਪਣਾ ਸ਼ਿਕਾਰ ਬਣਾਉਂਦੇ ਹਨ। ਇਨ੍ਹਾਂ ਕਾਰਨ ਬੱਚਿਆਂ ਦਾ ਅਲੱਗ ਨੁਕਸਾਨ ਹੋ ਰਿਹਾ ਹੈ। ਬਹੁਤ ਸਾਰੇ ਬੱਚੇ ਅਤੇ ਇਨਸਾਨ ਜ਼ਖਮੀ ਹੋ ਚੁੱਕੇ ਹਨ। ਮੇਰੀ ਤੁਹਾਡੇ ਮਾਧਿਅਮ ਰਾਹੀਂ ਜੰਗਲਾਤ ਮਹਿਕਮੇ ਨੂੰ ਬੇਨਤੀ ਹੈ ਕਿ ਇਨ੍ਹਾਂ ਜੰਗਲੀ ਸੂਰਾਂ ਨੂੰ ਸੁਰੱਖਿਅਤ ਫੜ੍ਹ ਕੇ ਕਿਤੇ ਦੂਰ ਛੱਡਿਆ ਜਾਵੇ ਅਤੇ ਪਿੰਡ ਵਾਸੀਆਂ ਨੂੰ ਮੁਸ਼ਕਿਲ ਤੋਂ ਰਾਹਤ ਦਿਵਾਈ ਜਾਵੇ।

**ਸ੍ਰੀ ਅਸ਼ੋਕ ਪਰਾਸ਼ਰ (ਪੱਪੀ) (ਲੁਧਿਆਣਾ ਕੇਂਦਰੀ)**: ਸਪੀਕਰ ਸਾਹਬਿ, ਸਭ ਤੋਂ ਪਹਿਲਾਂ ਮੈਂ ਮੁੱਖ ਮੰਤਰੀ ਪੰਜਾਬ, ਸਰਦਾਰ ਭਗਵੰਤ ਸਿੰਘ ਮਾਨ ਦਾ ਅਤੇ ਹੈਲਥ ਮਨਿਸਟਰ ਸਾਹਿਬ ਦਾ ਵੀ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਮੇਰੇ ਹਲਕੇ ਵਿੱਚ ਪੰਜਾਹ ਸਾਲ ਬਾਅਦ ਇੱਕ ਸਿਵਲ ਹਸਪਤਾਲ ਬਣਾਇਆ ਹੈ, ਜੋ ਕਿ ਪ੍ਰਾਈਵੇਟ ਹਸਪਤਾਲਾਂ ਤੋਂ ਵੀ ਵਧੀਆ ਬਣਾਇਆ ਗਿਆ ਹੈ। ਮੈਂ ਇਨ੍ਹਾਂ ਦਾ ਆਪਣੇ ਵੱਲੋਂ ਧੰਨਵਾਦ ਕਰਨਾ ਚਾਹੁੰਦਾ ਹਾਂ। (ਥੰਪਿੰਗ) ਦੂਸਰਾ, ਮੈਂ ਤੁਹਾਡੇ ਰਾਹੀਂ ਇਹ ਵੀ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ।

**ਮਾਣਯੋਗ ਸਪੀਕਰ**: ਤੁਹਾਡਾ ਤਾਂ ਇੱਕ ਹੀ ਬਹੁਤ ਹੈ। (ਹਾਸਾ)

**ਸ੍ਰੀ ਅਸ਼ੋਕ ਪਰਾਸ਼ਰ (ਪੱਪੀ)**: ਮੈਂ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜਿਹੜਾ ਕਪੂਰ ਦਾ ਹਸਪਤਾਲ ਹੈ, ਉਸ ਲਈ ਵੀ ਹੈਲਥ ਮਨਿਸਟਰ ਸਾਹਿਬ ਕ੍ਰਿਪਾ ਕਰ ਦੇਣ ਤਾਂ ਕਿ ਜਿਹੜਾ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਰਾਕੇਟ ਦੀ ਸਪੀਡ ਨਾਲ ਚਲਾਇਆ ਗਿਆ ਹੈ, ਉਸ ਵਿੱਚ ਕਪੂਰ ਦੇ ਹਸਪਤਾਲ ਦਾ ਬਹੁਤ ਵੱਡਾ ਯੋਗਦਾਨ ਪੈ ਸਕਦਾ ਹੈ, ਆਪਾਂ ਉਹ ਵੀ ਸਟਾਰਟ ਕਰ ਲਈਏ। ਸਰ, ਬੱਸ ਇੰਨੀਆਂ ਹੀ ਬੇਨਤੀਆਂ ਕਰਨੀਆਂ ਹਨ ਜੀ। ਧੰਨਵਾਦਾ।

**ਮਾਣਯੋਗ ਸਪੀਕਰ**: ਸਰਦਾਰ ਕੁਲਵੰਤ ਸਿੰਘ ਜੀ। ਕਿਹੜੇ ਕੁਲਵੰਤ ਸਿੰਘ ਬੋਲਣਗੇ? ਮੋਹਾਲੀ ਵਾਲੇ ਜਾਂ ਦੂਜੇ। ਦੋਨੋਂ ਰਾਇ ਕਰ ਲਓ। ਚਲੋ, ਮੋਹਾਲੀ ਵਾਲੇ ਕੁਲਵੰਤ ਸਿੰਘ ਜੀ ਤੁਸੀਂ ਬੋਲ ਲਵੋ। ਪਹਿਲਾਂ ਵੱਡੇ ਭਰਾ ਬੋਲੋ।

**ਸਰਦਾਰ ਕੁਲਵੰਤ ਸਿੰਘ (ਐਸ.ਏ.ਐਸ.ਨਗਰ):** ਸਪੀਕਰ ਸਾਹਿਬ, ਮੈਂ ਤੁਹਾਡਾ ਧਿਆਨ ਇੱਕ ਬਹੁਤ ਹੀ ਗੰਭੀਰ ਸਮੱਸਿਆ ਵੱਲ ਦਿਵਾਉਣਾ ਚਾਹੁੰਦਾ ਹਾਂ। ਇਹ ਪੰਜਾਬ ਦੀ ਬੜੀ ਵੱਡੀ ਸਮੱਸਿਆ ਹੈ। ਇਸ ਦਾ ਪਹਿਲਾਂ ਵੀ ਜ਼ਿਕਰ ਹੋ ਚੁੱਕਿਆ ਹੈ। ਇਸ ਲਈ ਮੈਂ ਸਵਾਲ ਵੀ ਲਗਾਇਆ ਸੀ ਔਰ ਮੈਨੂੰ ਜਵਾਬ ਵੀ ਆ ਗਿਆ ਹੈ। ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਥਾਣੇ ਦੇ ਚਾਰੇ ਪਾਸੇ ਐਕਸੀਡੈਂਟਲ ਵਾਹਨ ਪਏ ਹਨ, ਜੋ ਕਿ ਬੜੀ ਗੰਭੀਰ ਸਮੱਸਿਆ ਹੈ। ਇਨ੍ਹਾਂ ਵਾਹਨਾਂ ਦੇ ਬੜੇ ਵੱਡੇ ਢੇਰ ਲੱਗੇ ਹੋਏ ਹਨ। ਇਨ੍ਹਾਂ ਢੇਰਾਂ ਵਿੱਚ ਮੱਛਰ ਅਤੇ ਹੋਰ ਵੱਡੇ ਜਾਨਵਰ ਵੀ ਹੁੰਦੇ ਹਨ, ਜਿਸ ਨਾਲ ਸਾਨੂੰ ਬਿਮਾਰੀਆਂ ਲੱਗਣ ਦਾ ਡਰ ਵੀ ਰਹਿੰਦਾ ਹੈ। ਸਪੀਕਰ ਸਾਹਿਬ, ਮੈਨੂੰ ਜਵਾਬ ਵਿੱਚ ਦੱਸਿਆ ਗਿਆ ਸੀ ਕਿ 39 ਹਜ਼ਾਰ ਦੇ ਕਰੀਬ ਇਹ ਐਕਸੀਡੈਂਟਲ ਵਾਹਨ ਥਾਣੇ ਵਿੱਚ ਪਏ ਹਨ ਅਤੇ ਨਾਲ ਇਹ ਵੀ ਦੱਸਿਆ ਗਿਆ ਸੀ ਕਿ ਇਨ੍ਹਾਂ ਵਾਹਨਾਂ ਦੀ ਨਿਲਾਮੀ ਲਈ ਲੈਟਰ ਜਾਰੀ ਕਰ ਦਿੱਤਾ ਹੈ ਜਾਂ ਕਰ ਦਿੱਤਾ ਜਾਵੇਗਾ। ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਇਹ 39 ਹਜ਼ਾਰ ਐਕਸੀਡੈਂਟਲ ਵਾਹਨ ਵੇਚ ਦਿੱਤੇ ਜਾਣ ਜਾਂ ਨਿਲਾਮੀ ਹੋ ਜਾਵੇ ਤਾਂ ਵੱਡਾ ਫਾਇਦਾ ਹੋਵੇਗਾ। ਜੇਕਰ ਇੱਕ ਵਾਹਨ 25 ਤੋਂ 30 ਹਜ਼ਾਰ ਰੁਪਏ ਵੀ ਵਿਕਦਾ ਹੈ ਤਾਂ ਇਨ੍ਹਾਂ ਦੀ ਟੋਟਲ ਕੀਮਤ ਸਵਾ ਸੌ ਤੋਂ ਡੇਢ ਸੌ ਕਰੋੜ ਰੁਪਿਆ ਹੁੰਦੀ ਹੈ, ਉਸ ਸਵਾ ਸੌ ਤੋਂ ਡੇਢ ਸੌ ਕਰੋੜ ਰੁਪਏ ਵਿੱਚ ਅਸੀਂ ਘੱਟੋ-ਘੱਟ ਦੋ ਸੌ ਏਕੜ ਜ਼ਮੀਨ ਦੀ ਖਰੀਦ ਕਰ ਸਕਦੇ ਹਾਂ। ਸਾਡੇ ਪੰਜਾਬ ਵਿੱਚ 23 ਜ਼ਿਲ੍ਹੇ ਹਨ ਅਤੇ 97 ਤਹਿਸੀਲਾਂ ਹਨ। ਜੇਕਰ ਅਸੀਂ ਪਰ ਤਹਿਸੀਲ 02 ਏਕੜ ਜ਼ਮੀਨ ਵੀ ਦੇ ਦੇਈਏ ਤਾਂ ਮੈਂ ਸਮਝਦਾ ਹਾਂ ਕਿ ਜਿਹੜਾ ਥਾਣਿਆਂ ਵਿੱਚ ਗੰਦ ਪਿਆ ਹੋਇਆ ਹੈ ਅਤੇ ਆਲੇ ਦੁਆਲੇ ਦੇ ਲੋਕ ਵੀ ਇਸ ਤੋਂ ਤੰਗ ਹਨ ਤਾਂ ਇਸ ਦਾ ਪਰਮਾਨੈਂਟ ਸਲਿਊਸ਼ਨ ਮਿਲ ਜਾਵੇਗਾ ਅਤੇ ਤਹਿਸੀਲ ਵਿੱਚ ਇੱਕ ਡੰਪ ਬਣ ਜਾਵੇਗਾ। ਜਦੋਂ ਵੀ ਉਸ ਦੀ ਪੂਰੀ ਕਾਨੂੰਨੀ ਕਾਰਵਾਈ ਹੋਵੇਗੀ ਤਾਂ ਕਾਰਵਾਈ ਪੂਰੀ ਹੋਣ ਤੋਂ ਬਾਅਦ ਥਾਣੇ ਤੋਂ ਚੁੱਕ ਕੇ ਵਹੀਕਲ ਉਸ ਡੰਪ ਵਿੱਚ ਪਹੁੰਚਾ ਦਿੱਤੀ ਜਾਵੇਗੀ। ਸਰ, ਮੇਰੀ ਇਹੀ ਬੇਨਤੀ ਹੈ ਕਿ ਜਿੰਨੀ ਜਲਦੀ ਹੋ ਸਕੇ ਇਸ ਦੀ ਨਿਲਾਮੀ ਸ਼ੁਰੂ ਕੀਤੀ ਜਾਵੇ ਅਤੇ ਇਸ ਨਿਲਾਮੀ ਦੇ ਪੈਸੇ ਨਾਲ ਜ਼ਮੀਨ ਖਰੀਦੀ ਜਾਵੇ ਅਤੇ ਜ਼ਮੀਨ ਤਹਿਸੀਲਾਂ ਨੂੰ ਦਿੱਤੀ ਜਾਵੇ ਤਾਂ ਕਿ ਵਹੀਕਲ ਪਰਾਪਰ ਜਗ੍ਹਾ ਤੇ ਖੜ੍ਹ ਸਕਣ ਅਤੇ ਲੋਕਾਂ ਨੂੰ ਬਿਮਾਰੀਆਂ ਤੋਂ ਵੀ ਬਚਾਇਆ ਜਾ ਸਕੇ।

**1105/Manika Rani/Rajneesh kumar**

**1110/Gurpreet kaur**

**ਮਾਣਯੋਗ ਸਪੀਕਰ:** ਧੰਨਵਾਦ ਜੀ। ਡਾਕਟਰ ਨਛੱਤਰ ਪਾਲ ਜੀ।

**ਡਾਕਟਰ ਨਛੱਤਰ ਪਾਲ (ਨਵਾਂ ਸ਼ਹਿਰ):** ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਜੀ। ਨਵਾਂ ਸ਼ਹਿਰ ਅੰਦਰ 83 ਲੱਖ ਰੁਪਏ ਦੀ ਲਾਗਤ ਨਾਲ ਰੇਲਵੇ ਰੋਡ ਬਣਿਆ ਸੀ ਪਰ ਕੁਝ ਮਹੀਨਿਆਂ ਬਾਅਦ ਟੁੱਟ ਗਿਆ। ਜਦੋਂ ਇਸ ਦੀ ਇਨਕੁਆਰੀ ਹੋਈ ਤਾਂ ਠੇਕੇਦਾਰ ਵੱਲੋਂ ਨਗਰ ਪਾਲਿਕਾ ਵਿੱਚ 16 ਲੱਖ ਰੁਪਿਆ ਜਮ੍ਹਾਂ ਕਰਵਾਇਆ ਗਿਆ। ਸੜ੍ਹਕ ਅੱਜ ਵੀ ਜਿਉਂ ਦੀ ਤਿਉਂ ਹੀ ਹੈ। ਇਸ ਦੇ ਨਾਲ ਨਵਾਂ ਸ਼ਹਿਰ ਰੋਡ ਦੇ ਦੁਕਾਨਦਾਰ ਭਰਾ, ਰਾਹਗੀਰ ਤੰਗ ਹਨ। ਉੱਥੇ ਬਹੁਤ ਐਕਸੀਡੈਂਟ ਹੁੰਦੇ ਹਨ। ਇਸ ਕਰਕੇ ਲੋਕਾਂ ਦਾ ਕਾਰੋਬਾਰ ਵੀ ਠੱਪ ਹੋ ਗਿਆ। ਸਪੀਕਰ ਸਾਹਿਬ, ਮੈਂ

ਤੁਹਾਡੇ ਮਾਧਿਅਮ ਰਾਹੀਂ ਮਾਣਯੋਗ ਸਥਾਨਕ ਸਰਕਾਰ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਉਹ ਸੜ੍ਹਕ ਜਲਦੀ ਤੋਂ ਜਲਦੀ ਬਣਾਈ ਜਾਵੇ ਤਾਂ ਜੋ ਲੋਕ ਸੁਖੀ ਹੋ ਸਕਣ। ਧੰਨਵਾਦ ਜੀ।

**ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ (ਪਠਾਨਕੋਟ):** ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਸਪੀਕਰ ਸਾਹਿਬ,ਮੈਂ ਸਥਾਨਕ ਸਰਕਾਰ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਪਠਾਨਕੋਟ ਜ਼ਿਲ੍ਹਾ ਹਿਮਾਚਲ ਅਤੇ ਜੇ. ਐਂਡ. ਕੇ. ਦਾ ਗੇਟਵੇਅ ਹੈ ਅਤੇ ਪੰਜਾਬ ਦਾ ਮੂੰਹ ਹੈ। ਉੱਥੇ ਸੀਵਰੇਜ ਅਤੇ ਸਫਾਈ ਦੀ ਹਾਲਤ ਬਹੁਤ ਮਾੜੀ ਹੈ। ਨਗਰ ਨਿਗਮ ਹੋਣ ਦੇ ਬਾਵਜੂਦ ਵੀ ਉੱਥੇ ਕੋਈ ਸੁਚਾਰੂ ਪ੍ਰਬੰਧ ਨਹੀਂ ਹੈ। ਉੱਥੇ ਸੜਕਾਂ ਦਾ ਵੀ ਬਹੁਤ ਬੁਰਾ ਹਾਲ ਹੈ। ਮੰਤਰੀ ਜੀ ਨੂੰ ਇਸ ਵੱਲ ਧਿਆਨ ਦੇਣ ਦੀ ਬਹੁਤ ਲੋੜ ਹੈ। ਜਦੋਂ ਵੀ ਕੋਈ ਬੰਦਾ ਪੰਜਾਬ ਵਿੱਚ ਐਂਟਰ ਕਰੇ ਤਾਂ ਪੰਜਾਬ ਦੀ ਹਾਲਤ ਉੱਥੋਂ ਹੀ ਪਤਾ ਲੱਗਣੀ ਹੈ।

**ਮਾਣਯੋਗ ਸਪੀਕਰ:** ਧੰਨਵਾਦ ਜੀ। ਸਰਦਾਰ ਪਰਗਟ ਸਿੰਘ ਜੀ।

**ਸਰਦਾਰ ਪਰਗਟ ਸਿੰਘ ਪੋਆਰ (ਜਲੰਧਰ ਛਾਉਣੀ):** ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਸਰਕਾਰ ਦੇ ਧਿਆਨ ਵਿੱਚ ਇੱਕ ਗੱਲ ਲਿਆਉਣੀ ਚਾਹੁੰਦਾ ਹਾਂ ਕਿ ਦਿੱਲੀ ਸਰਕਾਰ ਨਾਲ ਨਾਲਿਜ ਸ਼ੇਅਰਿੰਗ ਦੇ ਨਾਮ ਤੇ ਇੱਕ ਗੈਰ ਸੰਵਿਧਾਨਿਕ ਸਮਝੌਤਾ ਹੋਇਆ ਸੀ। ਹੁਣ ਵਾਲੀ ਬੀ.ਜੇ.ਪੀ. ਦੀ ਸਰਕਾਰ ਇਹ ਸਮਝੌਤਾ ਕੰਟੀਨਿਊ ਕਰ ਰਹੀ ਹੈ ਜਾਂ ਨਹੀਂ? ਇਹ ਨਾਲਿਜ ਸ਼ੇਅਰਿੰਗ ਸਮਝੌਤੇ ਨੂੰ ਰੱਦ ਕੀਤਾ ਗਿਆ ਹੈ ਜਾਂ ਕਰ ਰਹੇ ਹੋ? ਇਸ ਸਬੰਧੀ ਕੋਈ ਵਿਚਾਰ ਹੈ? ਦੂਜੀ ਗੱਲ, ਜਿਹੜੇ ਦਿੱਲੀ ਤੋਂ ਡਾਇਰੈਕਟ ਅਫਸਰ ਆਉਂਦੇ ਹਨ ਉਹ ਕਿਤੇ ਨਾ ਕਿਤੇ ਸਾਡੇ ਅਫਸਰਾਂ ਦੇ ਅਹੁਦਿਆਂ ਵੱਲ ਧਿਆਨ ਰੱਖਦੇ ਹਨ ਜਾਂ ਉਨ੍ਹਾਂ ਦੀਆਂ ਪਾਵਰਜ਼ ਕਰਟੇਲ ਕਰ ਰਹੇ ਹਨ। ਹੁਣ ਵੀ ਡੀ.ਜੀ.ਪੀ. ਦੀ ਪਾਵਰ ਕਰਟੇਲ ਕਰਕੇ ਐਸ.ਐਸ.ਪੀ. ਦਾ ਅਹੁਦਾ ਪੰਜਾਬ ਦੇ ਕੇਡਰ ਤੋਂ ਖੋਹਣਾ ਚਾਹੁੰਦੇ ਹਨ। ਮੈਂ ਇਹੀ ਬੇਨਤੀ ਕਰਦਾ ਹਾਂ ਕਿ ਇਸ ਨੂੰ appropriate level ਤੇ ਟੇਕਅਪ ਕਰਕੇ ਅਫਸਰ ਕੇਡਰ ਵਿੱਚ ਪੰਜਾਬ ਦੇ ਬਣਦੇ ਹਿੱਸੇ ਨੂੰ ਮੇਨਟੇਨ ਕੀਤਾ ਜਾਵੇ।

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ (ਰਾਜਾਸਾਂਸੀ):** ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਮੈਂ ਬੋਲਣ ਲਈ ਪਰਸੋਂ ਦਾ ਹੱਥ ਖੜ੍ਹਾ ਕਰੀ ਜਾਂਦਾ ਹਾਂ। ਸ਼ੁਕਰ ਹੈ, ਤੁਹਾਡਾ ਸਾਡੇ ਵੱਲ ਵੀ ਧਿਆਨ ਗਿਆ।

**ਮਾਣਯੋਗ ਸਪੀਕਰ:** ਸ਼ੁਕਰ ਹੈ, ਤੁਹਾਡੇ ਦਰਸ਼ਨ ਹੋ ਗਏ। ਤੁਹਾਨੂੰ ਹੱਥ ਖੜ੍ਹਾ ਕਰਨ ਦੀ ਲੋੜ ਹੀ ਨਹੀਂ ਹੈ। ਤੁਸੀਂ ਬੱਸ ਇਸ਼ਾਰਾ ਕਰ ਦਿਆ ਕਰੋ।

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ:** ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਹਾਊਸ ਦੇ ਅਤੇ ਸਰਕਾਰ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਪਿਛਲੇ ਮਹੀਨੇ ਦੀ 28 ਤਾਰੀਖ ਨੂੰ ਜਦੋਂ ਪੰਜਾਬ ਵਿੱਚ ਬਾਰਿਸ਼ ਹੋਈ ਸੀ ਅਤੇ ਅੰਮ੍ਰਿਤਸਰ ਹਲਕੇ ਦੇ 10 ਪਿੰਡਾਂ ਵਿੱਚ ਬਹੁਤ ਭਾਰੀ ਗੜ੍ਹੇਮਾਰੀ ਹੋਈ ਤਾਂ ਪਤਾ ਨਹੀਂ ਉਹ ਕਿਹੜੀ ਕੁਦਰਤੀ

ਕਰੋਪੀ ਸੀ ਜੋ ਅੱਧਾ-ਪੌਣਾ ਕਿਲੋਮੀਟਰ ਦੇ ਘੇਰੇ ਵਿੱਚ ਉਨ੍ਹਾਂ 10 ਪਿੰਡਾਂ ਤੱਕ ਮਾਰ ਕਰ ਗਈ। ਉੱਥੇ ਸਾਰੀ ਫਸਲ ਤਬਾਹ ਹੋ ਗਈ। ਮੈਂ ਉੱਥੇ ਜਾ ਕੇ ਆਪ ਵੀ ਵੇਖਿਆ ਕਿ ਕਣਕ ਦਾ ਕੋਈ ਵੀ ਛਿੱਟਾ ਨਹੀਂ ਰਹਿ ਗਿਆ ਸੀ। ਉੱਥੇ ਕਿਸਾਨਾਂ ਦੀ ਇੱਕ ਮੰਗ ਹੈ ਕਿ ਉੱਥੇ ਅੰਮ੍ਰਿਤਸਰ ਪੰਜਾਬ ਐਗਰੋ ਵਾਲੇ ਚਾਰੇ ਵਾਸਤੇ ਆਚਾਰ ਬਣਾਉਣ ਲਈ ਮੱਕੀ ਖਰੀਦਦੇ ਹਨ। ਉਨ੍ਹਾਂ ਕੋਲ ਮੱਕੀ ਬੀਜਣ ਤੋਂ ਬਿਨਾਂ ਹੋਰ ਕੋਈ ਵੀ ਚਾਰਾ ਨਹੀਂ ਹੈ। ਉਹ ਚਾਹੁੰਦੇ ਹਨ ਕਿ ਅਸੀਂ ਮੱਕੀ ਬੀਜ ਦਿੰਦੇ ਹਾਂ ਅਤੇ ਸਰਕਾਰ ਇਸ ਗੱਲ ਦਾ ਧਿਆਨ ਰੱਖੇ ਕਿ ਸਾਡੀ ਮੱਕੀ ਪ੍ਰਾਇਰਟੀ ਤੇ ਚੁੱਕ ਲਈ ਜਾਵੇ।

**ਮਾਣਯੋਗ ਸਪੀਕਰ:** ਧੰਨਵਾਦ ਜੀ।

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ** :ਸਰ, ਮੇਰੀ ਪੂਰੀ ਬੇਨਤੀ ਤਾਂ ਸੁਣ ਲਓ ਜੀ। ਕਦੇ ਹੀ ਤਾਂ ਮੰਤਰੀ ਜੀ ਨਾਲ ਗੱਲ ਕਰਨੀ ਹੁੰਦੀ ਹੈ, ਤੁਸੀਂ ਗੱਲ ਕਰ ਲੈਣ ਦਿਆ ਕਰੋ ਜੀ। ਮੇਰੀ ਬੇਨਤੀ ਹੈ ਕਿ ਇੱਕ ਮੁਆਵਜ਼ੇ ਦੀ ਗੱਲ ਹੈ, ਪਹਿਲਾਂ ਇਹ ਮੁਆਵਜ਼ਾ 8000 ਰੁਪਏ ਹੁੰਦਾ ਸੀ, ਜਿੱਥੇ 100% ਫਸਲ ਦਾ ਨੁਕਸਾਨ ਹੁੰਦਾ ਸੀ। ਪਿਛਲੀ ਕਾਂਗਰਸ ਦੀ ਸਰਕਾਰ ਵੇਲੇ ਇਹ ਮੁਆਵਜ਼ਾ 12000 ਰੁਪਏ ਕੀਤਾ ਗਿਆ ਸੀ ਮੇਰੀ ਇਹ ਵੀ ਬੇਨਤੀ ਹੈ ਕਿ ਇਸ ਤੇ ਵੀ ਗੌਰ ਕੀਤਾ ਜਾਵੇ ਕਿਉਂਕਿ ਇਸ ਨੂੰ 7-8 ਸਾਲ ਹੋ ਗਏ ਹਨ, ਇਨ੍ਹਾਂ 12000 ਰੁਪਏ ਨਾਲ ਕੁਝ ਬਣਦਾ ਨਹੀਂ ਹੈ। ਇੱਥੇ ਖਜ਼ਾਨਾ ਮੰਤਰੀ ਜੀ ਵੀ ਬੈਠੇ ਹਨ, ਸਰਕਾਰ ਦੇ ਕਹਿਣ ਮੁਤਾਬਿਕ ਖਜ਼ਾਨੇ ਵਿੱਚ ਕੋਈ ਘਾਟ ਵੀ ਨਹੀਂ ਹੈ। ਇਸ ਮੁਆਵਜ਼ੇ ਨੂੰ ਖੁੱਲ੍ਹੇ ਦਿਲ ਨਾਲ ਵਧਾ ਕੇ ਲੋਕਾਂ ਵਿੱਚ ਵੰਡਿਆ ਜਾਵੇ ਪਰ ਇਸ ਗੱਲ ਦਾ ਜ਼ਰੂਰ ਧਿਆਨ ਰੱਖਿਆ ਜਾਵੇ ਕਿ ਕੁਝ ਲੋਕਾਂ ਨੇ ਉਹ ਜ਼ਮੀਨ ਠੇਕੇ ਤੇ ਲਈ ਹੈ, ਉਹ ਮੁਆਵਜ਼ਾ ਠੇਕੇ ਵਾਲਿਆਂ ਦੇ ਖਾਤਿਆਂ ਦੇ ਵਿੱਚ ਹੀ ਜਾਵੇ। ਬਹੁਤ ਬਹੁਤ ਮਿਹਰਬਾਨੀ।

**1110/Gurpreet kaur/Monika sharma**

**1115/Rajneet Kaur**

**ਸ਼੍ਰੀਮਤੀ ਅਰੁਨਾ ਚੌਧਰੀ (ਦੀਨਾ ਨਗਰ, ਐਸ.ਸੀ.)** : ਥੈਂਕ ਯੂ, ਸਪੀਕਰ ਸਾਹਿਬ। ਸਰ, ਮੈਂ ਇੱਕ ਬਹੁਤ ਹੀ ਅਹਿਮ ਮੁੱਦੇ ਗੱਲ ਕਰਨਾ ਚਾਹੁੰਦੀ ਹਾਂ ਕਿ ਪੰਜ ਸਾਲ ਬਾਅਦ ਪ੍ਰਧਾਨ ਮੰਤਰੀ ਆਵਾਸ ਯੋਜਨਾ ਦਾ ਪੋਰਟਲ ਖੁੱਲ੍ਹਿਆ ਹੈ, ਪਹਿਲਾਂ ਇਹ ਸਾਲ 2019 ਵਿੱਚ ਖੁੱਲ੍ਹਿਆ ਸੀ ਤੇ ਹੁਣ ਦੁਬਾਰਾ ਖੁੱਲ੍ਹਿਆ ਹੈ। ਸੋ, ਇਸ ਵਿੱਚ ਟੋਟਲ 100% ਫੰਡਿਗ ਗੌਰਮਿੰਟ ਆਫ ਇੰਡੀਆ ਦੀ ਹੈ, ਜਿਸ ਵਿੱਚ ਤਿੰਨ ਕਿਸ਼ਤਾਂ ਵਿੱਚ ਪੈਸੇ ਮਿਲਦੇ ਹਨ, ਇਸ ਬਾਰੇ ਮਾਣਯੋਗ ਮੈਂਬਰ ਕੁਲਵੰਤ ਸਿੰਘ ਪੰਡੋਰੀ ਜੀ ਨੇ ਵੀ ਗੱਲ ਕੀਤੀ ਹੈ। ਮੈਂ ਇਹ ਲੈਟਰ ਗੌਰਮਿੰਟ ਆਫ ਇੰਡੀਆ ਤੋਂ ਪ੍ਰਕਿਓਰ ਕੀਤੀ ਹੈ, ਇਸ ਬਾਰੇ ਸਾਨੂੰ ਕੋਈ ਨਾਲੇਜ ਨਹੀਂ ਸੀ। ਜਦਕਿ ਇਸ ਵਿੱਚ ਇੰਸਟਰਕਸ਼ਨਜ਼ ਹਨ ਕਿ ਪਿੰਡ ਪੱਧਰ ਤੇ ਕੈਂਪ ਲਗਾਏ ਜਾਣ, ਗ੍ਰਾਮ ਸਭਾਵਾਂ ਕਰਵਾਈਆਂ ਜਾ ਸਕਦੀਆਂ ਹਨ, ਗੁਰਦੁਆਰਾ ਸਾਹਿਬ ਅਤੇ ਮੰਦਰਾਂ ਦੇ ਵਿੱਚ ਅਨਾਊਂਸਮੈਂਟ ਕਰਵਾਈ ਜਾ ਸਕਦੀ ਹੈ, ਪਿੰਡਾਂ ਵਿੱਚ ਮੁਨਿਆਦੀ ਕਰਵਾਈ ਜਾ ਸਕਦੀ ਹੈ, ਖੇਤਰੀ ਭਾਸ਼ਾ ਵਿੱਚ ਪੋਸਟਰ ਛਪਵਾ ਕੇ ਵੀ ਵੰਡੇ ਜਾ ਸਕਦੇ ਹਨ। ਇਸ ਬਾਰੇ ਸਾਨੂੰ ਕੋਈ ਵੀ ਗੱਲ ਪਤਾ ਨਹੀਂ ਹੈ, ਮੈਨੂੰ ਲਗਦਾ ਹੈ ਕਿ ਸਾਡੇ ਇੱਧਰ ਵਾਲੇ ਪਾਸੇ ਬੈਠੇ ਮੈਂਬਰਜ਼ ਨੂੰ ਇਸ ਗੱਲ ਦੀ ਨਾਲੇਜ ਨਹੀਂ ਹੈ। ਇਸ ਦੀ 31 ਮਾਰਚ, 2025 ਲਾਸਟ ਡੇਟ ਹੈ, ਇਸ ਵਿੱਚ ਦੋ ਦਿਨ

ਰਹਿ ਗਏ ਹਨ। ਇਸ ਸਬੰਧੀ ਕਿਸੇ ਦੇ ਘਰ ਵਿੱਚ ਬੈਠ ਕੇ ਲਿਸਟਾਂ ਬਣਾਈਆਂ ਜਾ ਰਹੀਆਂ ਹਨ। ਸੋ, ਅਸੀਂ ਇਸ ਤੇ ਰਾਜਨੀਤੀ ਨਾ ਕਰੀਏ। ਪੰਜਾਬ ਦੇ ਗਰੀਬ ਲੋਕਾਂ ਨੂੰ ਕੱਚੀ ਛੱਤ ਦਾ ਮੁਆਵਜ਼ਾ ਦੇਣ ਵਾਸਤੇ 100% ਪੈਸੇ ਗੌਰਮਿੰਟ ਆਫ ਇੰਡੀਆ ਦੇ ਰਹੀ ਹੈ ਅਤੇ ਪੰਜਾਬ ਸਰਕਾਰ ਦੀ ਇਸ ਵਿੱਚ ਕੋਈ ਵੀ ਮੈਚਿੰਗ ਗਰਾਂਟ ਨਹੀਂ ਹੈ, ਸਾਡਾ ਇੱਕ ਰੁਪਿਆ ਵੀ ਨਹੀਂ ਲੱਗਣਾ। ਸੋ, ਅਸੀਂ ਇਸ ਦਾ ਮੈਕਸੀਮਮ ਫਾਇਦਾ ਉਠਾ ਸਕਦੇ ਹਾਂ, ਇਸ ਦਾ ਬੈਨੇਫਿਟ ਉਠਾਈਏ ਤਾਂ ਕਿ ਪੰਜਾਬ ਦੇ ਗਰੀਬ ਲੋਕਾਂ ਦਾ ਭਲਾ ਹੋ ਸਕੇ। ਇਸ ਨਾਲ ਜਿਹੜੀ ਕੱਚੇ ਮਕਾਨਾਂ ਦੀ ਪ੍ਰਾਬਲਮ ਹੈ, ਇਸ ਨੂੰ ਹਮੇਸ਼ਾ ਵਾਸਤੇ ਖਤਮ ਕਰ ਸਕਦੇ ਹਾਂ ਜੋ ਇਸ ਸਮੇਂ ਪ੍ਰੈਜ਼ੈਂਟ ਹੈ। ਇਹ ਸਕੀਮ ਇੱਥੋਂ ਤੱਕ ਖੁੱਲ੍ਹੀ ਹੈ ਕਿ ਜਿੰਨੇ ਵੀ ਬੀ.ਡੀ.ਪੀ.ਓ. ਦੇ ਕੋਲ ਪੁਰਾਣੀਆਂ ਵੀ ਕੋਈ ਐਪਲੀਕੇਸ਼ਨਾਂ ਪਈਆਂ ਹਨ, ਉਹ ਵੀ ਅਪਲੋਡ ਕੀਤੀਆਂ ਜਾ ਸਕਦੀਆਂ ਹਨ। ਸੋ, ਮੈਂ ਇਹ ਚਾਹੁੰਦੀ ਹਾਂ ਕਿ ਮੈਕਸੀਮਮ ਦੋ ਦਿਨਾਂ ਵਿੱਚ, 31 ਮਾਰਚ ਨੂੰ ਇਹ ਪੋਰਟਲ ਬੰਦ ਹੋ ਜਾਣਾ ਹੈ, ਇਸ ਲਈ ਵੱਧ ਤੋਂ ਵੱਧ ਫਾਇਦਾ ਗਰੀਬ ਲੋਕਾਂ ਵਾਸਤੇ ਚੁੱਕੀਏ। ਧੰਨਵਾਦ।

**ਸਰਦਾਰ ਕੁਲਵੰਤ ਸਿੰਘ ਬਾਜੀਗਰ (ਸ਼ੁਤਰਾਣਾ, ਐਸ.ਸੀ.)** : ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਸਪੀਕਰ ਸਾਹਿਬ, ਮੈਂ ਆਪ ਜੀ ਦੇ ਹਵਾਲੇ ਨਾਲ ਪੂਰੇ ਸਦਨ ਦੇ ਧਿਆਨ ਵਿੱਚ ਇਹ ਗੱਲ ਲਿਆਉਣਾ ਚਾਹੁੰਦਾ ਹਾਂ ਕਿ ਪੰਜਾਬ ਅੰਦਰ ਸਾਲ 1947 ਦੇ ਸਮੇਂ ਤੋਂ ਬਾਅਦ ਪਾਕਿਸਤਾਨ ਅਤੇ ਭਾਰਤ ਦੇ ਵੱਖੋ-ਵੱਖ ਰਾਜਾਂ ਵਿੱਚੋਂ ਉੱਜੜ ਕੇ ਆਏ ਟੱਪਰੀਵਾਸ ਕਬੀਲੇ, ਜਿਵੇਂ ਕਿ ਸਾਂਸੀ, ਬੌਰੀਏ, ਬਾਜ਼ੀਗਰ, ਸਿਕਲੀਗਰ, ਬੰਗਾਲੇ, ਗੱਡੀ ਲੋਹਾਰ ਅਤੇ ਰਾਏ ਸਿੱਖ ਬਰਾਦਰੀਆਂ ਦੇ ਲਗਭਗ 18-20 ਲੱਖ ਪੂਰੇ ਪੰਜਾਬ ਦੇ ਵੱਖ-ਵੱਖ ਖੇਤਰਾਂ ਵਿੱਚ ਵਾਸ ਕਰ ਰਹੇ ਹਨ। ਆਜ਼ਾਦੀ ਤੋਂ ਪਹਿਲਾਂ ਸਾਂਝੇ ਪੰਜਾਬ ਵਿੱਚ ਇਨ੍ਹਾਂ ਪਾਸ ਆਪਣੀ ਮਲਕੀਅਤ ਵਾਹੀਯੋਗ ਜ਼ਮੀਨ ਸੀ ਪਰ ਦੇਸ਼ ਦੇ ਬਟਵਾਰੇ ਤੋਂ ਬਾਅਦ, ਆਜ਼ਾਦੀ ਦੇ ਸਮੇਂ ਤੋਂ ਬਾਅਦ ਇਨ੍ਹਾਂ ਕੋਲ ਪੰਜਾਬ ਵਿੱਚ ਪੂਰੀ ਵਾਹੀਯੋਗ ਜ਼ਮੀਨ ਅਤੇ ਨਾ ਹੀ ਰਹਿਣ ਯੋਗ ਜ਼ਮੀਨ ਅਲਾਟ ਕੀਤੀਆਂ ਗਈਆਂ ਸਨ। ਇਨ੍ਹਾਂ ਵਿੱਚੋਂ ਕੁਝ ਦੀ ਹਾਲਤ ਤਾਂ ਬੜੀ ਹੀ ਤਰਸਯੋਗ ਹੈ। ਸੋ, ਉਸ ਸਮੇਂ ਇਨ੍ਹਾਂ ਨੂੰ ਜਿੱਥੇ ਜਿੱਥੇ ਵੀ ਥਾਂ ਮਿਲੀ, ਇਹ ਆਪਣੀਆਂ-ਆਪਣੀਆਂ ਝੁੱਗੀਆਂ ਬਣਾ ਕੇ ਰਹਿਣ ਲੱਗ ਪਏ। ਜਿਸ ਥਾਂ ਤੇ ਇਹ ਲੋਕ ਰਹਿਣ ਲੱਗ ਪਏ, ਉੱਥੋਂ ਦੀ ਜ਼ਮੀਨ ਦੇ ਪੁਰਾਣੇ ਕਾਗਜ਼ ਤਾਂ ਹਨ ਪਰ ਇਨ੍ਹਾਂ ਥਾਵਾਂ ਦਾ ਕੋਈ ਵੀ ਸਰਕਾਰੀ ਦਸਤਾਵੇਜ਼, ਗਿਰਦਾਵਰੀ ਨਹੀਂ ਹੈ ਜਿਸ ਕਾਰਨ ਇਹ ਲੋਕ ਅੱਜ ਦੇ ਸਮੇਂ ਵਿੱਚ ਬਹੁਤ ਸਾਰੀਆਂ ਸਰਕਾਰੀ ਅਤੇ ਗੈਰ ਸਰਕਾਰੀ ਸਹੂਲਤਾਂ ਤੋਂ ਵਾਂਝੇ ਹਨ। ਸੋ, ਮੈਂ ਬੇਨਤੀ ਕਰਦਾ ਹਾਂ ਕਿ ਇਹ ਲੋਕ ਉਸ ਜਗ੍ਹਾ ਤੇ ਰਹਿ ਤਾਂ ਰਹੇ ਹਨ ਪਰ ਇਨ੍ਹਾਂ ਕੋਲ ਕੋਈ ਵੀ ਸਰਕਾਰੀ ਦਸਤਾਵੇਜ ਅਤੇ ਨਾ ਹੀ ਗਿਰਦਾਵਰੀ ਹੈ। ਜਿਹੜੀਆਂ ਥਾਵਾਂ ਤੇ ਇਹ ਬੈਠੇ ਹਨ, ਉਨ੍ਹਾਂ ਦੀਆਂ ਗਿਰਦਾਵਰੀਆਂ ਕੀਤੀਆਂ ਜਾਣ ਤਾਂ ਕਿ ਉਹ ਬੈਂਕਾਂ ਦੇ ਵਿੱਚੋਂ ਲੋਨ ਲੈ ਕੇ ਆਪਣਾ ਮਕਾਨ ਬਣਾ ਸਕਣ ਜਾਂ ਕੋਈ ਆਪਣਾ ਕੋਈ ਰੁਜ਼ਗਾਰ ਚਲਾ ਸਕਣ। ਬਹੁਤ ਬਹੁਤ ਧੰਨਵਾਦ।

**ਸ੍ਰੀ ਜਗਦੀਪ ਕੰਬੋਜ ਗੋਲਡੀ (ਜਲਾਲਾਬਾਦ)** : ਧੰਨਵਾਦ, ਸਪੀਕਰ ਸਾਹਿਬ। ਮੈਂ ਤੁਹਾਡੇ ਮਾਧਿਅਮ ਰਾਹੀਂ ਹੈਲਥ ਮਨਿਸਟਰ ਸਾਹਿਬ ਨੂੰ ਇੱਕੋ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਬਾਕੀ ਤਾਂ ਪੰਜਾਬ ਵਿੱਚ ਬਹੁਤ ਹਸਪਤਾਲ ਦੇ ਦਿੱਤੇ, ਬਹੁਤ ਕਿਰਪਾ ਕਰ ਦਿੱਤੀ। ਜਲਾਲਾਬਾਦ ਦਾ ਸਿਵਲ ਹਸਪਤਾਲ ਕਦੋਂ ਤੱਕ ਅਪਗ੍ਰੇਡ ਹੋ ਜਾਵੇਗਾ? ਉਹ ਬਾਬਾ ਫਰੀਦ ਨਾਲ ਜੁਆਇੰਟ ਹੈ। ਉਸ ਨੂੰ ਇਕ ਤਰਫ ਕਰ ਦੇਵੋ, ਅਸੀਂ ਪਿਛਲੀ ਵਾਰ ਵੀ ਬੇਨਤੀ ਕੀਤੀ ਸੀ ਕਿ ਜਾਂ ਤਾਂ

ਇਸ ਹਸਪਤਾਲ ਨੂੰ ਬਾਬਾ ਫਰੀਦ ਯੂਨੀਵਰਸਿਟੀ ਨੂੰ ਦੇ ਦੇਵੋ ਜਾਂ ਡਿਪਾਰਟਮੈਂਟ ਆਪਣੇ ਕੋਲ ਰੱਖ ਲਵੇ ਤਾਂ ਕਿ ਉਸ ਨੂੰ ਕੰਟੀਨਿਊ ਕੀਤਾ ਜਾ ਸਕੇ।

**1115/Rajneet Kaur/Monika sharma**

**1120/Kuldeep kaur**

**ਸਰਦਾਰ ਹਰਦੇਵ ਸਿੰਘ ਲਾਡੀ (ਸ਼ਾਹਕੋਟ):** ਧੰਨਵਾਦ ਸਪੀਕਰ ਸਾਹਿਬ। ਤੁਹਾਡੇ ਰਾਹੀਂ ਮੈਂ ਸਰਕਾਰ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਮੁੱਖ ਰੱਖਦੇ ਹੋਏ ਸਾਲ 2020 ਵਿੱਚ ਪੰਜਾਬ ਸਰਕਾਰ ਨੇ ਗੁਰੂ ਤੇਗ ਬਹਾਦਰ ਸਟੇਟ ਲਾਅ ਯੂਨੀਵਰਸਿਟੀ ਜਿਹੜੀ ਤਰਨਤਾਰਨ ਜ਼ਿਲ੍ਹੇ ਦੇ ਕੈਰੋਂ ਪਿੰਡ ਵਿੱਚ ਅਨਾਊਂਸ ਕੀਤੀ ਸੀ। ਇਸ ਯੂਨੀਵਰਸਿਟੀ ਦਾ ਕੰਮ ਸਾਲ 2021 ਵਿੱਚ ਸ਼ੁਰੂ ਕੀਤਾ ਗਿਆ ਸੀ। ਇਹ ਪ੍ਰਾਜੈਕਟ 280 ਕਰੋੜ ਰੁਪਏ ਦਾ ਸੀ ਅਤੇ ਇਸ ਵਿੱਚ 20 ਕਰੋੜ ਰੁਪਏ ਦੇ ਲਗਭਗ ਉੱਥੇ ਖਰਚ ਹੋਇਆ ਹੈ। ਇਸ ਯੂਨੀਵਰਸਿਟੀ ਦਾ ਚੱਲਦਾ ਕੰਮ ਹੁਣ ਬੰਦ ਕਰ ਦਿੱਤਾ ਹੈ। ਮੈਂ ਸਮਝਦਾ ਹਾਂ ਕਿ ਇਹ ਗੁਰੂ ਤੇਗ ਬਹਾਦਰ ਮਹਾਰਾਜ ਨੌਵੀਂ ਪਾਤਸ਼ਾਹੀ ਜੀ ਦੇ ਨਾਂਅ ਤੇ ਇੰਸਟੀਚਿਊਸ਼ਨ ਹੈ। ਇਹ ਲਾਅ ਯੂਨੀਵਰਸਿਟੀ ਬਣਨੀ ਹੈ ਜਿੱਥੋਂ ਸਾਡੇ ਨੌਜਵਾਨਾਂ ਨੇ ਸੇਧ ਲੈ ਕੇ ਆਪਣਾ ਰੁਜ਼ਗਾਰ ਪ੍ਰਾਪਤ ਕਰਨਾ ਹੈ। ਮੈਂ ਸਮਝਦਾ ਹਾਂ ਕਿ ਜਲਦੀ ਤੋਂ ਜਲਦੀ ਇਸ ਦਾ ਕੰਮ ਚਾਲੂ ਕਰਵਾ ਕੇ ਇਸ ਨੂੰ ਪੂਰਾ ਕੀਤਾ ਜਾਵੇ। ਬਹੁਤ ਬਹੁਤ ਧੰਨਵਾਦ, ਸਪੀਕਰ ਸਾਹਿਬ।

**ਰਾਣਾ ਗੁਰਜੀਤ ਸਿੰਘ (ਕਪੂਰਥਲਾ):** ਸਪੀਕਰ ਸਾਹਿਬ, ਧੰਨਵਾਦ। ਗੱਲ ਇਹ ਹੈ ਕਿ ਪਿਛਲੇ ਜਿਹੜੇ ਡਰੋਨ ਪਾਕਿਸਤਾਨ ਤੋਂ ਪੰਜਾਬ ਲਈ ਅਸ਼ਾਂਤੀ ਫੈਲਾਉਂਦੇ ਹਨ, ਉਨ੍ਹਾਂ ਲਈ ਬੜਾ ਵਧੀਆ ਕੰਮ ਕੀਤਾ ਹੈ। ਇਸ ਦੀ ਤਾਰੀਫ ਕਰਾਂਗਾ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਲੇਕਿਨ ਜਿੱਥੇ ਬਾਹਰਲੀਆਂ ਫੋਰਸਿਜ਼ ਹਨ, ਉੱਥੇ ਆਪਾਂ ਪੰਜਾਬ ਦੀ ਵੀ ਗੱਲ ਕਰੀਏ ਤਾਂ ਪੰਜਾਬ ਵਿੱਚ ਵੀ ਪਿਛਲੇ ਦਿਨੀਂ ਜਿਸ ਤਰ੍ਹਾਂ ਕਿਸਾਨਾਂ ਨੂੰ ਉਠਾਇਆ ਗਿਆ ਹੈ, ਉਸ ਨਾਲ ਲੋਕਾਂ ਦੇ ਮਨ ਵਿੱਚ ਠੇਸ ਹੈ। ਮੈਂ ਇਕ ਸੁਝਾਅ ਦੇਣਾ ਚਾਹੁੰਦਾ ਹਾਂ ਕਿ ਡੱਲੇਵਾਲ ਸਾਹਿਬ ਕਿੱਥੇ ਹਨ, ਕਿਸ ਹਸਪਤਾਲ ਵਿੱਚ ਹਨ ਲੇਕਿਨ ਇਕ ਚੰਗਾ ਮੈਸੇਜ ਭੇਜਣ ਲਈ ਤਾਂ ਕਿ ਲੋਕਾਂ ਵਿੱਚ ਸ਼ਾਂਤੀ ਰਹੇ, ਉਨ੍ਹਾਂ ਦੇ ਪਰਿਵਾਰ ਨੂੰ ਉਨ੍ਹਾਂ ਨੂੰ ਮਿਲਣ ਦੇਣਾ ਚਾਹੀਦਾ ਹੈ। ਉਨ੍ਹਾਂ ਦੇ ਨਜ਼ਦੀਕੀ ਸਾਥੀਆਂ ਨੂੰ ਮਿਲਣ ਦੇਣਾ ਚਾਹੀਦਾ ਹੈ ਤਾਂ ਜੋ ਲੋਕਾਂ ਦੇ ਮਨ ਵਿੱਚ ਕੋਈ ਸ਼ੰਕਾ ਨਾ ਰਹੇ ਕਿ ਸਰਕਾਰ ਧੱਕਾ ਕਰ ਰਹੀ ਹੈ, ਇਹੋ ਜਿਹੀ feeling ਨਾ ਬਣੇ। ਇਸ ਦੇ ਨਾਲ ਸ਼ਾਂਤੀ ਬਣੀ ਰਹੇਗੀ, ਮੈਂ ਤਾਂ ਸ਼ਾਂਤੀ ਦਾ ਪੁਜਾਰੀ ਹਾਂ। ਇਕ ਸੁਜੈਸ਼ਨ ਦਿੱਤੀ ਹੈ ਜੇ ਮੰਨ ਲਵੋ ਤਾਂ ਠੀਕ ਹੈ।

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ (ਫਤਿਹਗੜ੍ਹ ਚੂੜੀਆਂ):** ਸਪੀਕਰ ਸਾਹਿਬ, ਜਿਹੜਾ ਮਸਲਾ ਮੈਂ ਉਠਾਉਣ ਲੱਗਾ ਹਾਂ, ਪਹਿਲਾਂ ਵੀ ਇਸ ਹਾਊਸ ਵਿੱਚ ਆ ਚੁੱਕਾ ਹੈ। ਮਾਝੇ ਵਿੱਚ ਇਸ ਸੀਜ਼ਨ ਵਿੱਚ ਝੋਨੇ ਦੀ ਬਹੁਤ ਲੁੱਟ ਖਸੁੱਟ ਹੋਈ ਹੈ। 1700 ਰੁਪਏ ਕੁਇੰਟਲ ਤੋਂ ਲੈ ਕੇ ਵੱਧ ਤੋਂ ਵੱਧ 2100 ਰੁਪਏ ਪ੍ਰਤੀ ਕੁਇੰਟਲ ਤੱਕ ਝੋਨਾ ਵਿਕਿਆ ਹੈ। ਤਕਰੀਬਨ 4000 ਕਰੋੜ ਰੁਪਏ ਦਾ ਗਬਨ ਹੋਇਆ ਹੈ। ਝੋਨਾ ਪੰਜਾਬ ਦੀਆਂ ਏਜੰਸੀਆਂ ਨੇ ਖਰੀਦਿਆ। ਜੱਟ ਨੂੰ ਪੈਸਾ ਨਹੀਂ ਮਿਲਿਆ ਪਰ ਬਿੱਲ ਪੂਰਾ ਕੱਟਿਆ ਗਿਆ ਹੈ। ਉਹ ਵਿਚਲਾ ਪੈਸਾ ਕੌਣ ਖਾ ਗਿਆ? ਸਰਕਾਰ ਇਸ ਦੀ

ਕੋਈ ਇਨਕੁਆਇਰੀ ਕਰਵਾਏਗੀ ਜਾਂ ਨਹੀਂ ਕਰਵਾਏਗੀ? ਵਿਜੀਲੈਂਸ ਮਹਿਕਮਾ ਇੰਨਾ ਤੇਜ਼ ਚੱਲਿਆ ਹੋਇਆ ਹੈ। ਇੰਨੀ ਵੱਡੀ ਕੁਰੱਪਸ਼ਨ ਹੋਈ ਹੈ। ਉਹ 4000 ਕਰੋੜ ਰੁਪਏ ਕੌਣ ਖਾ ਗਿਆ? ਮੈਂ ਬੇਨਤੀ ਕਰਦਾ ਹਾਂ ਕਿ ਸਰਕਾਰ ਇਸ ਲਈ ਸੀਰੀਅਸ ਹੋਵੇ ਅਤੇ ਇਸ ਦੀ ਇਨਕੁਆਇਰੀ top level ਤੇ ਕਰਵਾਈ ਜਾਵੇ ਕਿ ਪੈਸਾ ਕਿੱਧਰ ਗਿਆ? ਲੋਕ ਬਹੁਤ ਗੱਲਾਂ ਕਰਦੇ ਹਨ ਕਿ ਸ਼ਾਇਦ ਦਿੱਲੀ ਦੀਆਂ ਇਲੈਕਸ਼ਨਾਂ ਵਿੱਚ ਲੱਗ ਗਿਆ ਜਾਂ ਅਫਸਰ ਖਾ ਗਏ, ਲੀਡਰ ਖਾ ਗਏ। ਸੋ, ਸਰਕਾਰ ਨੂੰ ਆਪਣੀ ਪੁਜ਼ੀਸ਼ਨ ਕਲੀਅਰ ਕਰਨੀ ਚਾਹੀਦੀ ਹੈ ਕਿ ਇਹ ਪੈਸਾ ਕਿੱਥੇ ਗਿਆ ਹੈ?

**ਸਰਦਾਰ ਬਲਵਿੰਦਰ ਸਿੰਘ ਧਾਲੀਵਾਲ (ਫਗਵਾੜਾ, ਐਸ.ਸੀ.)**: ਧੰਨਵਾਦ ਸਪੀਕਰ ਸਾਹਿਬ। ਸਰ, ਮੈਂ ਆਪ ਜੀ ਦਾ ਧਿਆਨ ਫਗਵਾੜਾ ਵਿਖੇ ਸਥਿਤ ਜੇ.ਸੀ.ਟੀ. ਮਿੱਲ ਵੱਲ ਲਿਆਉਣਾ ਚਾਹੁੰਦਾ ਹਾਂ। ਸਾਰੇ ਜਾਣਦੇ ਹਨ ਕਿ ਜੇ.ਸੀ.ਟੀ. ਮਿੱਲ ਦਾ ਨਾਮ ਇਕੱਲਾ ਦੇਸ਼ ਵਿੱਚ ਹੀ ਨਹੀਂ ਪਹਿਲਾਂ ਵਿਦੇਸ਼ ਵਿੱਚ ਵੀ ਉਸ ਦਾ ਨਾਮ ਰਿਹਾ ਹੈ। ਜਿਹੜੇ ਸਮੀਰ ਥਾਪਰ ਉਨ੍ਹਾਂ ਦੇ ਮਾਲਕ ਹਨ ਅਤੇ ਮੈਨੇਜਮੈਂਟ ਵੱਲੋਂ ਮਾੜੀ ਕਾਰਗੁਜ਼ਾਰੀ ਕਰਕੇ ਉਸ ਮਿੱਲ ਦਾ ਬਹੁਤ ਮਾੜਾ ਹਾਲ ਹੈ। ਪਿਛਲੇ ਦੋ ਸਾਲਾਂ ਤੋਂ ਉਨ੍ਹਾਂ ਨੇ ਬਿਨਾਂ ਨੋਟਿਸ ਦਿੱਤੇ ਉਹ ਮਿੱਲ ਬੰਦ ਕਰ ਦਿੱਤੀ ਹੈ। ਇਸ ਨਾਲ ਲਗਭਗ 5 ਹਜ਼ਾਰ ਸਟਾਫ ਅਫਸਰ ਅਤੇ ਬਾਕੀ ਲੇਬਰ ਸੜਕਾਂ ਤੇ ਆ ਗਈ। ਉਨ੍ਹਾਂ ਨੇ ਬਹੁਤ ਐਜੀਟੇਸ਼ਨ ਕੀਤੀ ਪਰ ਅਜੇ ਤੱਕ ਮਾਲਕਾਂ ਵੱਲੋਂ ਸਟਾਫ ਅਤੇ ਲੇਬਰ ਦਾ ਕੋਈ ਵੀ ਡਿਊ ਨਹੀਂ ਦਿੱਤਾ ਗਿਆ। ਲਗਭਗ 2-3 ਸਾਲ ਤੋਂ ਲਗਾਤਾਰ ਉਨ੍ਹਾਂ ਦਾ ਇੰਪਲਾਇ ਪ੍ਰੋਵੀਡੈਂਟ ਵੀ ਮਾਲਕ ਖਾਂਦੇ ਰਹੇ ਅਤੇ ਸਟਾਫ ਦੀ ਪੇਮੈਂਟ ਕੱਟਦੇ ਰਹੇ। ਇਸ ਕਰਕੇ ਲਗਭਗ 100 ਕਰੋੜ ਰੁਪਏ ਦਾ ਘਪਲਾ ਹੈ। ਇਸ ਦੇ ਮਾਲਕ ਤੇ ਲਗਭਗ 5 ਐਫ.ਆਈ.ਆਰਜ਼ ਵੀ ਦਰਜ ਹੋਈਆਂ ਹਨ। ਅੱਜ ਤੱਕ ਕੋਈ ਅਰੈਸਟ ਨਹੀਂ ਹੋਈ ਹੈ। ਇੱਕ ਵਾਰੀ ਪੁਲਿਸ ਵਾਲੇ ਫੜ ਕੇ ਵੀ ਲੈ ਕੇ ਗਏ ਪਰ ਪੁਲਿਸ ਵੱਲੋਂ ਥਾਣੇ ਵਿੱਚ ਲਿਜਾ ਕੇ ਉਸ ਨੂੰ ਬਾਇੱਜ਼ਤ ਘਰ ਜਾਣ ਦਿੱਤਾ ਗਿਆ। ਸੋ, ਇਸ ਲਈ ਮੈਂ ਆਪ ਰਹੀਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਜਿੰਨੇ ਵੀ ਮਿੱਲ ਦੇ ਵਰਕਰ ਹਨ, ਉਨ੍ਹਾਂ ਨੂੰ ਬਣਦਾ ਡਿਊ ਦਿੱਤਾ ਜਾਵੇ ਕਿਉਂਕਿ ਪਿਛਲੇ 2-3 ਸਾਲਾਂ ਵਿੱਚ ਲਗਭਗ 8 ਡੈੱਥ ਹੋਈਆਂ ਹਨ ਔਰ ਈ.ਐਸ.ਆਈ ਹਸਪਤਾਲ ਵੱਲੋਂ ਉਨ੍ਹਾਂ ਦਾ ਇਲਾਜ ਕਰਨ ਤੋਂ ਮਨ੍ਹਾਂ ਕਰ ਦਿੱਤਾ ਗਿਆ। ਧੰਨਵਾਦ ਜੀ।

**1120/Kuldeep kaur/Shubham jain**

**1125/Pawan sharma**

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ (ਸ੍ਰੀ ਅਮਨ ਅਰੋੜਾ)**: ਸਪੀਕਰ ਸਾਹਿਬ, ਇਸ ਤਰ੍ਹਾਂ ਹੈ ਕਿ ਇੱਕ ਹੁਣੇ ਬਾਜਵਾ ਸਾਹਿਬ ਨੇ ਕਿਸਾਨਾਂ ਸਬੰਧੀ ਇੱਕ ਇਸ਼ੂ ਚੁੱਕਿਆ ਹੈ, ਜਿੱਥੋਂ ਤੱਕ ਮੇਰੀ ਸਮਝ ਹੈ ਕਿ Zero Hour is only meant for very very urgent and immediate matters. ਜਿਹੜੇ ਕੋਈ ਸਾਲਾਂ ਜਾਂ ਮਹੀਨੇ ਪੁਰਾਣੇ ਹੋਣ, ਉਨ੍ਹਾਂ ਨੂੰ raise ਕਰਨ ਦਾ idea ਨਹੀਂ ਬਣਦਾ। ਚਲੋ, ਕੋਈ ਗੱਲ ਨਹੀਂ। ਜਿੱਥੋਂ ਤੱਕ ਮੈਂ ਦੇਖ ਰਿਹਾ ਸੀ ਕਿ ਸ਼ਾਇਦ Food and Supplies Minister Kataruchak Ji ਹਾਊਸ ਵਿੱਚ ਹੋਣ ਪਰ ਉਹ ਹਾਊਸ ਵਿੱਚ ਨਹੀਂ ਸੀ, ਇਸ ਕਰਕੇ ਹੀ ਮੈਂ ਜਵਾਬ ਦੇਣ ਵਿੱਚ ਡਿਲੇਅ ਕੀਤਾ ਹੈ। ਪਰ ਇਨ੍ਹਾਂ ਨੇ/ਲੋਕਾਂ ਵਿੱਚ ਗੱਲਾਂ ਚਲ ਰਹੀਆਂ ਹਨ ਕਿ ਚਾਰ

ਹਜ਼ਾਰ ਕਰੋੜ ਰੁਪਿਆ ਕਿੱਥੇ ਗਿਆ, ਦਿੱਲੀ ਗਿਆ, ਇੱਥੇ ਗਿਆ, ਉੱਥੇ ਗਿਆ? ਜਿੱਥੋਂ ਤੱਕ ਮੇਰੀ ਸਮਝ ਹੈ, ਬਾਕੀ ਕਟਾਰੂਚਕ ਆ ਜਾਣਗੇ, he will be in a position to clarify more, ਉਹ ਜ਼ਿਆਦਾ ਕਲੀਅਰ ਕਰ ਦੇਣਗੇ, ਪਹਿਲਾਂ ਵੀ ਇੱਕ ਵਾਰੀ ਗੱਲ ਆਈ ਸੀ ਅਤੇ ਉਦੋਂ ਜਦੋਂ ਪਤਾ ਕੀਤਾ ਗਿਆ ਸੀ ਤਾਂ ਉਸ ਦੇ ਵਿੱਚ ਇਹ ਸੀ ਕਿ ਸਪੀਕਰ ਸਾਹਿਬ, ਜਿੰਨਾ ਪੈਸਾ ਸੀ.ਸੀ.ਐਲ. ਲਿਮਟ ਦਾ ਆਉਂਦਾ ਹੈ, ਜਿੰਨੀ purchase ਹੁੰਦੀ ਹੈ ਕਿਸਾਨਾਂ ਦੇ ਖਾਤਿਆਂ ਵਿੱਚ ਡਾਇਰੈਕਟ ਪੈਸਾ ਜਾਂਦਾ ਹੈ ਅਤੇ ਉਹ as per MSP ਜਾਂਦਾ ਹੈ। ਜਿੰਨੀ ਐਮ.ਐਸ.ਪੀ. ਫਿਕਸਡ ਹੈ, ਉਸ ਦੇ ਮੁਤਾਬਿਕ ਜਾਂਦਾ ਹੈ। ਉੱਦੋਂ ਜੱਦੋਂ ਮੈਂ ਕਟਾਰੂਚਕ ਸਾਹਿਬ ਕੋਲ ਪਤਾ ਕੀਤਾ ਸੀ, ਜਿੰਨੀ ਐਮ.ਐਸ.ਪੀ. ਹੈ, ਉਸ ਦੇ ਮੁਤਾਬਿਕ ਪੈਸਾ ਗਿਆ। ਇਹੋ ਜਿਹੀ ਇੱਕ ਵੀ ਕੰਪਲੈਂਟ ਕਿਸੇ ਕਿਸਾਨ ਵੱਲੋਂ ਸਰਕਾਰ ਕੋਲ ਜਾਂ ਡਿਪਾਰਟਮੈਂਟ ਕੋਲ ਨਹੀਂ ਆਈ। ਬਾਜਵਾ ਸਾਹਿਬ, ਤੁਹਾਡੇ ਧਿਆਨ ਵਿੱਚ ਅਜਿਹੀ ਕੋਈ written complaint ਆਈ ਹੋਵੇ? ਤੁਹਾਡੇ ਕੋਲ ਕੋਈ written complaint ਹੈ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ** : ਮਾਝੇ ਵਿੱਚ ਹੋਇਆ ਹੈ।(ਵਿਘਨ....ਸ਼ੋਰ)

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ**: ਬਾਜਵਾ ਜੀ, ਮੈਨੂੰ ਬੋਲ ਲੈਣ ਦਿਓ।

**ਮਾਣਯੋਗ ਸਪੀਕਰ**: ਚੇਅਰ ਨੂੰ ਐਡਰੈੱਸ ਕਰੋ ਜੀ।ਬੈਠੋ ਬਾਜਵਾ ਜੀ।

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ**: ਬਾਜਵਾ ਜੀ, ਮੇਰੇ ਖਿਆਲ ਵਿੱਚ ਤੁਸੀਂ ਸਾਰਿਆਂ ਨਾਲੋਂ ਵੱਧ ਪੁਰਾਣੇ ਅਤੇ seasoned ਲੀਡਰ ਹੋ। ਮਾਝਾ ਵੀ ਪੰਜਾਬ ਦਾ ਹਿੱਸਾ ਹੈ। ਜੇ ਮਾਝੇ ਵਿੱਚ ਵੀ ਕਿਸੇ ਨਾਲ ਇੱਕ ਪੈਸੇ ਦਾ ਕੋਈ ਸਰਕਾਰ ਵੱਲੋਂ ਗਬਨ ਹੋਇਆ ਹੋਵੇ ਅਤੇ ਦੂਜਾ, ਜੇਕਰ ਸਰਕਾਰ ਦੇ ਧਿਆਨ ਵਿੱਚ ਆਇਆ ਹੋਵੇ ਅਤੇ ਉਸ ਤੇ ਐਕਸ਼ਨ ਨਾ ਹੋਇਆ ਹੋਵੇ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ**: ਬਾਜਵਾ ਜੀ, ਇੰਕ ਮਿੰਟ ਜੀ। ਕੀ ਕਰੀ ਜਾਂਦੇ ਹੋ, let me speak. ਬਾਜਵਾ ਸਾਹਿਬ ਮੇਰੀ ਬੇਨਤੀ ਸਿਰਫ ਇੰਨੀ ਹੈ ਕਿ ਜੇ ਕਿਤੇ ਵੀ ਇੱਕ ਲਿਖਤੀ ਕੰਪਲੈਂਟ ਸਰਕਾਰ ਕੋਲ ਆਈ ਹੋਵੇ, ਉਹ ਦੱਸ ਦੇਣ। ਉਸ ਤੋਂ ਇਲਾਵਾ more important ਜੇ ਕਿਸੇ ਕਿਸਾਨ ਵੀਰ ਨੇ moisture 17 ਦੀ ਬਜਾਇ 20 ਜਾਂ 21 ਵਾਲੀ ਵੇਚਣ ਦੇ ਚੱਕਰ ਵਿੱਚ ਸ਼ੈਲਰ ਵਾਲੇ ਨੂੰ ਜਾਂ ਆੜ੍ਹਤੀਏ ਨਾਲ ਗਿੱਠ-ਮਿੱਠ ਕਰਕੇ ਵੱਧ moisture ਵਾਲੀ ਚੁੱਕਾ ਦਿੱਤੀ ਅਤੇ 50-100 ਰੁਪਏ ਦਾ ਕੱਟ ਲਗਵਾ ਲਿਆ ਤਾਂ ਇਹ ਗੱਲ ਸਰਕਾਰ ਦੇ ਧਿਆਨ ਵਿੱਚ ਵੀ ਨਹੀਂ ਹੋਵੇਗੀ, ਸਾਨੂੰ ਕਿਸ ਤਰ੍ਹਾਂ ਪਤਾ ਲੱਗੇਗਾ, until and unless ਕੋਈ ਉਸ ਦੀ ਲਿਖਤੀ ਕੰਪਲੈਂਟ ਆਵੇ। ਹੱਥ ਜੋੜ ਕੇ ਬਾਜਵਾ ਸਾਹਿਬ, ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਆਪਾਂ ਲੋਕਾਂ ਦਾ ਨਾਂਅ ਲੈ ਕੇ ਇਹੋ ਜਿਹੀ ਗੈਰ ਵਾਜਬ ਗੱਲ

ਨਾ ਕਰੀਏ, ਜਿਸ ਦੇ ਨਾਲ credibility ਸਰਕਾਰ ਦੀ ਜਾਂ ਪੁਲੀਟਿਕਲ ਲੀਡਰਸ਼ਿੱਪ ਦੀ ਘਟੇ। ਮੈਂ ਦੁਬਾਰਾ reiterate ਕਰਦਾ ਹਾਂ ਕਿ ਜੇਕਰ ਤੁਹਾਡੇ ਧਿਆਨ ਵਿੱਚ ਇਹ ਆਇਆ ਹੋਵੇ ਕਿ ਐਮ.ਐਸ.ਪੀ. ਤੋਂ ਘੱਟ ਪੇਮੈਂਟ ਕਿਸੇ ਨੂੰ ਟ੍ਰਾਂਸਫਰ ਹੋਈ ਹੈ ਤੇ ਉਸ ਦੀ ਕੰਪਲੈਂਟ ਸਰਕਾਰ ਕੋਲ ਜਾਂ ਡਿਪਾਰਟਮੈਂਟ ਕੋਲ ਹੋਈ ਹੈ ਅਤੇ ਉਸ ਤੇ ਕੋਈ ਐਕਸ਼ਨ ਨਹੀਂ ਹੋਇਆ ਹੈ, ਉਹ ਤੁਸੀਂ ਸਾਡੇ ਧਿਆਨ ਵਿੱਚ ਲੈ ਕੇ ਆਓ। ਉਸ ਤੇ ਐਕਸ਼ਨ ਕੀਤਾ ਜਾਵੇਗਾ।

**ਮਾਣਯੋਗ ਸਪੀਕਰ**: ਥੈਂਕ ਯੂ।

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ** : (ਬਿਨਾਂ ਮਾਈਕ ਆਨ ਤੋਂ) ਕਿਸੇ ਵੀ ਕਿਸਾਨ ਨੂੰ ਪੂਰੇ ਪੈਸੇ ਨਹੀਂ ਮਿਲੇ। ਹਾਊਸ ਕਮੇਟੀ ਬਣਾ ਦਿਓ।

**ਮਾਣਯੋਗ ਸਪੀਕਰ**: ਹਾਂ ਜੀ ਮੰਤਰੀ ਜੀ, ਸਰਦਾਰ ਪ੍ਰਤਾਪ ਸਿੰਘ ਬਾਜਵਾ ਕੁਝ ਕਹਿਣਾ ਚਾਹੁੰਦੇ ਹਨ।

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ):** ਸਾਡੇ ਬਹੁਤ ਹੀ respectable member ਅਤੇ senior most ਹਨ, ਜਿਸ ਤਰ੍ਹਾਂ ਅਮਨ ਜੀ ਨੇ ਕਿਹਾ ਹੈ। ਇਹ ਬਿਲਕੁਲ ਸਚਾਈ ਹੈ। ਇਸ ਦੇ ਵਿੱਚ ਸਮੁੱਚੇ ਪੰਜਾਬ ਦੀ ਗਲਤੀ ਨਹੀਂ ਹੈ। ਤੁਹਾਡੇ ਆਪ ਦੇ ਪ੍ਰਧਾਨ ਜੀ ਵੀ ਹਨ, ਮਨਿਸਟਰ ਜੀ ਵੀ ਹਨ, ਸਾਡੇ ਛੋਟੇ ਭਾਈ ਵੀ ਹਨ। ਕਿਉਂਕਿ ਇਹ ਸ਼ੰਕਾ ਜ਼ਾਹਿਰ ਹੋਈ ਹੈ ਮੈਂ ਤੁਹਾਨੂੰ suggest ਕਰਾਂਗਾ ਕਿ ਇਸ ਵਿੱਚ ਇੱਕ ਹਾਊਸ ਕਮੇਟੀ ਬਿਠਾਓ। ਉਸ ਦੇ ਸਾਹਮਣੇ ਬੰਦੇ ਪੇਸ਼ ਹੋਣ, ਪੰਜਾਬ ਵਿੱਚ ਜਿਸ ਨਾਲ ਵੀ ਅਜਿਹੀ ਕਿਸਮ ਦੀ ਲੁੱਟ ਹੋਈ ਹੈ, ਉਹ ਹਾਊਸ ਕਮੇਟੀ ਦੇ ਸਾਹਮਣੇ ਆ ਜਾਣਗੇ। ਪਤਾ ਲੱਗ ਜਾਵੇਗਾ ਜੀ। Let us have a fair enquiry into that. ਮੈਂ ਇੰਨੀ ਗੱਲ ਕਹਿਣੀ ਚਾਹੁੰਦਾ ਹਾਂ।

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ**: ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਹਾਊਸ ਕਮੇਟੀ ਬਣਾ ਦਿਓ, ਮੈਂ ਕਹਿੰਦਾ ਹਾਂ ਕਿ ਹਾਊਸ ਕਮੇਟੀ ਬਣਾ ਦਿਓ but for that you need to have a complaint with the Government ਕਿ ਆਹ ਪ੍ਰਾਬਲਮ ਆਈ ਹੈ। ਲਿਖਤੀ ਕੰਪਲੇਂਟ ਤਾਂ ਇੱਕ ਵੀ ਨਹੀਂ ਹੈ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

**ਮਾਣਯੋਗ ਸਪੀਕਰ**: ਬਾਜਵਾ ਜੀ, Let him reply.

**1125/Pawan sharma/Shubham jain**

**1130/Beant kaur**

**ਨਵੇਂ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ**: ਪਹਿਲੀ ਗੱਲ, ਹਰੇਕ ਕੰਮ ਕਰਨ ਦਾ ਇਕ ਪ੍ਰੋਟੋਕੋਲ ਅਤੇ ਡੈਕੋਰਮ ਹੁੰਦਾ ਹੈ। ਜੇ ਕਿਸੇ ਦੇ ਇਕ ਨਵੇਂ ਪੈਸੇ ਦਾ ਵੀ ਕੱਟ ਲੱਗਿਆ ਹੈ ਤਾਂ ਉਸ ਕਿਸਾਨ ਨੂੰ ਉਥੋਂ ਡੀ.ਐਫ.ਐਸ.ਸੀ. ਜਾਂ ਡੀ.ਸੀ. ਨੂੰ ਲਿਖ ਕੇ ਦੇਣਾ ਚਾਹੀਦਾ ਹੈ। ਉਸ ਤੋਂ ਬਾਅਦ ਪ੍ਰਿੰਸੀਪਲ ਸੈਕਟਰੀ ਹੈ, ਉਸ ਤੋਂ ਬਾਅਦ ਮਨਿਸਟਰ ਹੈ, ਸਰਕਾਰ ਹੈ, ਸਿੱਧਾ ਸਾਰਾ ਕੁਝ ਕੱਟ ਕੇ ਆਪਾਂ ਹਾਊਸ ਦੀ ਕਮੇਟੀ ਦੀ ਗੱਲ ਕਰ ਰਹੇ ਹਾਂ।

**ਮਾਣਯੋਗ ਸਪੀਕਰ :** ਇਹ ਚੇਅਰ ਨੇ ਡਿਸਾਈਡ ਕਰਨਾ ਹੈ। ਐਗਰੀਕਲਚਰ ਕਮੇਟੀ ਬਣੀ ਹੋਈ ਹੈ, ਤੁਸੀਂ ਆਪਣੀ ਰੀਪ੍ਰੈਜੈਂਟੇਸ਼ਨ ਉਸ ਨੂੰ ਦੇ ਸਕਦੇ ਹੋ। ਹਾਂ ਜੀ, ਬਾਜਵਾ ਸਾਹਿਬ।

**Sardar Partap Singh Bajwa :** Sir, he is the senior most in the Vidhan Sabha, ਵਿਧਾਨ ਸਭਾ ਸਾਰਿਆਂ ਤੋਂ ਵੱਡਾ ਕੰਪਲੇਂਟ ਸੈਂਟਰ ਹੈ ਜੀ। ਇਕ respectable former minister and a sitting MLA is saying, this should be treated as a complaint. ਇਹ ਮੇਰੀ ਰਿਕੁਐਸਟ ਹੈ।

**ਮਾਣਯੋਗ ਸਪੀਕਰ :** ਪਲੀਜ਼, ਤੁਹਾਡੀ ਗੱਲ ਆ ਗਈ ਹੈ। ਐਗਰੀਕਲਚਰ ਕਮੇਟੀ ਪਹਿਲਾਂ ਹੀ ਬਣੀ ਹੋਈ ਹੈ, ਜੇਕਰ ਕੋਈ ਇਸ਼ੂ ਹੈ ਤਾਂ ਉਥੇ ਦਿਓ। ਬਾਕੀ ਰਹੀ ਗੱਲ ਆੜ੍ਹਤੀਏ ਨੂੰ ਨਹੀਂ ਦਿੱਤਾ, ਡੀ.ਐਫ.ਐਸ.ਸੀ. ਨੂੰ ਨਹੀਂ ਦਿੱਤਾ, ਡੀ.ਸੀ. ਨੂੰ ਨਹੀਂ ਦਿੱਤਾ ਜਾਂ ਮੰਤਰੀ ਜੀ ਨੇ ਕਿਹਾ ਹੈ, ਸੈਕਟਰੀ ਨੂੰ ਨਹੀਂ ਦਿੱਤਾ, ਮੰਤਰੀ ਨੂੰ ਨਹੀਂ ਦਿੱਤਾ, ਤੁਸੀਂ ਐਗਰੀਕਲਚਰ ਕਮੇਟੀ ਨੂੰ ਦੇ ਦਿਓ। This is as per your demand. ਤੁਸੀਂ ਉਥੇ ਦਿਓ। ਹੁਣ ਮੇਰਾ ਖਿਆਲ ਹੈ ਅਸੀਂ ਹਾਊਸ ਅੱਗੇ ਚੱਲ ਦੇਈਏ।

**ਨਵ ਅਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ :** ਜਦੋਂ ਅਸੀਂ ਆਪੋਜ਼ੀਸ਼ਨ ਵਿੱਚ ਹੁੰਦੇ ਸੀ ਤਾਂ ਅਸੀਂ ਵੀ ਕਹਿੰਦੇ ਸੀ ਕਿ ਜ਼ੀਰੋ ਆਵਰ ਲੰਬਾ ਹੋਣਾ ਚਾਹੀਦਾ ਹੈ ਪਰ ਹੁਣ ਹੋ ਕੀ ਰਿਹਾ ਹੈ ਜੀ। ਇਸ ਵਿੱਚ ਹੁਣ ਪੁਲੀਟੀਕਲ ਇਲਜ਼ਾਮ ਤਰਾਸ਼ੀਆਂ ਵਾਲਾ ਮਾਹੌਲ ਬਣਨ ਲੱਗ ਪਿਆ ਹੈ। MLAs are even much higher than Chief Secretary. ਜੇ ਚੀਫ ਸੈਕਟਰੀ ਸਾਹਿਬ ਦੇ ਧਿਆਨ ਵਿੱਚ ਲਿਆਂਦਾ ਹੋਵੇ ਤਾਂ ਦੱਸੋ? ਮੈਂ ਕਹਿਣਾ ਚਾਹੁੰਦਾ ਹਾਂ ਕਿ please for God sake, ਆਪਾਂ ਅਜਿਹਾ ਨਾ ਕਰੀਏ। ਜਿੱਥੇ ਕਿਤੇ ਧਿਆਨ ਵਿੱਚ ਆਇਆ, ਕੀ ਤੁਸੀਂ ਰਿਟਨ ਕੰਪਲੇਂਟ ਭੇਜੀ? ਮੈਨੂੰ ਆਬਜੈਕਸ਼ਨ ਕਿਸ ਚੀਜ਼ ਦਾ ਹੈ। ਬਾਜਵਾ ਸਾਹਿਬ, ਪਲੀਜ਼।

(ਇਸ ਸਮੇਂ ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਮੈਂਬਰ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ।)

**ਮਾਣਯੋਗ ਸਪੀਕਰ :** ਜੋ ਕੁਝ ਚੇਅਰ ਦੀ ਇਜ਼ਾਜਤ ਤੋਂ ਬਿਨਾ ਕਿਹਾ ਗਿਆ ਹੈ, ਉਹ ਰਿਕਾਰਡ ਨਾ ਕੀਤਾ ਜਾਵੇ।

**ਨਵ ਅਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ :** ਮੈਨੂੰ ਆਬਜੈਕਸ਼ਨ ਇਸ ਚੀਜ਼ ਦਾ ਹੈ, ਜੋ ਬਾਜਵਾ ਸਾਹਿਬ ਨੇ ਗੱਲ ਕਹੀ ਹੈ। ਇਹ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਹਨ ਅਤੇ ਇਹ ਇਨ੍ਹਾਂ ਦੀ ਡਿਊਟੀ ਹੈ ਕਿ ਲੋਕਾਂ ਦੀ ਗੱਲ ਹਾਊਸ

ਵਿੱਚ ਰੱਖਣੀ ਹੈ। ਸਵਾਲ ਇਹ ਹੈ ਕਿ ਜਿਹੜੀ ਚੀਜ਼ ਸਿਰਫ ਹਵਾਈ ਹੈ, ਜਿਸ ਸਬੰਧੀ ਰਿਟਨ ਵਿੱਚ ਨਾ ਕਦੇ ਇਨ੍ਹਾਂ ਵਲੋਂ ਅਤੇ ਨਾ ਕਦੇ ਕਿਸਾਨਾਂ ਵਲੋਂ ਆਇਆ ਹੈ। ਇਹ ਲੋਕਾਂ ਦਾ ਨਾਂ ਲੈ ਕੇ ਜਾਂ ਦਿੱਲੀ ਇਲੈਕਸ਼ਨ ਦੀ ਗੱਲ ਚੱਲ ਪਈ, what is this. ਇਹ ਚੱਲ ਕੀ ਰਿਹਾ ਹੈ? ਕੀ ਇੱਥੇ ਮਜ਼ਾਕ ਚੱਲ ਰਿਹਾ ਹੈ? ਤੁਹਾਡੇ ਕੋਲ ਕੀ ਸਬੂਤ ਹੈ ਕਿ ਪੈਸੇ ਕਿੱਥੇ ਚਲੇ ਗਏ ਜਾਂ ਕਿੱਥੇ ਨਹੀਂ ਗਏ? ਮੈਂ ਜਿਹੜੀ ਗੱਲ ਕਹੀ ਹੈ, ਜੇਕਰ ਮੈਂ ਗਲਤ ਹੋਵਾਂ, ਸਪੋਜ਼ ਕਿਸੇ ਨੇ 17 ਦੀ ਬਜਾਏ 21-22 ਮੁਆਇਸਚਰ ਦੀ ਜ਼ੀਰੀ ਵੇਚ ਦਿੱਤੀ, ਉਸ ਵਿੱਚ 100-200 ਰੁਪਿਆ ਆੜ੍ਹਤੀਏ ਤੋਂ ਲਗਵਾ ਲਿਆ ਤਾਂ ਇਸ ਵਿੱਚ ਸਰਕਾਰ ਦਾ ਕੀ ਰੋਲ ਹੈ, ਇਹ ਮੈਨੂੰ ਸਮਝਾਓ। ਇਵੇਂ ਹੀ ਬਿਨਾ ਗੱਲ ਤੋਂ ਹੋਰ ਪਾਸੇ ਲੈ ਕੇ ਚਲੇ ਜਾਂਦੇ ਹਨ।

**ਮਾਣਯੋਗ ਸਪੀਕਰ :** ਠੀਕ ਹੈ ਜੀ। ਹੁਣ ਆਪਾਂ ਗੱਲ ਅੱਗੇ ਤੋਰੀਏ।

**ਐਨ.ਆਰ.ਆਈ. ਮਾਮਲੇ ਮੰਤਰੀ (ਸਰਦਾਰ ਕੁਲਦੀਪ ਸਿੰਘ ਧਾਲੀਵਾਲ)** : ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਸਾਡੇ ਅੰਮ੍ਰਿਤਸਰ ਅਤੇ ਗੁਰਦਾਸਪੁਰ ਵਿੱਚ ਰਾਵੀ ਦਰਿਆ ਲੰਘਦਾ ਹੈ। ਜਿਹੜੇ ਸਾਡੇ ਮਾਣਯੋਗ ਪਾਵਰ ਮਨਿਸਟਰ ਹਨ, ਮੇਰੀ ਉਨ੍ਹਾਂ ਨੂੰ ਬੇਨਤੀ ਹੈ ਕਿ ਸਰਕਾਰ ਨੂੰ ਰਾਵੀ ਪਾਰ ਦੇ ਕਿਸਾਨਾਂ ਲਈ ਬਿਜਲੀ ਦੇ ਕੁਨੈਕਸ਼ਨਾਂ ਸਬੰਧੀ ਪਾਲਿਸੀ ਬਣਾਉਣੀ ਚਾਹੀਦੀ ਹੈ।

**ਮਾਣਯੋਗ ਸਪੀਕਰ (ਹੱਸਦੇ ਹੋਏ)** : ਧਾਲੀਵਾਲ ਸਾਹਿਬ, ਤੁਸੀਂ ਬੈਠੋ। ਪਲੀਜ਼। ਨੈਕਸਟ, ਸਰਦਾਰ ਚੇਤਨ ਸਿੰਘ ਜੋੜਾਮਾਜਰਾ।

**ਸਰਦਾਰ ਚੇਤਨ ਸਿੰਘ ਜੋੜਾਮਾਜਰਾ (ਸਮਾਣਾ)** : ਮਾਣਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਮਾਧਿਅਮ ਜ਼ਰੀਏ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਸਾਰੇ ਹੀ ਦੇਖਦੇ ਹਾਂ ਕਿ ਜਿਹੜੇ ਬਿਲਡਰ ਮੁਹਾਲੀ ਅਤੇ ਜ਼ੀਰਕਪੁਰ ਵਿੱਚ ਫਲੈਟ ਬਣਾਉਂਦੇ ਹਨ, ਕੋਈ ਅੱਧਾ ਕਿੱਲਾ ਜਾਂ ਕਿੱਲੇ ਵਿੱਚ ਫਲੈਟ ਬਣਾਉਂਦੇ ਹਨ। ਕੁਝ ਮਾਤੜ੍ਹ, ਜਿਨ੍ਹਾਂ ਨੇ ਆਪਣੀ ਉਮਰ ਭਰ ਦੀ ਕਮਾਈ ਨਾਲ ਆਪਣਾ ਆਸ਼ਿਆਨਾ ਜਾਂ ਘਰ ਬਣਾਉਣਾ ਹੁੰਦਾ ਹੈ, ਉਹ ਮਿਡਲਮੈਨ ਰਾਹੀਂ, ਜਿਸ ਨੂੰ ਆਪਣੇ 20,000 ਜਾਂ 50,000 ਰੁਪਏ ਦਾ ਲਾਲਚ ਹੁੰਦਾ ਹੈ, ਉਥੇ ਫਲੈਟ ਲੈ ਲੈਂਦੇ ਹਨ ਪਰ ਇਸ ਵਾਸਤੇ ਉਨ੍ਹਾਂ ਨੂੰ ਕਈ ਕਈ ਸਾਲ ਇੰਤਜ਼ਾਰ ਕਰਨਾ ਪੈਂਦਾ ਹੈ ਪਰ ਫਿਰ ਵੀ ਉਨ੍ਹਾਂ ਦੇ ਹੱਥ ਇਕੱਲੀ ਮਾਯੂਸੀ ਲਗਦੀ ਹੈ। ਉਨ੍ਹਾਂ ਨੂੰ ਆਪਣਾ ਆਸ਼ਿਆਨਾ ਜਾਂ ਮਕਾਨ ਨਹੀਂ ਮਿਲਦਾ। ਜੇਕਰ ਆਪਾਂ ਆਪਣੇ ਆਲੇ-ਦੁਆਲੇ ਦੇਖੀਏ ਤਾਂ ਬਹੁਤ ਸਾਰੇ ਜਿਹੜੇ ਲੋਕ ਹਨ, ਉਹ ਆਪਣੇ ਆਪ ਨੂੰ ਠੱਗਿਆ ਹੋਇਆ ਮਹਿਸੂਸ ਕਰਦੇ ਹਨ। ਮੈਨੂੰ ਲਗਦਾ ਹੈ ਕਿ ਜਿਹੜੇ ਇਹੋ ਜਿਹੀਆਂ ਠੱਗੀਆਂ ਮਾਰਦੇ ਹਨ, ਉਨ੍ਹਾਂ ਲਈ ਸਖਤ ਕਾਨੂੰਨ ਬਣਨਾ ਚਾਹੀਦਾ ਹੈ। ਬਹੁਤ ਸਾਰੇ ਕੇਸ ਤਾਂ ਅਜਿਹੇ ਹਨ ਜਿਨ੍ਹਾਂ ਨੇ ਬਿਆਨਾਂ ਲੈ ਕੇ ਮੁੜ ਕੇ ਨਾ ਉਨ੍ਹਾਂ ਨੂੰ ਜਗ੍ਹਾ ਦਿੰਦੇ ਹਨ ਅਤੇ ਨਾ ਹੀ ਉਨ੍ਹਾਂ ਦੇ ਪੈਸੇ ਵਾਪਸ ਕਰਦੇ ਹਨ। ਇਹੋ ਜਿਹੀਆਂ ਠੱਗੀਆਂ ਤੇ ਲਗਾਮ ਲੱਗਣੀ ਚਾਹੀਦੀ ਹੈ।

**1130/Beant kaur/Abhishek gautam**

**1135/Karamjit kaur**

**ਮਾਣਯੋਗ ਸਪੀਕਰ:** ਥੈਂਕ ਯੂ। ਹੋ ਗਿਆ ਜੀ। ਤੁਹਾਡੀ ਗੱਲ ਆ ਗਈ ਹੈ। ਹੁਣ ਬੈਠੋ।

**ਸਰਦਾਰ ਚੇਤਨ ਸਿੰਘ ਜੋੜਾਮਾਜਰਾ:** ਸਪੀਕਰ ਸਾਹਿਬ, ਬੱਸ ਥੋੜ੍ਹਾ ਜਿਹਾ ਹੋਰ ਹੈ ।

**ਮਾਣਯੋਗ ਸਪੀਕਰ:** ਇਸ ਦੇ ਵਿੱਚ ਹੋਰ ਕੀ ਹੈ? ਬੈਠੋ ਹੁਣ। ਰਾਣਾ ਇੰਦਰ ਪ੍ਰਤਾਪ ਸਿੰਘ ਜੀ।

**ਰਾਣਾ ਇੰਦਰ ਪ੍ਰਤਾਪ ਸਿੰਘ (ਸੁਲਤਾਨਪੁਰ ਲੋਧੀ):** ਸਪੀਕਰ ਸਾਹਿਬ, ਕੱਲ੍ਹ ਮੈਨੂੰ ਬਜਟ ਵਿੱਚ ਬੋਲਣ ਲਈ ਟਾਈਮ ਨਹੀਂ ਮਿਲ ਪਾਇਆ ਪਰ ਮੈਂ ਅੰਡਰਸਟੈਂਡ ਕਰਦਾ ਹਾਂ ਕਿ ਸਪੀਕਰ ਦਾ ਡਿਸੀਜਨ ਫਾਈਨਲ ਹੁੰਦਾ ਹੈ ਅਤੇ ਲੀਡਰ ਆਫ ਦਿ ਹਾਊਸ ਆ ਚੁੱਕੇ ਸੀ। ਮੈਨੂੰ ਦੱਸ ਦਿਉ ਕਿ ਮੈਂ ਆਪਣੀ ਗੱਲ ਕਿੰਨੀ ਦੇਰ ਵਿੱਚ ਕੰਪਲੀਟ ਕਰ ਦੇਵਾਂ, ਮੈਂ ਉਨੀ ਦੇਰ ਵਿੱਚ ਹੀ ਕਰ ਦੇਵਾਂਗਾ। ਮੇਰੇ ਦੋ ਮਿੰਟ ਤਾਂ ਕੱਲ੍ਹ ਦੇ ਹਨ ਅਤੇ ਬਾਕੀ ਤੁਸੀਂ ਹੋਰ ਐਡ ਕਰ ਦਿਉ।

**ਮਾਣਯੋਗ ਸਪੀਕਰ:** ਦੋ ਮਿੰਟ ਅੱਜ ਦੇ ਵੀ ਦੇ ਦਿੰਦੇ ਹਾਂ। ਤੁਸੀਂ ਪੰਜ ਮਿੰਟ ਲਈ ਗੱਲ ਕਰ ਲਵੋ।

**ਰਾਣਾ ਇੰਦਰ ਪ੍ਰਤਾਪ ਸਿੰਘ:** ਵਾਹ ਜੀ ਵਾਹ। ਸਪੀਕਰ ਸਾਹਿਬ, ਕੱਲ੍ਹ ਮੁੱਖ ਮੰਤਰੀ ਸਾਹਿਬ ਜਦੋਂ ਆ ਗਏ ਤਾਂ ਮੈਂ ਬੋਲ ਨਹੀਂ ਸਕਦਾ ਸੀ। ਉਨ੍ਹਾਂ ਨੇ ਮੈਨੂੰ ਇੱਕ ਗੱਲ ਕਹੀ ਕਿ ਰਾਣੇ ਤੂੰ ਬਹਿ ਜਾਹ। ਤੇਰੇ ਲਈ ਮੈਂ ਹੀ ਬੋਲ ਦੇਵਾਂਗਾ। ਪਹਿਲਾਂ ਤਾਂ ਮੈਨੂੰ ਮਹਿਸੂਸ ਹੋਇਆ ਕਿ 4581 ਪੰਨੇ ਇਸ ਬਜਟ ਦੇ ਹਨ, ਮੈਂ ਉਹ 4581 ਦੇ 4581 ਪੰਨੇ ਪੂਰੇ ਪੜ੍ਹ ਕੇ ਆਇਆ ਸੀ ਪਰ ਮੈਨੂੰ ਬੋਲਣ ਲਈ ਟਾਈਮ ਨਹੀਂ ਮਿਲਿਆ। ਮੈਨੂੰ ਇਹ ਮਹਿਸੂਸ ਹੋਇਆ ਕਿ ਟਾਈਮ ਕਿਉਂ ਨਹੀਂ ਮਿਲਿਆ। ਸ਼ਾਇਦ ਸਦਨ ਵਿੱਚ ਕੋਈ ਸਾਰੇ 4581 ਪੰਨੇ ਪੜ੍ਹ ਕੇ ਨਾ ਆਇਆ ਹੋਵੇ ਪਰ ਫੇਰ ਕੁਝ ਸਮੇਂ ਬਾਅਦ ਮੈਨੂੰ ਮਹਿਸੂਸ ਹੋਣ ਲੱਗਾ ਕਿ ਮੁੱਖ ਮੰਤਰੀ ਸਾਹਿਬ ਨੇ ਇੰਨੀ ਵੱਡੀ ਗੱਲ ਕਹੀ ਹੈ, ਪੰਜਾਬ ਵਿੱਚ ਤਾਂ ਕੀ, ਮੈਂ ਕਹਿੰਦਾ ਹਾਂ ਕਿ ਇੰਡੀਆ ਵਿੱਚ ਕਿਸੇ ਵੀ ਸਦਨ ਵਿੱਚ ਕਿਸੇ ਮੁੱਖ ਮੰਤਰੀ ਨੇ ਇਹ ਗੱਲ ਨਹੀਂ ਕਹੀ ਹੋਵੇਗੀ। ਮੈਨੂੰ ਇੱਥੇ ਬੈਠੇ ਨੂੰ ਮਹਿਸੂਸ ਹੋਇਆ ਕਿ ਮੁੱਖ ਮੰਤਰੀ ਸਾਹਿਬ ਨਹੀਂ ਬੋਲ ਰਹੇ, ਮੈਂ ਬੋਲ ਰਿਹਾ ਹਾਂ ਪਰ ਫੇਰ ਮੈਂ ਆਪਣੇ ਦਿਮਾਗ ਨੂੰ ਟਿਕਾਣੇ ਸਿਰ ਲਿਆਂਦਾ ਤੇ ਕਿਹਾ ਕਿ ਤੂੰ ਨਹੀਂ ਬੋਲ ਰਿਹਾ, ਮੁੱਖ ਮੰਤਰੀ ਸਾਹਿਬ ਹੀ ਬੋਲ ਰਹੇ ਹਨ। ਕਈ ਵਾਰ ਬੰਦੇ ਨੂੰ ਭੁਲੇਖਾ ਲਗ ਜਾਂਦਾ। ਫੇਰ ਮੈਂ ਕਿਹਾ ਕਿ ਮੁੱਖ ਮੰਤਰੀ ਸਾਹਿਬ ਬੋਲ ਰਹੇ ਹਨ ਅਤੇ ਆਪੋਜੀਸ਼ਨ ਰੌਲ਼ਾ ਨਹੀਂ ਪਾ ਰਹੀ, ਸਾਰੇ ਸ਼ਾਂਤ ਹੋ ਕੇ ਸੁਣ ਰਹੇ ਹਨ, ਰਾਣਾ ਇੰਦਰ ਪ੍ਰਤਾਪ ਬੋਲ ਰਿਹਾ ਹੈ। ਸਪੀਕਰ ਸਾਹਿਬ, ਗੱਲ ਇਹ ਹੈ ਕਿ ਰੂਹ ਸਾਡੇ ਦੋਵਾਂ ਦੀ ਇੱਕ ਹੈ। ਕੁਰਸੀ ਵੱਖਰੀ ਹੈ। ਮੇਰਾ ਕੁਰਸੀ 'ਤੇ ਕੋਈ ਰਾਈਟ ਨਹੀਂ ਹੈ, ਕੁਰਸੀ ਉਨ੍ਹਾਂ ਦੀ ਹੀ ਹੈ। ਰੂਹ ਸਾਡੀ ਇੱਕ ਹੈ। ਸਰ, ਜੇ ਮੈਂ ਅੱਜ ਬੋਲ ਰਿਹਾ ਹਾਂ, ਮੈਨੂੰ ਇਹ ਮਹਿਸੂਸ ਹੋ ਰਿਹਾ ਹੈ ਕਿ ਮੁੱਖ ਮੰਤਰੀ ਸਾਹਿਬ ਬੋਲ ਰਹੇ ਹਨ। ਗੱਲ ਇਹ ਹੈ ਕਿ ਸਾਡੀ ਸਰਕਾਰ ਦਾ 1 ਲੱਖ 17 ਹਜ਼ਾਰ ਕਰੋੜ ਰੁਪਏ ਦਾ ਬਜਟ ਆਇਆ ਹੈ। ਸਭ ਤੋਂ ਵੱਡੀ ਸਮੱਸਿਆ ਜਿਹੜੀ ਪੰਜਾਬ ਦੇ ਗਰੀਬ ਲੋਕਾਂ ਨੂੰ ਹੈ, ਉਹ ਇਲਾਜ ਕਰਵਾਉਣ ਦੀ ਹੈ। ਹੈਲਥ ਕਾਰਡ ਨਹੀਂ ਚਲਦੇ ਸੀ। ਸਾਡੀ ਪੰਜਾਬ ਸਰਕਾਰ ਨੇ ਪ੍ਰਧਾਨ ਮੰਤਰੀ ਬੀਮਾ ਯੋਜਨਾ ਤੋਂ ਉਤੇ ਵਧ ਕੇ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ 65 ਲੱਖ ਲੋਕਾਂ ਦੇ ਲਈ ਲਾਗੂ ਕੀਤੀ। ਸਹੀ ਗੱਲ ਹੈ ਨਾ ਜੀ? ਮਾਰੋ ਥਾਪੀ। (ਥੰਪਿੰਗ) ਪੱਟ ਨੂੰ ਨਹੀਂ ਮਾਰਨੀ, ਇਨ੍ਹਾਂ ਮੇਜ਼ਾਂ ਨੂੰ ਮਾਰਨੀ ਹੈ। ਜ਼ੋਰ ਨਾਲ ਮਾਰੋ (ਥੰਪਿੰਗ) ਸਪੀਕਰ ਸਾਹਿਬ, ਮੈਂ ਕਹਾਂਗਾ ਕਿ ਕਾਂਗਰਸ ਵਾਲੇ ਵੀ ਥਾਪੀ

ਮਾਰ ਦੇਣ, ਲੋਕਾਂ ਦਾ ਬੜਾ ਫਾਇਦਾ ਹੈ। ਮਾਰ ਦਿਉ ਜੀ, ਮਾਰੋ ਮਾਰੋ ਥਾਪੀ (ਥੰਪਿੰਗ) ਚਾਚਾ ਜੀ, ਬਾਜਵਾ ਸਾਹਿਬ, ਤੁਸੀਂ ਵੀ ਮਾਰ ਦਿਉ। (ਇਸ ਸਮੇਂ ਰੂਲਿੰਗ ਅਤੇ ਆਪੋਜੀਸ਼ਨ ਬੈਂਚਿਜ ਤੋਂ ਕਈ ਮੈਂਬਰਜ ਆਪਣੀਆਂ ਸੀਟਾਂ ਤੇ ਬੈਠੇ ਬੈਠੇ ਥਾਪੀ ਮਾਰਨ ਵਾਸਤੇ ਕਹਿਣ ਲੱਗੇ) (ਹਾਸਾ) ਅੱਛਾ ਮੇਰੇ ਕੋਲ ਪੰਜ ਮਿੰਟ ਹਨ, ਛੇਤੀ ਛੇਤੀ ਚੱਲੀਏ, ਸਪੀਕਰ ਸਾਹਿਬ ਨੇ ਟਾਈਮ ਦਿੱਤਾ ਹੈ। ਸਰ, ਇਸ ਸਕੀਮ ਲਈ ਸਾਡੀ ਸਰਕਾਰ ਨੇ 778 ਕਰੋੜ ਰੁਪਏ ਦਾ ਪ੍ਰੋਵੀਜ਼ਨ ਕੀਤਾ ਹੈ। 65 ਲੱਖ ਬੰਦੇ ਦਾ 10 ਲੱਖ ਰੁਪਏ ਤੱਕ ਦਾ ਕੈਸ਼ਲੈਸ ਇਲ਼ਾਜ ਹੋਵੇਗਾ। ਬੰਦਾ ਹਸਪਤਾਲ ਵਿੱਚ ਜਾਵੇ ਅਤੇ ਉਸ ਦਾ ਇਲਾਜ ਬਗੈਰ ਪੈਸੇ ਦਿੱਤੇ ਹੋਣਾ ਹੈ। ਸਰ, ਇਹ ਬੜਾ ਵੱਡਾ ਬੈਨੇਫਿਟ ਹੈ। ਮੈਨੂੰ ਇਹ ਵੀ ਪਤਾ ਹੈ, ਮੈਂ ਦੱਸਣਾ ਚਾਹੁੰਦਾ ਹਾਂ ਕਿ 65 ਲੱਖ ਰੁਪਏ ਵਿੱਚੋਂ 65 ਲੱਖ ਇੱਕ ਵਾਰੀ ਵਿੱਚ ਨਹੀਂ ਚਲਿਆ ਜਾਣਾ, ਕਿਉਂਕਿ ਤਕਰੀਬਨ 25-30 ਪਰਸੈਂਟ ਲੋਕ ਇਲਾਜ ਕਰਵਾਉਂਦੇ ਹਨ। ਅੱਜ ਸਾਰੀ ਕੈਬਨਿਟ ਇੱਥੇ ਬੈਠੀ ਹੈ, ਜਿਨ੍ਹਾਂ ਨੇ ਇਸ ਨੂੰ ਕੈਬਨਿਟ ਵਿੱਚ ਵੀ ਅਪਰੂਵ ਕੀਤਾ ਹੈ। ਇੱਥੇ ਵਿੱਤ ਮੰਤਰੀ ਸਾਹਿਬ ਵੀ ਬੈਠੇ ਹਨ। ਜੇਕਰ 65 ਲੱਖ ਬੰਦੇ ਨੂੰ 10 ਲੱਖ ਰੁਪਏ ਨਾਲ ਗੁਣਾਂ ਕਰੀਏ ਤਾਂ ਸਾਢੇ 6 ਲੱਖ ਕਰੋੜ ਰੁਪਏ ਦਾ ਖਰਚਾ ਹੋਣਾ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਮੇਰੀ ਕੈਬਨਿਟ ਇਹ ਦੱਸੇ ਕਿ ਇਹ ਸਾਢੇ 6 ਲੱਖ ਕਰੋੜ ਰੁਪਿਆ ਕਿੱਥੋਂ ਦਿੱਤਾ ਜਾਵੇਗਾ? ਜੇਕਰ 30 ਫੀਸਦੀ ਲੋਕਾਂ ਨੂੰ ਵੀ ਦੇਣਾ ਪਿਆ ਤਾਂ ਵੀ ਦੋ ਢਾਈ ਲੱਖ ਕਰੋੜ ਰੁਪਿਆ ਬਣ ਜਾਣਾ ਹੈ। ਸਾਡੇ ਵਿੱਤ ਮੰਤਰੀ ਸਾਹਿਬ ਤੇ ਸਿਹਤ ਮੰਤਰੀ ਸਾਹਿਬ ਬੈਠੇ ਹਨ। ਸਪੀਕਰ ਸਾਹਿਬ, ਜਿਹੜਾ ਸਰਕਾਰ ਨੇ 778 ਕਰੋੜ ਰੁਪਿਆ ਰੱਖਿਆ ਹੈ, ਇਸ ਨਾਲ 0.1 ਜਾਂ 0.2 ਫੀਸਦੀ ਲੋਕਾਂ ਦਾ ਇਲਾਜ ਹੋ ਸਕਦਾ ਹੈ। ਇਸ ਨਾਲ ਸਿਰਫ਼ 7800 ਬੰਦੇ ਦਾ ਹੀ ਇਲਾਜ ਹੋ ਸਕਦਾ ਹੈ। ਸੋ, ਸਰਕਾਰ ਸਾਨੂੰ ਦੱਸੇ ਕਿ ਐਨੇ ਲੋਕਾਂ ਦਾ ਇਲਾਜ ਕਿਸ ਤਰ੍ਹਾਂ ਹੋਵੇਗਾ? ਅਸੀਂ ਸਾਰੇ ਐਮ.ਐਲ.ਏ. ਹਾਂ, ਸਾਨੂੰ ਦੱਸੋ ਤਾਂ ਕਿ ਅਸੀਂ ਲੋਕਾਂ ਨੂੰ ਦੱਸ ਸਕੀਏ?

**1135/Karamjit kaur/Abhishek gautam**

**1140/harpreet singh**

**ਮਾਣਯੋਗ ਸਪੀਕਰ:** ਰਾਣਾ ਜੀ, ਆਪਾਂ ਸਾਰੇ ਹੀ ਬਿਮਾਰ ਕਰ ਦੇਣੇ ਹਨ? (ਹਾਸਾ)

**ਰਾਣਾ ਇੰਦਰ ਪ੍ਰਤਾਪ ਸਿੰਘ:** ਤੁਹਾਡਾ ਜੋ ਹੁਕਮ ਹੈ, ਜੇ ਕਹੋ ਤਾਂ ਮੈਂ ਬੈਠ ਜਾਂਦਾ ਹਾਂ ਜੀ।

**ਮਾਣਯੋਗ ਸਪੀਕਰ:** ਅੱਗੇ, ਚੱਲੋ ਜੀ।

**ਰਾਣਾ ਇੰਦਰ ਪ੍ਰਤਾਪ ਸਿੰਘ:** ਮੇਰੀ ਮੰਤਰੀ ਜੀ ਨੂੰ ਬੇਨਤੀ ਹੈ ਕਿ ਲੋਕਾਂ ਨੂੰ ਇਸ ਬਾਰੇ ਦੱਸ ਦਿਓ ਜੀ।

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ (ਡਾਕਟਰ ਬਲਬੀਰ ਸਿੰਘ):** ਸਪੀਕਰ ਸਾਹਿਬ, ਮੈਂ ਮਾਣਯੋਗ ਯੁਵਾ ਮੈਂਬਰ ਸਾਹਿਬ ਨੂੰ ਐਪਰੀਸ਼ੀਏਟ ਕਰਦਾ ਹਾਂ, ਇਹ ਬਹੁਤ ਮਿਹਨਤ ਕਰਦੇ ਹਨ। ਮੈਂ ਇਨ੍ਹਾਂ ਨੂੰ ਤੁਹਾਡੇ ਜ਼ਰੀਏ ਦੱਸਣਾ ਚਾਹੁੰਦਾ ਹਾਂ ਕਿ ਇਹ ਮੈਨੇਜਮੈਂਟ ਹੁੰਦੀ ਹੈ ਕਿ ਕਿਸ ਤਰ੍ਹਾਂ ਅਸੀਂ ਰਿਸੋਰਸਿਜ਼ ਦੀ ਵਧੀਆ ਤਰੀਕੇ ਨਾਲ ਮੈਨੇਜਮੈਂਟ ਕਰਦੇ ਹਾਂ। ਅਸੀਂ ਹਾਈਬ੍ਰਿਡ ਮਾਡਲ ਲਾਗੂ ਕਰਕੇ, ਸਾਰੀ ਇਕਨਾਮਿਕਸ ਵਰਕ ਆਊਟ ਕਰਕੇ, ਪਿਛਲਾ ਟਰੈਕ

ਰਿਕਾਰਡ ਦੇਖ ਕੇ ਹੀ ਸਕੀਮ ਬਣਾਈ ਹੈ। ਅਸੀਂ ਪਿਛਲੇ ਸਾਲਾਂ ਵਿਚ ਇਲਾਜ ਕਰਵਾ ਚੁੱਕੇ 45 ਲੱਖ ਪਰਿਵਾਰਾਂ ਦਾ ਡਾਟਾ ਵੀ ਦੇਖਿਆ ਕਿ ਕਿੰਨਿਆਂ ਨੇ 1 ਲੱਖ ਰੁਪਏ ਦਾ ਇਲਾਜ ਕਰਵਾਇਆ, ਕਿੰਨਿਆਂ ਨੇ 2 ਲੱਖ ਤੱਕ ਦਾ ਇਲਾਜ ਕਰਵਾਇਆ, ਕਿੰਨਿਆਂ ਨੂੰ ਆਊਟ ਸੋਰਸ ਸਰਵਿਸ ਦੇਣੀ ਪਈ। ਇਹ ਸਾਰੀ ਮੈਨੇਜਮੈਂਟ ਕਰਕੇ, ਬਹੁਤ ਸਾਰੇ ਕੰਸਲਟੈਂਟਜ਼ ਨੂੰ ਕੰਸਲਟ ਕਰਕੇ ਇਕ ਕੰਪਰੀਹੈਂਸਿੰਵ ਸਕੀਮ ਬਣਾਈ ਹੈ। ਇਸ ਦਾ ਬਾਕੀ ਸੀਕਰੇਟ thats in the art of management, which is a fine art.

**ਸ਼੍ਰੀ ਸੰਦੀਪ ਜਾਖੜ (ਅਬੋਹਰ):** ਸਪੀਕਰ ਸਾਹਿਬ, ਤੁਹਾਡਾ ਧੰਨਵਾਦ। ਹੁਣੇ ਸ਼੍ਰੀ ਅਮਨ ਅਰੋੜਾ ਜੀ ਨੇ ਕਿਹਾ ਸੀ ਕਿ ਜ਼ੀਰੋ ਆਵਰ ਵਿਚ ਅਹਿਮ ਮੁੱਦੇ ਹੀ ਉਠਾਏ ਜਾਣ। ਸਪੀਕਰ ਸਾਹਿਬ, ਜਿਹੜਾ ਸਰਕਾਰ ਨੇ ਯੁੱਧ ਨਸ਼ਿਆਂ ਵਿਰੁੱਧ ਛੇੜ ਰੱਖਿਆ ਹੈ, ਉਹ ਹਾਲੇ ਵੀ ਜਾਰੀ ਹੈ। ਅੱਜ ਦੈਨਿਕ ਜਾਗਰਣ, ਜੋ ਇਕ ਜ਼ਿੰਮੇਵਾਰ ਅਖਬਾਰ ਹੈ, ਉਸ ਦੀ ਖਬਰ ਹੈ ਕਿ ਸਕੂਲਾਂ ਵਿਚ ਨਸ਼ਾ ਵਟਸਐਪ ਰਾਹੀਂ ਵਿਕ ਰਿਹਾ ਹੈ। ਇਸ ਯੁੱਧ ਦੀ ਬਹੁਤ ਜ਼ਰੂਰਤ ਹੈ, ਸਾਨੂੰ ਪੰਜਾਬ ਦੀਆਂ ਆਉਣ ਵਾਲੀਆਂ ਪੀੜੀਆਂ ਨੂੰ ਬਚਾਉਣ ਲਈ ਇਸ ਯੁੱਧ ਦੀ ਜ਼ਰੂਰਤ ਹੈ ਪਰ ਮੇਰੀ ਸਰਕਾਰ ਨੂੰ ਗੁਜ਼ਾਰਿਸ਼ ਹੈ ਕਿ ਇਸ ਘਟਨਾ ਦਾ ਸੁਓ ਮੋਟੋ ਨੋਟਿਸ ਲੈਣਾ ਚਾਹੀਦਾ ਹੈ ਤਾਂ ਕਿ ਇਹ ਯੁੱਧ ਕੇਵਲ ਪੀ.ਆਰ. ਐਕਸਰਸਾਈਜ਼ ਹੀ ਬਣ ਕੇ ਨਾ ਰਹਿ ਜਾਵੇ। ਸਪੀਕਰ ਸਾਹਿਬ, ਸਕੂਲਾਂ ਵਿਚ ਨਸ਼ੇ ਦੀ ਵਿਕਰੀ ਵਟਸਐਪ ਰਾਹੀਂ ਹੋ ਰਹੀ ਹੈ। ਇਸ ਮਾਮਲੇ ਵੱਲ ਧਿਆਨ ਦਿੱਤਾ ਜਾਵੇ। ਧੰਨਵਾਦ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ (ਬੰਗਾ, ਐਸ.ਸੀ.):** ਸਪੀਕਰ ਸਾਹਿਬ, ਤੁਹਾਡਾ ਧੰਨਵਾਦ। ਸਭ ਤੋਂ ਪਹਿਲਾਂ ਮੈਂ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਸਰਕਾਰ, ਜੋ ਲੋਕਾਂ ਨੂੰ ਚੰਗੀ ਐਜੁਕੇਸ਼ਨ ਅਤੇ ਚੰਗੀ ਸਿਹਤ ਦੇਣ ਦੇ ਰਾਹ ਤੁਰੀ ਹੈ, ਉਨ੍ਹਾਂ ਦਾ ਧੰਨਵਾਦ ਕਰਦਾ ਹਾਂ। ਸਾਡੇ ਮੁੱਖ ਮੰਤਰੀ ਜੀ ਦੀ ਅਗਵਾਈ ਹੇਠ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ, ਸ਼ਹੀਦ ਰਾਜਗੁਰੂ ਅਤੇ ਸ਼ਹੀਦ ਸੁਖਦੇਵ ਦੀ ਯਾਦ ਵਿਚ ਪਿੰਡ ਬਰਨਾਲਾ ਕਲਾਂ ਵਿਖੇ ਸਰਕਾਰੀ ਮੈਡੀਕਲ ਕਾਲਜ ਖੁੱਲਣ ਜਾ ਰਿਹਾ ਹੈ। ਉਹ ਪਹਿਲਾਂ ਖਟਕੜ ਕਲਾਂ ਦੀ ਧਰਤੀ ਤੇ ਬਣਨਾ ਸੀ ਪਰ ਕਿਸੇ ਕਾਰਨ ਕਰਕੇ ਉੱਥੇ ਜ਼ਮੀਨ ਨਹੀਂ ਮਿਲ ਸਕੀ। ਸੋ, ਮੈਂ ਪਿੰਡ ਬਰਨਾਲਾ ਕਲਾਂ ਦੀ ਪੰਚਾਇਤ ਦਾ ਵੀ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਜ਼ਮੀਨ ਦਿੱਤੀ। ਪੰਜਾਬ ਦੇ ਮੁੱਖ ਮੰਤਰੀ ਸਾਹਿਬ ਅਤੇ ਸਿਹਤ ਮੰਤਰੀ ਜੀ ਦਾ ਵੀ ਬਹੁਤ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਇਕ ਮੈਡੀਕਲ ਕਾਲਜ ਦੁਆਬੇ ਦੀ ਧਰਤੀ ਨੂੰ ਦਿੱਤਾ ਹੈ। ਸਪੀਕਰ ਸਾਹਿਬ, ਮੈਂ ਸਦਨ ਦਾ ਧਿਆਨ ਇਸ ਗੱਲ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਅੱਜ ਲੋਕਾਂ ਨੂੰ ਇਲਾਜ ਦੇ ਨਾਂ ਤੇ ਗੁੰਮਰਾਹ ਕੀਤਾ ਜਾ ਰਿਹਾ ਹੈ। ਸਾਡੀ ਸਟੇਟ ਦਾ ਸਿਹਤ ਮੰਤਰੀ ਸਿਹਤ ਖੇਤਰ ਵਿਚ ਹੀ ਪੜ੍ਹਿਆ ਲਿਖਿਆ ਹੈ। ਸਪੀਕਰ ਸਾਹਿਬ, ਅੱਜ ਲੋਕਾਂ ਨੂੰ ਯੂ ਟਿਊਬ ਉਤੇ ਬਿਮਾਰੀਆਂ ਦੇ ਇਲਾਜ ਦੀ ਜਾਣਕਾਰੀ ਮਿਲ ਰਹੀ ਹੈ। ਤੁਸੀਂ ਸ਼ੂਗਰ, ਬੀ.ਪੀ. ਅਤੇ ਹੋਰ ਬਿਮਾਰੀਆਂ ਦਾ ਇਲਾਜ ਯੂ ਟਿਊਬ ਤੇ ਦੇਖ ਸਕਦੇ ਹੋ। ਸਪੀਕਰ ਸਾਹਿਬ, ਸਾਈਂਟੀਫਿਕ ਵੇਅ ਤੋਂ ਬਿਨਾ ਹਰ ਬਿਮਾਰੀ ਦਾ ਹਰ ਤਰ੍ਹਾਂ ਦਾ ਇਲਾਜ ਯੂਟਿਊਬ ਤੋਂ ਮਿਲ ਜਾਵੇਗਾ। ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਜਿਹੜੇ ਲੋਕ ਯੂਟਿਊਬ ਤੇ ਬੈਠ ਕੇ ਇਸ ਤਰ੍ਹਾਂ ਬਿਮਾਰੀਆਂ ਦਾ ਸਾਈਂਟੀਫਿਕ ਵੇਅ ਤੋਂ ਬਿਨਾ ਇਲਾਜ ਦੱਸ ਰਹੇ ਹਨ, ਉਨ੍ਹਾਂ ਨੂੰ ਨੱਥ ਪਾਉਣੀ ਚਾਹੀਦੀ ਹੈ ਤਾਂ ਜੋ ਲੋਕ ਗੁੰਮਰਾਹ ਨਾ ਹੋਣ।

ਸਪੀਕਰ ਸਾਹਿਬ, ਇੱਥੇ ਸਿੱਖਿਆ ਮੰਤਰੀ ਜੀ ਬੈਠੇ ਹਨ। ਮੇਰੇ ਹਲਕੇ ਵਿਚ ਆਦਰਸ਼ ਸਕੂਲ, ਜੰਡਿਆਲਾ ਹੈ, ਜਿਸ ਵਿਚ ਕਿਸੇ ਸਮੇਂ 3-4 ਹਜ਼ਾਰ ਵਿਦਿਆਰਥੀ ਪੜ੍ਹਦਾ ਸੀ, ਉਹ ਕਿਸੇ ਪ੍ਰਾਈਵੇਟ ਏਜੰਸੀ ਨੂੰ ਦੇ ਦਿੱਤਾ ਗਿਆ ਸੀ ਅਤੇ ਅੱਜ ਉਸ ਸਕੂਲ ਵਿਚ 2 ਹਜ਼ਾਰ ਵਿਦਿਆਰਥੀ ਪੜ੍ਹਦਾ ਹੈ। ਉਹ ਸਾਡੇ ਇਲਾਕੇ ਦਾ ਪ੍ਰਿਸਟੀਜੀਅਸ ਸਕੂਲ ਹੈ। ਮੈਂ ਬੇਨਤੀ ਕਰਦਾ ਹਾਂ ਕਿ ਜੇਕਰ ਉਹ ਪ੍ਰਾਈਵੇਟ ਏਜੰਸੀ ਉਸ ਸਕੂਲ ਨੂੰ ਨਹੀਂ ਚਲਾ ਪਾ ਰਹੀ ਤਾਂ ਸਰਕਾਰ ਨੂੰ ਉਹ ਸਕੂਲ ਟੇਕ ਓਵਰ ਕਰਨਾ ਚਾਹੀਦਾ ਹੈ। ਬਹੁਤ ਬਹੁਤ ਧੰਨਵਾਦ। ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ।

**ਮਾਣਯੋਗ ਸਪੀਕਰ**: ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ।

**ਸਿੱਖਿਆ ਮੰਤਰੀ (ਸਰਦਾਰ ਹਰਜੋਤ ਸਿੰਘ ਬੈਂਸ)**: ਸਪੀਕਰ ਸਾਹਿਬ, ਅਸੀਂ ਬਹੁਤ ਸਾਰੇ ਆਦਰਸ਼ ਸਕੂਲ ਪਹਿਲਾਂ ਵੀ ਟੇਕਓਵਰ ਕੀਤੇ ਹਨ, ਇਹ ਵੀ ਲੈ ਲਵਾਂਗੇ। ਸਪੀਕਰ ਸਾਹਿਬ, ਮੈਂ ਇਕ ਬੜਾ ਹੀ ਜ਼ਰੂਰੀ ਅਤੇ ਅਹਿਮ ਮੁੱਦਾ ਸਦਨ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ, ਜੋ ਦੁਨੀਆ ਦੇ ਹਰ ਇੱਕ ਸਿੱਖ ਨਾਲ ਜੁੜਿਆ ਹੋਇਆ ਹੈ। ਮੰਨਿਆ ਕਿ ਰਾਜਨੀਤੀ ਤੇ ਧਰਮ ਵੱਖ-ਵੱਖ ਹੋਣਾ ਚਾਹੀਦਾ ਹੈ ਪਰ ਇੱਹ ਇੱਕ ਐਸਾ ਮੁੱਦਾ ਹੈ ਜੋ ਹਰ ਇੱਕ ਸਿੱਖ ਦੇ ਲਈ ਇੱਕ ਚਿੰਤਾ ਦਾ ਵਿਸ਼ਾ ਹੈ। ਅਸੀਂ ਸਪੀਕਰ ਸਾਹਿਬ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੁਆਰਾ ਵਸਾਏ ਸ੍ਰੀ ਅਕਾਲ ਤਖਤ ਸਾਹਿਬ ਜੋ ਕਿ ਸਾਡੇ ਲਈ ਸਭ ਤੋਂ ਸੁਪਰੀਮ ਹੈ, ਹਰ ਇੱਕ ਸਿੱਖ ਉਥੇ ਆਪਣਾ ਸੀਸ ਝੁਕਾਉਂਦਾ ਹੈ। ਮਾਣਯੋਗ ਸਪੀਕਰ ਸਾਹਿਬ, ਪਿਛਲੇ ਦਿਨਾਂ ਦੇ ਵਿੱਚ ਜੋ ਕੁਝ ਹੋਇਆ, ਜਿਸ ਤਰੀਕੇ ਦੇ ਨਾਲ ਸਾਡੇ ਜੱਥੇਦਾਰ ਸਾਹਿਬਾਨਾਂ ਨੂੰ ਰਾਤੋ-ਰਾਤ ਹਟਾ ਦਿੱਤਾ ਜਾਂਦਾ ਹੈ। ਕਿਸੇ ਨੂੰ ਜੱਥੇਦਾਰ ਲਗਾ ਦਿੱਤਾ ਜਾਂਦਾ ਹੈ। ਇਨ੍ਹਾਂ ਖਬਰਾਂ ਨਾਲ ਦੁਨੀਆਂ ਦਾ ਹਰ ਇੱਕ ਸਿੱਖ ਚਿੰਤਤ ਹੈ। ਬਹੁਤ ਸਾਰੀਆਂ ਗੱਲਾਂ ਹੋਈਆਂ ਕਿ ਰਾਜਨੀਤਿਕ ਦਬਾਅ ਪਿਆ। ਮੈਂ ਚਾਹੁੰਦਾ ਹੈ ਕਿ ਸਾਡੇ ਜਿਹੜੇ ਇਧਰ ਸਾਥੀ ਬੈਠੇ ਹਨ, ਜਿਵੇਂ ਕਿ ਗਿਆਸਪੁਰਾ ਸਾਹਿਬ ਹਨ, ਖੁੱਡੀਆਂ ਸਾਹਿਬ ਹਨ, ਨਿੱਝਰ ਸਾਹਿਬ ਹਨ ਅਤੇ ਉੱਧਰ ਇਆਲੀ ਸਾਹਿਬ ਬੈਠੇ ਹਨ, ਹਾਲਾਂਕਿ ਇਹ ਮੈਟਰ ਵੱਖਰਾ ਹੈ, ਇਹ ਸਾਡੇ ਹਾਊਸ ਜਾਂ ਸਰਕਾਰ ਦਾ ਮਸਲਾ ਨਹੀਂ ਹੈ। ਪਰ ਇਹ ਸਿੱਖਾਂ ਦੇ ਨਾਲ ਜੁੜਿਆ ਹੋਇਆ ਬਹੁਤ ਹੀ ਗੰਭੀਰ ਮਸਲਾ ਹੈ। ਜਿਸ ਤਰੀਕੇ ਦੇ ਨਾਲ ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਮਰਿਆਦਾ ਅਤੇ ਜੱਥੇਦਾਰਾਂ ਨਾਲ ਇਹ ਹੋਇਆ, ਇਸ ਹਾਊਸ ਦੇ ਵਿੱਚ ਇਸ ਸਬੰਧੀ ਮੇਰਾ ਮੰਨਣਾ ਹੈ ਕਿ ਡਿਸਕਸ਼ਨ ਹੋਣੀ ਚਾਹੀਦੀ ਹੈ। ਸਾਰੇ ਆਪਣੇ ਆਪਣੇ ਪੱਖ ਰੱਖਣ। ਘੱਟੋ-ਘੱਟ ਇਆਲੀ ਸਾਹਿਬ ਤਾਂ ਆਪਣਾ ਪੱਖ ਰੱਖਣ। ਮੰਨਿਆ ਕਿ ਅਸੀਂ ਆਮ ਆਦਮੀ ਪਾਰਟੀ ਤੋਂ ਹਾਂ। ਪਰ ਇੱਕ ਫੈਸਲੇ ਲਈ ਕੀ ਹਾਲ ਅਕਾਲੀ ਦਲ ਦਾ ਕਰ ਦਿੱਤਾ ਹੈ, ਕੀ ਹਾਲ ਜੱਥੇਦਾਰਾਂ ਦਾ ਕਰ ਦਿੱਤਾ ਗਿਆ ਹੈ ਅਤੇ ਕੀ ਹਾਲ ਐਸ.ਜੀ.ਪੀ.ਸੀ ਦਾ ਕਰ ਦਿੱਤਾ ਗਿਆ ਹੈ। ਇਸ ਮੁੱਦੇ ਤੇ ਵੀ ਗੱਲ ਹੋਣੀ ਚਾਹੀਦੀ ਹੈ। As a sikh ਅਸੀਂ ਕੀ ਕਰੀਏ। ਧੰਨਵਾਦ ਜੀ।

**1140/harpreet singh/BS khokhar**

**1145/amandeep kaur**

**ਸਰਦਾਰ ਮਨਪ੍ਰੀਤ ਸਿੰਘ ਇਆਲੀ (ਦਾਖਾ)**: ਮਾਣਯੋਗ ਸਪੀਕਰ, ਧੰਨਵਾਦ ਜੀ, ਜੋ ਤੁਸੀਂ ਮੈਨੂੰ ਜ਼ੀਰੋ ਆਵਰ ਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਗੱਲ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਦੇ ਵਿੱਚੋਂ ਹਜ਼ਾਰਾਂ ਹੀ ਕੰਬਾਈਨਾਂ ਦੂਜੀਆਂ ਸਟੇਟਾਂ ਦੇ ਵਿੱਚ ਕਣਕ, ਝੋਨਾ, ਮੱਕੀ, ਸੋਇਆਬੀਨ ਅਤੇ ਹੋਰ ਜਿਹੜੀਆਂ ਫਸਲਾਂ ਹਨ, ਉਨ੍ਹਾਂ ਦੀ ਕਟਾਈ ਲਈ ਜਾਂਦੀਆਂ ਹਨ। ਇਨ੍ਹਾਂ ਕੰਬਾਈਨਾਂ ਤੇ ਟੋਲ ਲੱਗਦਾ ਹੈ। ਵੈਸੇ ਤਾਂ ਕੇਂਦਰ ਸਰਕਾਰ ਦੀ ਨੋਟੀਫਿਕੇਸ਼ਨ ਮੁਤਾਬਿਕ ਕੰਬਾਈਨਾਂ ਤੇ ਟੋਲ ਨੂੰ ਐਗਜ਼ੰਪਟ ਕੀਤਾ ਗਿਆ ਹੈ। ਟਰੈਕਟਰ ਤੇ ਵੀ ਟੋਲ ਨਹੀਂ ਲੱਗਦਾ। ਪਰ ਜਿਹੜੀਆਂ ਭਾਰਤ ਮਾਲਾ ਵਾਲੀਆਂ ਰੋਡਜ਼ ਹਨ, ਉਨ੍ਹਾਂ ਤੇ ਕਈ ਵਾਰ ਇਨ੍ਹਾਂ ਕੰਬਾਈਨਾਂ ਨੂੰ ਟਰੈਵਲ ਕਰਨਾ ਪੈਂਦਾ ਹੈ ਦੂਜੀ ਸਟੇਟ ਵਿੱਚ ਜਾਣ ਲਈ, ਬੜਾ ਹੀ ਵੱਡਾ ਭੰਬਲਭੂਸਾ ਪਿਆ ਹੋਇਆ ਹੈ। ਕੰਬਾਈਨਾਂ ਵਾਲਿਆਂ ਨੂੰ ਬੜੀ ਦਿੱਕਤ ਆ ਰਹੀ ਹੈ। ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਕੇਂਦਰ ਸਰਕਾਰ ਨਾਲ ਇਹ ਮੈਟਰ ਟੇਕ-ਅੱਪ ਕੀਤਾ ਜਾਵੇ ਅਤੇ ਰੇਟ ਫਿਕਸ ਕੀਤੇ ਜਾਣ ਕਿ ਕਾਰ ਦੇ ਪੈਸੇ ਲੈਣੇ ਹਨ, ਛੇ ਟਾਇਰਾਂ ਵਾਲੀ ਗੱਡੀ ਦੇ ਪੈਸੇ ਲੈਣੇ ਹਨ ਜਾਂ ਅਰਥ ਰਿਮੂਵਰ ਦੇ ਪੈਸੇ ਲੈਣੇ ਹਨ। ਕਿਤੇ ਤਾਂ ਉਨ੍ਹਾਂ ਕੰਬਾਈਨਾਂ ਵਾਲਿਆਂ ਤੋਂ 200 ਰੁਪਿਆ ਲਿਆ ਜਾ ਰਿਹਾ ਹੈ, ਕਿਤੇ 1200 ਰੁਪਿਆ ਲਿਆ ਜਾ ਰਿਹਾ ਹੈ। ਹਰ ਟੋਲ ਪਲਾਜ਼ੇ ਤੇ ਕੰਬਾਈਨਾਂ ਵਾਲਿਆਂ ਨੂੰ ਬੜੀ ਦਿੱਕਤ ਆ ਰਹੀ ਹੈ। ਇਸ ਲਈ ਇਹ ਮਸਲਾ ਸਾਰੇ ਪੰਜਾਬ ਦੇ ਕੰਬਾਈਨਾਂ ਵਾਲਿਆਂ ਦਾ ਹੈ। ਉਨ੍ਹਾਂ ਦੇ ਭਲੇ ਦੇ ਲਈ ਪੰਜਾਬ ਸਰਕਾਰ ਜ਼ਰੂਰ ਇਹ ਮਸਲਾ ਕੇਂਦਰ ਸਰਕਾਰ ਨਾਲ ਟੇਕ-ਅੱਪ ਕਰਕੇ ਹੱਲ ਕੱਢੇ। ਇੱਕ ਪੱਕੀ ਫੀਸ ਲਗਾਈ ਜਾਵੇ ਤਾਂ ਜੋ ਉਨ੍ਹਾਂ ਨੂੰ ਦਿੱਕਤ ਨਾ ਆਵੇ।

ਦੂਸਰਾ ਮਸਲਾ, ਜੋ ਮਾਣਯੋਗ ਮੰਤਰੀ ਜੀ ਨੇ ਸ੍ਰੀ ਅਕਾਲ ਤਖਤ ਸਾਹਿਬ ਦੀ ਗੱਲ ਕੀਤੀ ਹੈ। ਸ੍ਰੀ ਅਕਾਲ ਤਖਤ ਮਹਾਨ ਹੈ, ਸਿੱਖ ਪੰਥ ਦੀ ਸ਼ਾਨ ਹੈ। ਛੇਵੇਂ ਪਾਤਸ਼ਾਹ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਵੱਲੋਂ ਇਹ ਤਖਤ ਬਣਾਇਆ ਗਿਆ। ਜੋ ਵੀ ਸ੍ਰੀ ਅਕਾਲ ਤਖਤ ਸਾਹਿਬ ਦਾ ਹੁਕਮ ਹੈ ਦੁਨੀਆ ਦਾ ਹਰ ਸਿੱਖ ਇਹ ਹੁਕਮ ਪ੍ਰਵਾਨ ਕਰਦਾ ਹੈ। ਲੇਕਿਨ ਪਿਛਲੇ ਦਿਨਾਂ ਦੇ ਵਿੱਚ ਜੋ ਘਟਨਾਵਾਂ ਵਾਪਰੀਆਂ ਹਨ, ਖਾਸ ਤੌਰ ਤੇ ਤਿੰਨ ਜੱਥੇਦਾਰ ਸਾਹਿਬਾਨਾਂ ਨੇ 2 ਦਸੰਬਰ, 2024 ਨੂੰ ਸ੍ਰੀ ਅਕਾਲ ਤਖਤ ਸਾਹਿਬ ਦੀ ਫਸੀਲ ਤੋਂ ਇੱਕ ਹੁਕਮਨਾਮਾ ਜਾਰੀ ਕੀਤਾ ਸੀ, ਆਦੇਸ਼ ਸੁਣਾਇਆ ਗਿਆ ਸੀ, ਜੇਕਰ ਉਹ ਹੁਕਮਨਾਮਾ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਮੰਨ ਲੈਂਦੀ ਤਾਂ ਉਹ ਲੀਡਰਸ਼ਿਪ ਦੀ ਮੁੜ ਸੁਰਜੀਤੀ ਦੇ ਲਈ ਸੀ। ਲੇਕਿਨ ਉਹ ਹੁਕਮ ਨਹੀਂ ਮੰਨਿਆ ਗਿਆ। ਭਰਤੀ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਦੀ ਇੱਕ ਕਮੇਟੀ ਬਣੀ ਸੀ, ਉਸ ਕਮੇਟੀ ਨੂੰ ਪ੍ਰਵਾਨ ਨਹੀਂ ਕੀਤਾ ਗਿਆ। ਉਸ ਤੋਂ ਬਾਅਦ ਜੱਥੇਦਾਰ ਸਾਹਿਬਾਨਾਂ ਨੇ ਦੁਬਾਰਾ ਆਦੇਸ਼ ਕੀਤਾ ਕਿ ਇਹ ਕਮੇਟੀ ਭਰਤੀ ਸ਼ੁਰੂ ਕਰੇ ਲੇਕਿਨ ਬੜੇ ਦੁੱਖ ਦੀ ਗੱਲ ਹੈ ਕਿ ਤਿੰਨੇ ਜੱਥੇਦਾਰ ਸਾਹਿਬਾਨਾਂ ਨੂੰ ਬਦਲ ਦਿੱਤਾ ਗਿਆ। ਜਿਸ ਦੇ ਨਾਲ ਦੁਨੀਆਂ ਵਿੱਚ ਬੈਠੇ ਹਰ ਸਿੱਖ ਦੇ ਮਨ ਨੂੰ ਬਹੁਤ ਵੱਡੀ ਠੇਸ ਪੰਹੁਚੀ ਹੈ। ਸੋ, ਇਸ ਲਈ ਆਉਣ ਵਾਲੇ ਸਮੇਂ ਦੇ ਵਿੱਚ ਚਾਹੀਦਾ ਤਾਂ ਇਹ ਹੈ ਕਿ ਵਿਧੀ ਵਿਧਾਨ ਬਣਾਏ ਜਾਣ। ਸਮੁੱਚੇ ਸਿੱਖ ਪੰਥ ਦੀਆਂ ਜਿੰਨੀਆਂ ਵੀ ਧਾਰਮਿਕ ਸੰਸਥਾਵਾਂ ਹਨ, ਜਿੰਨੀਆਂ ਵੀ ਸਿੱਖ ਜਥੇਬੰਦੀਆਂ ਹਨ, ਸਾਰਿਆਂ ਦੀ ਸਲਾਹ ਦੇ ਨਾਲ ਇਸ ਤਰ੍ਹਾਂ ਦਾ ਵਿਧੀ ਵਿਧਾਨ ਬਣਨਾ ਚਾਹੀਦਾ ਹੈ ਤਾਂ ਜੋ ਇੱਕ ਵਿਅਕਤੀ ਦੀ ਮਰਜ਼ੀ ਦੇ ਨਾਲ ਇਨ੍ਹਾਂ ਸੰਸਥਾਂਵਾਂ ਦੀ ਹੋਂਦ ਨੂੰ ਖਤਰਾ ਨਹੀਂ ਹੋਣਾ ਚਾਹੀਦਾ ਹੈ। ਸੋ, ਜੋ ਵੀ ਜੱਥੇਦਾਰ ਲਾਹੇ ਗਏ ਹਨ, ਮੈਂ ਸ਼੍ਰੋਮਣੀ ਅਕਾਲੀ ਦਲ ਦਾ ਮੈਂਬਰ ਹੋਣ ਦੇ ਨਾਤੇ ਇਸ ਦੀ ਸਖਤ ਸ਼ਬਦਾਂ ਦੇ ਵਿੱਚ ਨਿੰਦਾ ਕਰਦਾ ਹਾਂ। ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਜ਼ੀਰੋ ਆਵਰ ਤੇ ਬੋਲਣ ਦਾ ਮੌਕਾ ਦਿੱਤਾ ਹੈ।

-------

**1145/amandeep kaur/BS khokhar**

**1150/Tarlochan Singh**

**ਮਾਣਯੋਗ ਸਪੀਕਰ** : ਧੰਨਵਾਦ। ਸ਼ੈਰੀ ਕਲਸੀ ਜੀ।

**ਸਰਦਾਰ ਅਮਨਸ਼ੇਰ ਸਿੰਘ ਸ਼ੈਰੀ ਕਲਸੀ (ਬਟਾਲਾ)** : ਧੰਨਵਾਦ ਸਪੀਕਰ ਸਾਹਿਬ। ਮੈਂ ਆਪ ਜੀ ਅੱਗੇ ਬੇਨਤੀ ਕਰਨੀ ਚਾਹੁੰਦਾ ਹਾਂ। ਅਕਸਰ ਤੁਹਾਨੂੰ ਸ਼ਾਮ ਨੂੰ ਮਿਲਣ ਦਾ ਮੌਕਾ ਮਿਲਦਾ ਹੈ ਤਾਂ ਤੁਸੀਂ ਅਕਸਰ ਗੁਰੂ ਸਾਹਿਬ ਦਾ ਜਾਪ ਕਰਦੇ ਹੁੰਦੇ ਹੋ ਅਤੇ ਸਾਨੂੰ ਵੀ ਕਹਿੰਦੇ ਹੋ ਕਿ ਨਾਲ ਚੌਂਕੜੀ ਮਾਰ ਕੇ ਬੈਠੋ। ਮੈਂ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਚਾਹੇ ਗੀਤਾ ਜੀ ਹੋਣ, ਕੁਰਾਨ ਜੀ ਹੋਣ, ਗੁਰੂ ਗਰੰਥ ਸਾਹਿਬ ਜੀ ਦੀ ਬੇਅਦਬੀ ਹੋਵੇ, ਕੋਈ ਐਸਾ ਕਾਨੂੰਨ ਬਣਾਇਆ ਜਾਵੇ ਕਿ ਇਹੋ ਜਿਹੀਆਂ ਵੱਡੀਆਂ ਗਲਤੀਆਂ ਕਰਨ ਲਈ ਐਸੀਆਂ ਸਖਤ ਸਜ਼ਾਵਾਂ ਮਿਲਣ ਕਿ ਉਨ੍ਹਾਂ ਦੀਆਂ ਆਉਣ ਵਾਲੀਆਂ ਪੁਸ਼ਤਾਂ ਵੀ ਸਾਰੀ ਜ਼ਿੰਦਗੀ ਯਾਦ ਰੱਖਣ। ਮੈਂ ਇਹ ਆਪ ਜੀ ਜ਼ਰੀਏ ਸਰਕਾਰ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ।

**ਸਰਦਾਰ ਜਸਵੀਰ ਸਿੰਘ ਰਾਜਾ ਗਿੱਲ (ਉੜਮੁੜ)** : ਧੰਨਵਾਦ, ਸਪੀਕਰ ਸਾਹਿਬ। ਸਪੀਕਰ ਸਾਹਿਬ, ਬਹੁਤ ਹੀ ਸਿਆਣੇ, ਸੂਝਵਾਨ, ਪਾਲੀਟਿਸ਼ਨ ਤੇ ਬੁੱਧੀਜੀਵੀ ਹਮੇਸ਼ਾ ਆਖਦੇ ਹਨ ਕਿ ਜਿਸ ਸੂਬੇ ਵਿੱਚ, ਜਿਸ ਮੁਲਕ ਵਿੱਚ ਐਜੂਕੇਸ਼ਨ ਅਤੇ ਹੈਲਥ ਸਟਰਾਂਗ ਹੈ, ਉਥੇ ਸਾਡੇ ਆਉਣ ਵਾਲੇ ਬੱਚਿਆਂ ਦਾ ਭਵਿੱਖ ਸਟਰਾਂਗ ਹੋਵੇਗਾ। ਭਗਵੰਤ ਮਾਨ ਦੀ ਸਰਕਾਰ ਇਨ੍ਹਾਂ ਦੋਨਾਂ ਪਹਿਲੂਆਂ ਨੂੰ ਲੈ ਕੇ ਬਹੁਤ ਉੱਚ ਲੈਵਲ ਦੇ ਅਤੇ ਬੜੀ ਸੂਝ ਬੂਝ ਨਾਲ ਪੰਜਾਬ ਵਿੱਚ ਤਕੜਾ ਕਰ ਰਹੀ ਹੈ। ਮੈਂ, ਸਰਦਾਰ ਭਗਵੰਤ ਮਾਨ ਦੀ ਸਰਦਾਰ ਦਾ ਧੰਨਵਾਦ ਕਰਦਾ ਹਾਂ ਜਿਸ ਨੇ 18 ਕਰੋੜ ਰੁਪਏ ਦੇ ਕਰੀਬ ਸਕੂਲਾਂ ਲਈ, ਐਜੂਕੇਸ਼ਨ ਲਈ ਅਤੇ ਸਿਹਤ ਲਈ 6 ਕਰੋੜ ਦੇ ਕਰੀਬ ਬਜਟ ਰੱਖਿਆ ਹੈ। ਇਹ ਬਹੁਤ ਹੀ ਸ਼ਲਾਘਾਯੋਗ ਹੈ।

**ਮਾਣਯੋਗ ਸਪੀਕਰ** : ਧੰਨਵਾਦ ਜੀ। ਠੀਕ ਹੈ ਜੀ।

**ਸਰਦਾਰ ਜਸਵੀਰ ਸਿੰਘ ਰਾਜਾ ਗਿੱਲ** : ਇਸ ਦੇ ਨਾਲ ਹੀ ਜਿਹੜਾ ਖੇਡਾਂ ਨੂੰ ਸੁਰਜੀਤ ਕਰ ਰਹੇ ਹਨ, ਉਨ੍ਹਾਂ ਲਈ 980 ਕਰੋੜ ਰੁਪਏ ਦੇ ਕਰੀਬ ਬਜਟ ਰੱਖਿਆ ਹੈ। ਮੈਂ ਯੁੱਧ ਨਸ਼ਿਆਂ ਵਿਰੁੱਧ ਦੀ ਗੱਲ ਕਰਨੀ ਚਾਹੁੰਦਾ ਹਾਂ। ਪੰਜਾਬ ਸਰਕਾਰ ਨੇ 2136 ਐਫ.ਆਈ.ਆਰ. ਕੀਤੀਆਂ ਹਨ।

**ਮਾਣਯੋਗ ਸਪੀਕਰ** : ਇਹ ਹੋ ਗਿਆ ਹੈ। ਬਜਟ ਤੇ ਹੋ ਗਿਆ ਹੈ। ਹੁਣ ਰਮਨ ਅਰੋੜਾ ਜੀ ਬੋਲਣਗੇ।

**ਸ਼੍ਰੀ ਰਮਨ ਅਰੋੜਾ (ਜਲੰਧਰ ਕੇਂਦਰੀ)** : ਧੰਨਵਾਦ ਸਪੀਕਰ ਸਾਹਿਬ। ਆਮ ਆਦਮੀ ਪਾਰਟੀ ਦੀ ਸਰਕਾਰ ਸਿੱਖਿਆ ਦੀਆਂ ਅਤੇ ਹੋਰ ਵਧੀਆ ਨੀਤੀਆਂ ਲੈ ਕੇ ਪੰਜਾਬ ਵਿੱਚ ਆਈ ਹੈ ਅਤੇ ਇਸ ਸਰਕਾਰ ਨੇ ਮਹੱਤਵਪੂਰਨ ਕੰਮ ਕੀਤੇ ਹਨ। ਪਿਛਲੇ ਦਿਨੀਂ ਦਿੱਲੀ ਵਿੱਚ ਅਰਵਿੰਦ ਕੇਜਰੀਵਾਲ ਜੀ ਨੇ ਕਿਹਾ ਸੀ ਕਿ ਜਦੋਂ ਉਨ੍ਹਾਂ ਦੀ ਸਰਕਾਰ ਆਏਗੀ ਤਾਂ ਪੁਜਾਰੀਆਂ ਅਤੇ ਪਾਠੀਆਂ ਨੂੰ ਸਨਮਾਨ ਰਾਸ਼ੀ ਦੇਣਗੇ। ਇਹ ਕੁਝ ਚੀਜ਼ਾਂ ਧਰਮ ਅਤੇ ਸੰਸਕ੍ਰਿਤੀ ਨਾਲ ਜੁੜੀਆਂ ਹੋਈਆਂ ਹਨ। ਇਹ ਸਾਡੀ ਨੌਜਵਾਨ ਪੀੜ੍ਹੀ ਨੂੰ, ਆਉਣ ਵਾਲੀ ਜਨਰੇਸ਼ਨ ਨੂੰ ਧਰਮ ਤੇ ਸੰਸਕ੍ਰਿਤੀ ਨਾਲ ਜੋੜਨ ਲਈ ਹੈ। ਯੁੱਧ ਨਸ਼ਿਆਂ ਵਿਰੁੱਧ ਨਾਲ ਵੀ ਨੌਜਵਾਨ ਪੀੜ੍ਹੀ ਜੁੜੇਗੀ। ਇਸ ਲਈ ਮੈਂ ਪੰਜਾਬ ਦੇ ਪਾਠੀਆਂ ਲਈ ਅਤੇ ਪੁਜਾਰੀਆਂ ਲਈ ਮੰਗ ਕਰਦਾ ਹਾਂ ਕਿ ਪੰਜਾਬ ਵਿੱਚ ਵੀ ਇਨ੍ਹਾਂ ਨੂੰ ਸਨਮਾਨ ਰਾਸ਼ੀ ਦਿੱਤੀ ਜਾਵੇ। ਜੈ ਹਿੰਦ।

**ਸਰਦਾਰ ਗੁਰਦੀਪ ਸਿੰਘ ਰੰਧਾਵਾ (ਡੇਰਾ ਬਾਬਾ ਨਾਨਕ)** : ਸਪੀਕਰ ਸਾਹਿਬ, ਧੰਨਵਾਦ। ਮੈਂ ਆਪ ਦੇ ਮਾਧਿਅਮ ਰਾਹੀਂ ਪੇਂਡੂ ਤੇ ਵਿਕਾਸ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਡੇਰਾ ਬਾਬਾ ਨਾਨਕ ਹਲਕੇ ਦਾ ਇੱਕ ਕਸਬਾ ਕਲਾਨੌਰ ਹੈ ਜਿੱਥੇ ਲਗਭਗ 10-12 ਸਾਲ ਤੋਂ ਪੰਚਾਇਤ ਇਲੈਕਸ਼ਨ ਨਹੀਂ ਹੋ ਸਕੀ ਹੈ। ਇਸ ਵਾਰ ਵੀ ਕਲਾਨੌਰ ਦੀਆਂ 6 ਪੰਚਾਇਤਾਂ ਹਨ ਜਿੱਥੇ ਸਰਪੰਚੀ ਦੀਆਂ ਇਲੈਕਸ਼ਨਾਂ ਨਹੀਂ ਹੋਈਆਂ ਹਨ। ਜਦੋਂ ਮੈਂ ਮਹਿਕਮੇ ਦੇ ਅਫ਼ਸਰਾਂ ਨਾਲ ਗੱਲ ਕੀਤੀ ਤਾਂ ਉਹ ਕਹਿੰਦੇ ਕਿ ਵਾਰਡਬੰਦੀ ਨਾ ਹੋਣ ਕਾਰਨ ਇਲੈਕਸ਼ਨਾਂ ਨਹੀਂ ਹੋ ਸਕਦੀਆਂ। ਸਪੀਕਰ ਸਾਹਿਬ, ਮੈਂ ਆਪ ਜੀ ਦੇ ਮਾਧਿਅਮ ਰਾਹੀਂ ਮੰਤਰੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਵਾਰਡਬੰਦੀ ਕਰਵਾ ਕੇ ਇਲੈਕਸ਼ਨਾਂ ਕਰਵਾਉਣਗੇ? ਇਹ 10-12 ਹਜ਼ਾਰ ਦੀ ਆਬਾਦੀ ਦਾ ਸ਼ਹਿਰ ਹੈ ਜਿੱਥੇ ਕਿ 6 ਪੰਚਾਇਤਾਂ ਹਨ। ਵਾਰਡਬੰਡੀ ਕਰਵਾ ਕੇ ਜਲਦੀ ਤੋਂ ਜਲਦੀ ਪੰਚਾਇਤ ਇਲੈਕਸ਼ਨਾਂ ਕਰਵਾਈਆਂ ਜਾਣ।

ਮੈਂ ਇੱਕ ਹੋਰ ਗੱਲ ਕਰਨੀ ਚਾਹੁੰਦਾ ਹਾਂ।

**ਮਾਣਯੋਗ ਸਪੀਕਰ** : ਧੰਨਵਾਦ ਜੀ। ਬੈਠੋ ਜੀ ਬੈਠੋ।

-------

**MOTION UNDER RULE 16**

**ਮਾਣਯੋਗ ਸਪੀਕਰ** : ਡਾਕਟਰ ਰਵਜੋਤ ਸਿੰਘ, ਸੰਸਦੀ ਮਾਮਲੇ ਮੰਤਰੀ ਪ੍ਰਸਤਾਵ ਪੇਸ਼ ਕਰਨ।

**ਸੰਸਦੀ ਮਾਮਲੇ ਮੰਤਰੀ (ਡਾਕਟਰ ਰਵਜੋਤ ਸਿੰਘ)** : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ

ਕਿ ਵਿਧਾਨ ਸਭਾ ਅੱਜ ਇਸ ਦੇ ਉਠ ਜਾਣ ਤੇ ਅਣਮਿੱਥੇ ਸਥਗਿਤ ਹੋ ਜਾਵੇਗੀ।

**ਮਾਣਯੋਗ ਸਪੀਕਰ** : ਪ੍ਰਸਤਾਵ ਕੀਤਾ

ਕਿ ਵਿਧਾਨ ਸਭਾ ਅੱਜ ਇਸ ਦੇ ਉਠ ਜਾਣ ਤੇ ਅਣਮਿੱਥੇ ਸਥਗਿਤ ਹੋ ਜਾਵੇਗੀ।

**ਮਾਣਯੋਗ ਸਪੀਕਰ** : ਪ੍ਰਸ਼ਨ ਹੈ

ਕਿ ਵਿਧਾਨ ਸਭਾ ਅੱਜ ਇਸ ਦੇ ਉਠ ਜਾਣ ਤੇ ਅਣਮਿੱਥੇ ਸਥਗਿਤ ਹੋ ਜਾਵੇਗੀ।

***ਪ੍ਰਸਤਾਵ ਪ੍ਰਵਾਨ ਹੋਇਆ***

**1150/Tarlochan Singh/Rajneesh kumar**

**1155/mehak**

**PAPER LAID ON THE TABLE OF THE HOUSE**

**ਮਾਣਯੋਗ ਸਪੀਕਰ:** ਅਗਲੀ ਆਈਟਮ। ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼ ਪੱਤਰ।

**ਸੰਸਦੀ ਮਾਮਲੇ ਮੰਤਰੀ (ਡਾਕਟਰ ਰਵਜੋਤ ਸਿੰਘ):** ਸ਼੍ਰੀਮਾਨ ਜੀ, ਮੈਂ ਅੱਜ ਦੀ ਕਾਰਜ-ਸੂਚੀ ਦੇ ਲੜੀ ਨੰ: 3 ਅਧੀਨ ਦਰਸਾਏ ਗਏ ਕ੍ਰਮ ਅੰਕ ਨੰ: 1 ਤੇ ਵਰਣਿਤ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਰੱਖਦਾ ਹਾਂ:

ਸਾਲ 2021-22 ਅਤੇ 2022-23 ਲਈ ਪੰਜਾਬ ਸਟੇਟ ਕਮਿਸ਼ਨ ਫਾਰ ਐਨ.ਆਰ.ਆਈਜ਼ ਦੀਆਂ ਸਲਾਨਾ ਪ੍ਰਬੰਧਕੀ ਰਿਪੋਰਟਾਂ ਸਦਨ ਦੀ ਮੇਜ਼ ਤੇ ਰੱਖਦਾ ਹਾਂ, ਜਿਵੇਂ ਕਿ ਪੰਜਾਬ ਸਟੇਟ ਕਮਿਸ਼ਨ ਫਾਰ ਐਨ.ਆਰ.ਆਈਜ਼ ਐਕਟ, 2011 ਦੀ ਧਾਰਾ 20 ਅਧੀਨ ਲੋੜੀਂਦਾ ਹੈ।

-----

**PRESENTATION OF REPORTS OF THE COMMITTEES**

**ਮਾਣਯੋਗ ਸਪੀਕਰ**: ਡਾਕਟਰ ਚਰਨਜੀਤ ਸਿੰਘ, ਸਭਾਪਤੀ, ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਕਮੇਟੀ ਦੀ ਰਿਪੋਰਟ ਪੇਸ਼ ਕਰਨ।

**ਸਭਾਪਤੀ, ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਕਮੇਟੀ (ਡਾਕਟਰ ਚਰਨਜੀਤ ਸਿੰਘ):** ਧੰਨਵਾਦ ਸਪੀਕਰ ਸਾਹਿਬ, ਸ਼੍ਰੀਮਾਨ ਜੀ, ਮੈਂ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਬਾਬਾ ਸਾਹਿਬ ਡਾਕਟਰ ਬੀ.ਆਰ. ਅੰਬੇਦਕਰ ਜੀ ਦੀ ਸੰਵਿਧਾਨ ਦੁਆਰਾ ਇਹ ਅਧਿਕਾਰ ਦਿੱਤੇ ਜਾਣ ਤੇ ਕੇਂਦਰ ਅਤੇ ਪੰਜਾਬ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਭਲਾਈ ਸਕੀਮਾਂ ਦੇ ਲਾਭ ਦੇਣ ਲਈ ਅਤੇ ਪੰਜਾਬ ਸਰਕਾਰ ਦੇ ਸਮੂਹ ਵਿਭਾਗਾਂ ਵਿੱਚ ਰੋਸਟਰ ਰਜਿਸਟਰ ਸਿਸਟਮ ਲਾਗੂ ਕਰਨ ਸਬੰਧੀ ਕਮੇਟੀ ਦੀ ਸਾਲ 2024-25 ਲਈ 49ਵੀਂ ਰਿਪੋਰਟ ਪੇਸ਼ ਕਰਦਾ ਹਾਂ।

**ਮਾਣਯੋਗ ਸਪੀਕਰ**: ਧੰਨਵਾਦ। ਬੈਠੋ।

**ਸਭਾਪਤੀ, ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਕਮੇਟੀ**: ਸਰ, ਇੱਕ ਮਿੰਟ।

**ਮਾਣਯੋਗ ਸਪੀਕਰ:** ਹੋਰ ਰਿਪੋਰਟ ਹੈ ਜਾਂ ਇਸੇ ਰਿਪੋਰਟ ਤੇ ਹੀ ਗੱਲ ਕਰਨੀ ਹੈ?

**ਸਭਾਪਤੀ, ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਕਮੇਟੀ**: ਸਰ, ਹੋਰ ਕਾਫੀ ਸਿਫਾਰਸ਼ਾਂ ਹਨ।

**ਮਾਣਯੋਗ ਸਪੀਕਰ**: ਨਹੀਂ, ਨਹੀਂ ਸਿਫਾਰਸ਼ਾਂ ਨਹੀਂ ਬੋਲਣੀਆਂ ਹਨ। ਸਰਦਾਰ ਦਵਿੰਦਰਜੀਤ ਸਿੰਘ ਲਾਡੀ ਢੋਸ, ਸਭਾਪਤੀ, ਸਰਕਾਰੀ ਆਸ਼ਵਾਸਨਾਂ ਸਬੰਧੀ ਕਮੇਟੀ ਦੀ ਰਿਪੋਰਟ ਪੇਸ਼ ਕਰਨ।

**ਸਭਾਪਤੀ, ਸਰਕਾਰੀ ਆਸ਼ਵਾਸਨਾਂ ਸਬੰਧੀ ਕਮੇਟੀ (ਸਰਦਾਰ ਦਵਿੰਦਰਜੀਤ ਸਿੰਘ ਲਾਡੀ ਢੋਸ):** ਮਾਣਯੋਗ ਸਪੀਕਰ ਸਾਹਿਬ, ਮੈਂ ਸਭ ਤੋਂ ਪਹਿਲਾਂ ਆਪ ਜੀ ਦਾ ਬਹੁਤ ਧੰਨਵਾਦ ਕਰਦਾ ਹਾਂ ਕਿ ਆਪ ਜੀ ਨੇ ਮੈਨੂੰ ਸਦਨ ਦੀ ਇੱਕ ਅਹਿਮ ਕਮੇਟੀ ਜਿਸ ਵਿੱਚ ਸਰਕਾਰ ਦੁਆਰਾ ਸਦਨ ਵਿੱਚ ਕੀਤੇ ਗਏ ਵਾਅਦੇ ਅਤੇ ਦਿੱਤੇ ਗਏ ਆਸ਼ਵਾਸਨਾਂ ਨੂੰ ਲਾਗੂ ਕਰਵਾਉਣ ਲਈ ਸਦਨ ਦੀ ਸਰਕਾਰੀ ਆਸ਼ਵਾਸਨਾਂ ਸਬੰਧੀ ਕਮੇਟੀ ਦਾ ਬਤੌਰ ਸਭਾਪਤੀ ਸੇਵਾ ਕਰਨ ਦਾ ਮੌਕਾ ਦਿੱਤਾ ਹੈ।

ਸ਼੍ਰੀਮਾਨ ਜੀ, ਮੈਂ ਸਦਨ ਵਿੱਚ ਮੰਤਰੀ ਸਾਹਿਬਾਨਾਂ ਦੁਆਰਾ ਸਮੇਂ ਸਮੇਂ ਤੇ ਦਿੱਤੇ ਆਸ਼ਵਾਸਨਾਂ, ਵਚਨਾਂ ਅਤੇ ਵਿਸ਼ਵਾਸਾਂ ਆਦਿ ਦੀ ਪੜਤਾਲ ਕਰਨ ਲਈ ਸਾਲ 2024-25 ਲਈ ਗਠਿਤ ਕੀਤੀ ਗਈ ਸਰਕਾਰੀ ਆਸ਼ਵਾਸਨਾਂ ਸਬੰਧੀ ਕਮੇਟੀ ਦੁਆਰਾ ਅਧਿਕਾਰ ਦਿੱਤੇ ਜਾਣ ਤੇ ਇਸ ਦੀ 53ਵੀਂ ਰਿਪੋਰਟ ਸਦਨ ਵਿੱਚ ਪੇਸ਼ ਕਰਦਾ ਹਾਂ।

**ਮਾਣਯੋਗ ਸਪੀਕਰ:** ਸਰਦਾਰ ਅਮਰਪਾਲ ਸਿੰਘ, ਸਭਾਪਤੀ, ਅਧੀਨ ਵਿਧਾਨ ਕਮੇਟੀ ਰਿਪੋਰਟ ਪੇਸ਼ ਕਰਨ।

**ਸਭਾਪਤੀ, ਅਧੀਨ ਵਿਧਾਨ ਕਮੇਟੀ (ਸਰਦਾਰ ਅਮਰਪਾਲ ਸਿੰਘ):** ਬਹੁਤ ਬਹੁਤ ਧੰਨਵਾਦ, ਸਪੀਕਰ ਸਾਹਿਬ। ਮੈਂ ਅਧੀਨ ਵਿਧਾਨ ਕਮੇਟੀ ਦੀ ਸਾਲ 2024-25 ਦੀ 46ਵੀਂ ਰਿਪੋਰਟ ਸਦਨ ਵਿੱਚ ਪੇਸ਼ ਕਰਦਾ ਹਾਂ।

**ਮਾਣਯੋਗ ਸਪੀਕਰ:** ਸਰਦਾਰ ਜਗਰੂਪ ਸਿੰਘ ਗਿੱਲ, ਸਭਾਪਤੀ, ਕੁਐਸਚਨਜ਼ ਐਂਡ ਰੈਫਰੈਂਸਿਜ਼ ਕਮੇਟੀ ਦੀ ਰਿਪੋਰਟ ਪੇਸ਼ ਕਰਨ।

**ਸਭਾਪਤੀ, ਕੁਐਸਚਨਜ਼ ਐਂਡ ਰੈਫਰੈਂਸਿਜ਼ ਕਮੇਟੀ (ਸਰਦਾਰ ਜਗਰੂਪ ਸਿੰਘ ਗਿੱਲ):** ਧੰਨਵਾਦ, ਸਪੀਕਰ ਸਾਹਿਬ, ਮੈਂ ਸਾਲ 2024-25 ਲਈ ਗਠਿਤ ਕੀਤੀ ਕੁਐਸਚਨਜ਼ ਐਂਡ ਰੈਫਰੈਂਸਿਜ਼ ਕਮੇਟੀ ਦੀ 17ਵੀਂ ਰਿਪੋਰਟ ਪੇਸ਼ ਕਰਦਾ ਹਾਂ। ਮੈਂ ਸਿਰਫ ਦੋ ਗੱਲਾਂ ਕਰਨੀਆਂ ਚਾਹੁੰਦਾ ਹਾਂ।

**ਮਾਣਯੋਗ ਸਪੀਕਰ**: ਬੈਠੋ ਪਲੀਜ਼, ਕੋਈ ਨਹੀਂ।

**ਮਾਣਯੋਗ ਸਪੀਕਰ**: ਸਰਦਾਰ ਸਰਵਣ ਸਿੰਘ ਧੁੰਨ, ਸਭਾਪਤੀ, ਖੇਤੀਬਾੜੀ ਅਤੇ ਇਸ ਨਾਲ ਜੁੜੀਆਂ ਗਤੀਵਿਧੀਆਂ ਸਬੰਧੀ ਕਮੇਟੀ ਦੀ ਰਿਪੋਰਟ ਪੇਸ਼ ਕਰਨ।

**ਸਭਾਪਤੀ, ਖੇਤੀਬਾੜੀ ਅਤੇ ਇਸ ਨਾਲ ਜੁੜੀਆਂ ਗਤੀਵਿਧੀਆਂ ਸਬੰਧੀ ਕਮੇਟੀ (ਸਰਦਾਰ ਸਰਵਣ ਸਿੰਘ ਧੁੰਨ):** ਮਾਣਯੋਗ ਸਪੀਕਰ ਸਾਹਿਬ, ਮੈਂ ਖੇਤੀਬਾੜੀ ਅਤੇ ਇਸ ਨਾਲ ਜੁੜੀਆਂ ਗਤੀਵਿਧੀਆਂ ਸਬੰਧੀ ਕਮੇਟੀ ਦੁਆਰਾ ਅਧਿਕਾਰ ਦਿੱਤੇ ਜਾਣ ਤੇ ਕਮੇਟੀ ਦੀ ਸਾਲ 2024-25 ਦੀ ਤੀਸਰੀ ਰਿਪੋਰਟ ਸਦਨ ਦੀ ਮੇਜ਼ ਤੇ ਰੱਖਦਾ ਹਾਂ।

**ਮਾਣਯੋਗ ਸਪੀਕਰ**: ਸਰਦਾਰ ਮਨਜੀਤ ਸਿੰਘ ਬਿਲਾਸਪੁਰ, ਸਭਾਪਤੀ, ਪਟੀਸ਼ਨ ਕਮੇਟੀ ਦੀ ਰਿਪੋਰਟ ਪੇਸ਼ ਕਰਨ।

**ਸਭਾਪਤੀ, ਪਟੀਸ਼ਨ ਕਮੇਟੀ (ਸਰਦਾਰ ਮਨਜੀਤ ਸਿੰਘ ਬਿਲਾਸਪੁਰ):** ਬਹੁਤ ਬਹੁਤ ਧੰਨਵਾਦ, ਸਪੀਕਰ ਸਾਹਿਬ। ਮਾਣਯੋਗ ਸਪੀਕਰ ਸਾਹਿਬ, ਪੰਜਾਬ ਵਿਧਾਨ ਸਭਾ ਵਿੱਚ ਪਟੀਸ਼ਨ ਕਮੇਟੀ ਜਦੋਂ ਤੋਂ ਹੋਂਦ ਵਿੱਚ ਆਈ ਹੈ, ਇਸ ਕਮੇਟੀ ਦੀ ਰਿਪੋਰਟ ਕਦੇ ਵੀ ਸਦਨ ਵਿੱਚ ਪੇਸ਼ ਨਹੀਂ ਹੋਈ ਹੈ ਪਰੰਤੂ ਮੁੱਖ ਮੰਤਰੀ ਸਾਹਿਬ, ਸਰਦਾਰ ਭਗਵੰਤ ਸਿੰਘ ਮਾਨ ਅਤੇ ਆਪ ਜੀ ਦੀ ਯੋਗ ਅਗਵਾਈ ਸਦਕਾ ਪਟੀਸ਼ਨ ਕਮੇਟੀ ਨੇ ਅੱਜ ਆਪਣੀ ਪਹਿਲੀ ਰਿਪੋਰਟ ਸਦਨ ਦੇ ਸਾਹਮਣੇ ਪੇਸ਼ ਕੀਤੀ ਹੈ।

**1155/mehak/Rajneesh kumar**

**1200/Sukhpiar Singh**

**OFFICIAL RESOLUTION REGARDING ADOPTION OF THE AMENDEMENTS ENACTED BY THE PARLIAMENT, WITH RESPECT TO THE WATER (PREVENTION AND CONTROL OF POLLUTION) AMENDMENT ACT, 2024, FOR THE STATE OF PUNJAB**

**ਮਾਣਯੋਗ ਸਪੀਕਰ:** ਡਾਕਟਰ ਰਵਜੋਤ ਸਿੰਘ, ਸੰਸਦੀ ਮਾਮਲਿਆਂ ਬਾਰੇ ਮੰਤਰੀ ਮਤਾ ਪੇਸ਼ ਕਰਨ।

**ਸੰਸਦੀ ਮਾਮਲੇ ਮੰਤਰੀ (ਡਾਕਟਰ ਰਵਜੋਤ ਸਿੰਘ):** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ ਕਿ-

"ਜਦੋਂ ਕਿ ਭਾਰਤ ਦੀ ਸੰਸਦ ਨੇ ਜਲ ਪ੍ਰਦੂਸ਼ਣ ਦੀ ਰੋਕਥਾਮ ਅਤੇ ਨਿਯੰਤਰਣ ਅਤੇ ਪਾਣੀ ਦੀ ਸ਼ੁੱਧਤਾ ਨੂੰ ਬਹਾਲ ਰੱਖਣ ਲਈ ਜਲ (ਪ੍ਰਦੂਸ਼ਣ ਰੋਕਥਾਮ ਅਤੇ ਨਿਯੰਤਰਣ) ਐਕਟ, 1974 (1974 ਦਾ ਕੇਂਦਰੀ ਐਕਟ ਨੰ.6) ਲਾਗੂ ਕੀਤਾ ਸੀ।

ਅਤੇ ਕਿਉਂਕਿ ਪੰਜਾਬ ਰਾਜ ਦੀ ਵਿਧਾਨ ਸਭਾ ਨੇ ਭਾਰਤ ਦੇ ਸੰਵਿਧਾਨ ਦੀ ਧਾਰਾ 252 ਦੀ ਪਾਲਣਾ ਵਿੱਚ, 3 ਫਰਵਰੀ, 1975 ਦੇ ਮਤੇ ਰਾਹੀਂ ਜਲ (ਪ੍ਰਦੂਸ਼ਣ ਰੋਕਥਾਮ ਅਤੇ ਨਿਯੰਤਰਣ) ਐਕਟ, 1974 ਨੂੰ ਅਪਣਾਉਣ ਦਾ ਸੰਕਲਪ ਲਿਆ ਸੀ।

ਅਤੇ ਕਿਉਂਕਿ ਪੰਜਾਬ ਰਾਜ ਦੀ ਵਿਧਾਨ ਸਭਾ ਨੇ ਭਾਰਤ ਦੇ ਸੰਵਿਧਾਨ ਦੀ ਧਾਰਾ 252 ਦੀ ਪਾਲਣਾ ਵਿੱਚ, 15 ਅਕਤੂਬਰ, 1979 ਦੇ ਮਤੇ ਰਾਹੀਂ ਜਲ (ਪ੍ਰਦੂਸ਼ਣ ਅਤੇ ਰੋਕਥਾਮ ਨਿਯੰਤਰਣ) ਸੋਧ ਐਕਟ, 1978 (1978 ਦਾ ਕੇਂਦਰੀ ਐਕਟ ਨੰ. 44) ਨੂੰ ਅਪਣਾਉਣ ਦਾ ਫੈਸਲਾ ਕੀਤਾ ਸੀ।

ਅਤੇ ਕਿਉਂਕਿ ਪੰਜਾਬ ਰਾਜ ਦੀ ਵਿਧਾਨ ਸਭਾ ਨੇ ਭਾਰਤ ਦੇ ਸੰਵਿਧਾਨ ਦੀ ਧਾਰਾ 252 ਦੀ ਪਾਲਣਾ ਵਿੱਚ, 9 ਅਪ੍ਰੈਲ, 1992 ਦੇ ਮਤੇ ਰਾਹੀਂ ਜਲ (ਪ੍ਰਦੂਸ਼ਣ ਰੋਕਥਾਮ ਅਤੇ ਨਿਯੰਤਰਣ) ਸੋਧ ਐਕਟ, 1988 (1988 ਦਾ ਕੇਂਦਰੀ ਐਕਟ ਨੰ.53) ਨੂੰ ਅਪਣਾਉਣ ਦਾ ਫੈਸਲਾ ਕੀਤਾ ਸੀ।

ਅਤੇ ਜਿੱਥੇ ਭਾਰਤ ਦੀ ਸੰਸਦ ਨੇ 15.2.2024 ਨੂੰ ਨੋਟੀਫਾਈ ਕੀਤਾ ਗਿਆ ਜਲ (ਪ੍ਰਦੂਸ਼ਣ ਰੋਕਥਾਮ ਅਤੇ ਨਿਯੰਤਰਣ) ਸੋਧ ਐਕਟ, 2024 (2024 ਦਾ ਕੇਂਦਰੀ ਐਕਟ ਨੰ.5) ਲਾਗੂ ਕੀਤਾ ਸੀ।

ਅਤੇ ਜਿੱਥੇ ਸੋਧ ਐਕਟ, 2024, ਪਹਿਲੀ ਵਾਰ, ਹਿਮਾਚਲ ਪ੍ਰਦੇਸ਼ ਅਤੇ ਰਾਜਸਥਾਨ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ 'ਤੇ ਲਾਗੂ ਹੋਵੇਗਾ; ਅਤੇ ਇਹ ਅਜਿਹੇ ਹੋਰ ਰਾਜਾਂ 'ਤੇ ਲਾਗੂ ਹੋਵੇਗਾ ਜੋ ਇਸ ਐਕਟ ਨੂੰ ਅਪਣਾਉਣਗੇ, ਸੰਵਿਧਾਨ ਦੇ ਅਨੁਛੇਦ 252 ਦੇ ਉਪਖੰਡ (1) ਦੇ ਅਧੀਨ ਆਪਣੀਆਂ ਵਿਧਾਨ ਸਭਾਵਾਂ ਅਤੇ ਵਿਧਾਨ ਪ੍ਰੀਸ਼ਦਾਂ (ਜੇਕਰ ਕੋਈ ਹੈ) ਵਿੱਚ ਇੱਕ ਮਤਾ ਪਾਸ ਕਰਕੇ, ਜਿਸ ਨੂੰ ਧਾਰਾ (2) ਦੇ ਨਾਲ਼ ਪੜ੍ਹਿਆ ਜਾਂਦਾ ਹੈ, ਅਜਿਹਾ ਅਪਣਾਉਣ ਦੀ ਮਿਤੀ ਤੋਂ ਪ੍ਰਭਾਵੀ ਹੋਵੇਗਾ।

ਅਤੇ ਜਿੱਥੇ, ਇਸ ਸੋਧ ਐਕਟ, 2024 ਦਾ ਉਦੇਸ਼ ਦੇਸ਼ ਵਿੱਚ ਕਾਰੋਬਾਰ ਕਰਨ ਵਿੱਚ ਆਸਾਨੀ ਨੂੰ ਸੁਚਾਰੂ ਬਣਾਉਣ ਅਤੇ ਰਾਜ ਪ੍ਰਦੂਸ਼ਣ ਕੰਟਰੋਲ ਬੋਰਡਾਂ ਦੇ ਚੇਅਰਮੈਨ ਦੀ ਨਾਮਜ਼ਦਗੀ ਦੀ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ ਲਈ ਮੂਲ ਐਕਟ "ਜਲ (ਪ੍ਰਦੂਸ਼ਣ ਰੋਕਥਾਮ ਅਤੇ ਨਿਯੰਤਰਣ) ਐਕਟ, 1974" (1974 ਦਾ ਕੇਂਦਰੀ ਐਕਟ ਨੰ.6) ਦੇ ਉਪਬੰਧਾਂ ਨੂੰ ਅਪਰਾਧ ਦੀ ਸ਼੍ਰੇਣੀ ਤੋਂ ਬਾਹਰ ਕਰਨਾ ਹੈ;

ਅਤੇ ਕਿਉਂਕਿ ਇਸ ਵਿਧਾਨ ਸਭਾ ਨੂੰ ਇਹ ਲੋੜੀਂਦਾ ਜਾਪਦਾ ਹੈ ਕਿ ਉਪਰੋਕਤ ਸੋਧ ਐਕਟ, 2024 ਨੂੰ ਇਸ ਵਿਧਾਨ ਸਭਾ ਵਿੱਚ ਇੱਕ ਮਤਾ ਪਾਸ ਕਰਕੇ ਪੰਜਾਬ ਰਾਜ ਵਿੱਚ ਅਪਣਾਇਆ ਜਾਵੇ।

ਹੁਣ, ਇਸ ਲਈ, ਭਾਰਤ ਦੇ ਸੰਵਿਧਾਨ ਦੇ ਅਨੁਛੇਦ 252 ਦੇ ਉਪਭਾਗ (1) ਦੇ ਨਾਲ ਪੜ੍ਹੇ ਗਏ ਉਪਭਾਗ (2) ਦੁਆਰਾ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਇਹ ਅਸੈਂਬਲੀ ਇਸ ਦੁਆਰਾ ਮਤਾ ਪਾਉਂਦੀ ਹੈ ਕਿ ਜਲ (ਪ੍ਰਦੂਸ਼ਣ ਰੋਕਥਾਮ ਅਤੇ ਨਿਯੰਤਰਣ) ਸੋਧ ਐਕਟ, 2024 ਦੇ ਸੰਬੰਧ ਵਿੱਚ ਸੋਧਾਂ ਨੂੰ ਪੰਜਾਬ ਰਾਜ ਲਈ ਅਪਣਾਇਆ ਜਾਵੇ ਜਿਵੇਂ ਕਿ ਸੰਸਦ ਦੁਆਰਾ ਲਾਗੂ ਕੀਤਾ ਗਿਆ ਹੈ।"

**ਮਾਣਯੋਗ ਸਪੀਕਰ**: ਪ੍ਰਸਤਾਵ ਕੀਤਾ-

"ਜਦੋਂ ਕਿ ਭਾਰਤ ਦੀ ਸੰਸਦ ਨੇ ਜਲ ਪ੍ਰਦੂਸ਼ਣ ਦੀ ਰੋਕਥਾਮ ਅਤੇ ਨਿਯੰਤਰਣ ਅਤੇ ਪਾਣੀ ਦੀ ਸ਼ੁੱਧਤਾ ਨੂੰ ਬਹਾਲ ਰੱਖਣ ਲਈ ਜਲ (ਪ੍ਰਦੂਸ਼ਣ ਰੋਕਥਾਮ ਅਤੇ ਨਿਯੰਤਰਣ) ਐਕਟ, 1974 (1974 ਦਾ ਕੇਂਦਰੀ ਐਕਟ ਨੰ.6) ਲਾਗੂ ਕੀਤਾ ਸੀ।

ਅਤੇ ਕਿਉਂਕਿ ਪੰਜਾਬ ਰਾਜ ਦੀ ਵਿਧਾਨ ਸਭਾ ਨੇ ਭਾਰਤ ਦੇ ਸੰਵਿਧਾਨ ਦੀ ਧਾਰਾ 252 ਦੀ ਪਾਲਣਾ ਵਿੱਚ, 3 ਫਰਵਰੀ, 1975 ਦੇ ਮਤੇ ਰਾਹੀਂ ਜਲ (ਪ੍ਰਦੂਸ਼ਣ ਰੋਕਥਾਮ ਅਤੇ ਨਿਯੰਤਰਣ) ਐਕਟ, 1974 ਨੂੰ ਅਪਣਾਉਣ ਦਾ ਸੰਕਲਪ ਲਿਆ ਸੀ।

ਅਤੇ ਕਿਉਂਕਿ ਪੰਜਾਬ ਰਾਜ ਦੀ ਵਿਧਾਨ ਸਭਾ ਨੇ ਭਾਰਤ ਦੇ ਸੰਵਿਧਾਨ ਦੀ ਧਾਰਾ 252 ਦੀ ਪਾਲਣਾ ਵਿੱਚ, 15 ਅਕਤੂਬਰ, 1979 ਦੇ ਮਤੇ ਰਾਹੀਂ ਜਲ (ਪ੍ਰਦੂਸ਼ਣ ਅਤੇ ਰੋਕਥਾਮ ਨਿਯੰਤਰਣ) ਸੋਧ ਐਕਟ, 1978 (1978 ਦਾ ਕੇਂਦਰੀ ਐਕਟ ਨੰ. 44) ਨੂੰ ਅਪਣਾਉਣ ਦਾ ਫੈਸਲਾ ਕੀਤਾ ਸੀ।

ਅਤੇ ਕਿਉਂਕਿ ਪੰਜਾਬ ਰਾਜ ਦੀ ਵਿਧਾਨ ਸਭਾ ਨੇ ਭਾਰਤ ਦੇ ਸੰਵਿਧਾਨ ਦੀ ਧਾਰਾ 252 ਦੀ ਪਾਲਣਾ ਵਿੱਚ, 9 ਅਪ੍ਰੈਲ, 1992 ਦੇ ਮਤੇ ਰਾਹੀਂ ਜਲ (ਪ੍ਰਦੂਸ਼ਣ ਰੋਕਥਾਮ ਅਤੇ ਨਿਯੰਤਰਣ) ਸੋਧ ਐਕਟ, 1988 (1988 ਦਾ ਕੇਂਦਰੀ ਐਕਟ ਨੰ.53) ਨੂੰ ਅਪਣਾਉਣ ਦਾ ਫੈਸਲਾ ਕੀਤਾ ਸੀ।

ਅਤੇ ਜਿੱਥੇ ਭਾਰਤ ਦੀ ਸੰਸਦ ਨੇ 15.2.2024 ਨੂੰ ਨੋਟੀਫਾਈ ਕੀਤਾ ਗਿਆ ਜਲ (ਪ੍ਰਦੂਸ਼ਣ ਰੋਕਥਾਮ ਅਤੇ ਨਿਯੰਤਰਣ) ਸੋਧ ਐਕਟ, 2024 (2024 ਦਾ ਕੇਂਦਰੀ ਐਕਟ ਨੰ.5) ਲਾਗੂ ਕੀਤਾ ਸੀ।

ਅਤੇ ਜਿੱਥੇ ਸੋਧ ਐਕਟ, 2024, ਪਹਿਲੀ ਵਾਰ, ਹਿਮਾਚਲ ਪ੍ਰਦੇਸ਼ ਅਤੇ ਰਾਜਸਥਾਨ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ 'ਤੇ ਲਾਗੂ ਹੋਵੇਗਾ; ਅਤੇ ਇਹ ਅਜਿਹੇ ਹੋਰ ਰਾਜਾਂ 'ਤੇ ਲਾਗੂ ਹੋਵੇਗਾ ਜੋ ਇਸ ਐਕਟ ਨੂੰ ਅਪਣਾਉਣਗੇ, ਸੰਵਿਧਾਨ ਦੇ ਅਨੁਛੇਦ 252 ਦੇ ਉਪਖੰਡ (1) ਦੇ ਅਧੀਨ ਆਪਣੀਆਂ ਵਿਧਾਨ ਸਭਾਵਾਂ ਅਤੇ ਵਿਧਾਨ ਪ੍ਰੀਸ਼ਦਾਂ (ਜੇਕਰ ਕੋਈ ਹੈ) ਵਿੱਚ ਇੱਕ ਮਤਾ ਪਾਸ ਕਰਕੇ, ਜਿਸ ਨੂੰ ਧਾਰਾ (2) ਦੇ ਨਾਲ਼ ਪੜ੍ਹਿਆ ਜਾਂਦਾ ਹੈ, ਅਜਿਹਾ ਅਪਣਾਉਣ ਦੀ ਮਿਤੀ ਤੋਂ ਪ੍ਰਭਾਵੀ ਹੋਵੇਗਾ।

ਅਤੇ ਜਿੱਥੇ, ਇਸ ਸੋਧ ਐਕਟ, 2024 ਦਾ ਉਦੇਸ਼ ਦੇਸ਼ ਵਿੱਚ ਕਾਰੋਬਾਰ ਕਰਨ ਵਿੱਚ ਆਸਾਨੀ ਨੂੰ ਸੁਚਾਰੂ ਬਣਾਉਣ ਅਤੇ ਰਾਜ ਪ੍ਰਦੂਸ਼ਣ ਕੰਟਰੋਲ ਬੋਰਡਾਂ ਦੇ ਚੇਅਰਮੈਨ ਦੀ ਨਾਮਜ਼ਦਗੀ ਦੀ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ ਲਈ ਮੂਲ ਐਕਟ "ਜਲ (ਪ੍ਰਦੂਸ਼ਣ ਰੋਕਥਾਮ ਅਤੇ ਨਿਯੰਤਰਣ) ਐਕਟ, 1974" (1974 ਦਾ ਕੇਂਦਰੀ ਐਕਟ ਨੰ.6) ਦੇ ਉਪਬੰਧਾਂ ਨੂੰ ਅਪਰਾਧ ਦੀ ਸ਼੍ਰੇਣੀ ਤੋਂ ਬਾਹਰ ਕਰਨਾ ਹੈ;

ਅਤੇ ਕਿਉਂਕਿ ਇਸ ਵਿਧਾਨ ਸਭਾ ਨੂੰ ਇਹ ਲੋੜੀਂਦਾ ਜਾਪਦਾ ਹੈ ਕਿ ਉਪਰੋਕਤ ਸੋਧ ਐਕਟ, 2024 ਨੂੰ ਇਸ ਵਿਧਾਨ ਸਭਾ ਵਿੱਚ ਇੱਕ ਮਤਾ ਪਾਸ ਕਰਕੇ ਪੰਜਾਬ ਰਾਜ ਵਿੱਚ ਅਪਣਾਇਆ ਜਾਵੇ।

ਹੁਣ, ਇਸ ਲਈ, ਭਾਰਤ ਦੇ ਸੰਵਿਧਾਨ ਦੇ ਅਨੁਛੇਦ 252 ਦੇ ਉਪਭਾਗ (1) ਦੇ ਨਾਲ ਪੜ੍ਹੇ ਗਏ ਉਪਭਾਗ (2) ਦੁਆਰਾ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਇਹ ਅਸੈਂਬਲੀ ਇਸ ਦੁਆਰਾ ਮਤਾ ਪਾਉਂਦੀ ਹੈ ਕਿ ਜਲ (ਪ੍ਰਦੂਸ਼ਣ ਰੋਕਥਾਮ ਅਤੇ ਨਿਯੰਤਰਣ) ਸੋਧ ਐਕਟ, 2024 ਦੇ ਸੰਬੰਧ ਵਿੱਚ ਸੋਧਾਂ ਨੂੰ ਪੰਜਾਬ ਰਾਜ ਲਈ ਅਪਣਾਇਆ ਜਾਵੇ ਜਿਵੇਂ ਕਿ ਸੰਸਦ ਦੁਆਰਾ ਲਾਗੂ ਕੀਤਾ ਗਿਆ ਹੈ।"

**1200/Sukhpiar Singh/Monika sharma**

**1205/Manika Rani**

**ਮਾਣਯੋਗ ਸਪੀਕਰ**: ਬਹਿਸ। ਹਾਂ ਜੀ। ਸ੍ਰੀ ਅਵਤਾਰ ਸਿੰਘ ਜੂਨੀਅਰ ਜੀ।

**ਸ੍ਰੀ ਅਵਤਾਰ ਸਿੰਘ ਜੂਨੀਅਰ (ਜਲੰਧਰ ਉੱਤਰੀ)**: ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਰੈਜ਼ੋਲਿਊਸ਼ਨ Water Prevention and Water Control Pollution Act, 1974 ਦੀ ਅਮੈਂਡਮੈਂਟ ਉੱਤੇ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਮੈਂ ਇਸ ਰੈਜ਼ੋਲਿਊਸ਼ਨ ਦੇ ਅਗੇਂਸਟ ਖੜ੍ਹਾ ਹੋਇਆ ਹਾਂ ਕਿਉਂਕਿ ਜਿਹੜਾ ਸਾਡਾ ਸੰਵਿਧਾਨ ਦਾ ਫੈਡਰਲ ਸਟਰੱਕਚਰ ਹੈ, ਉਸ ਦੇ ਬਿਲਕੁਲ ਅਗੇਂਸਟ ਹੈ। ਅਗਰ ਤੁਸੀਂ 1974 ਦਾ ਐਕਟ ਪੜ੍ਹੋਗੇ ਤਾਂ ਉਸ ਵਿੱਚ ਜਿਹੜਾ Chairman of State Boards ਹੁੰਦਾ ਹੈ, ਉਹ ਸਟੇਟ ਗੌਰਮਿੰਟ ਦੁਆਰਾ ਨੌਮੀਨੇਟਿਡ ਹੁੰਦਾ ਹੈ। ਲੇਕਿਨ ਇਸ ਐਕਟ ਵਿੱਚ ਕਿਹਾ ਗਿਆ ਹੈ ਕਿ Central Government will prescribe the manner and term and the condition of Service ਜਿਹੜਾ ਉਹ ਚੇਅਰਮੈਨ ਹੈ, ਉਸ ਦੀਆਂ ਟਰਮਜ਼ ਐਂਡ ਕੰਡੀਸ਼ਨਜ਼ ਸੈਂਟਰ ਗੌਰਮਿੰਟ ਹੁਣ ਨਿਰਧਾਰਤ ਕਰੇਗੀ, ਜੋ ਕਿ 1978 ਦੇ ਐਕਟ ਵਿੱਚ Under Section 4 Sub Section 3 provided that the Chairman may be either whole time or part time as the State Government may think fit ਪਹਿਲਾਂ ਇਹ ਪਾਵਰ ਸਟੇਟ ਗੌਰਮਿੰਟ ਕੋਲ ਸੀ, ਜਦੋਂ ਕਿ ਇਹ ਪਾਵਰ ਹੁਣ ਸੈਂਟਰ ਗੌਰਮਿੰਟ ਆਪਣੇ ਕੋਲ ਲੈ ਰਹੀ ਹੈ। ਸਪੀਕਰ ਸਾਹਿਬ, ਜਿਵੇਂ ਤਿੰਨ ਐਗਰੀਕਲਚਰਲ ਕਾਲੇ ਕਾਨੂੰਨਾਂ ਵਿੱਚ ਸੈਂਟਰ ਗੌਰਮਿੰਟ ਉਹ ਕਾਨੂੰਨ ਨਹੀਂ ਬਣਾ ਸਕਦੀ ਸੀ ਲੇਕਿਨ ਉਨ੍ਹਾਂ ਨੇ ਹੇਰ-ਫੇਰ ਕਰਕੇ trade ਵਿੱਚ ਲੈ ਲਿਆ। ਇਸ ਤਰੀਕੇ ਨਾਲ ਜਿਹੜੀ ਇਹ ਅਮੈਂਡਮੈਂਟ ਆ ਰਹੀ ਹੈ, ਇਹ ਸਾਡੇ ਸੰਵਿਧਾਨ ਦੇ ਫੈਡਰਲ ਸਟਰੱਕਚਰ ਨੂੰ ਖਰਾਬ ਕਰਨ ਦੀ ਕੋਸ਼ਿਸ਼ ਕੀਤੀ

ਜਾ ਰਹੀ ਹੈ। Sir, Second adjudicating officer to determine penalties ; Sir, Bill allow Central Government to appoint adjudicating officer to determine penalties whereas in the Last Act 1978 ਦੇ ਵਿੱਚ ਜਿਹੜਾ ਐਕਟ ਬਣਿਆ ਸੀ in the case of regulation made by the State Board it is approved by the State Board ਉਸ ਵਿੱਚ ਇਹ ਪਾਵਰ ਦਿੱਤੀ ਗਈ ਸੀ ਕਿ ਜਿਹੜੇ ਸਟੇਟ ਬੋਰਡ ਦੇ ਚੇਅਰਮੈਨ ਮੈਂਬਰ ਹਨ, ਉਹ ਸਟੇਟ ਗੌਰਮਿੰਟ ਹੀ ਬਣਾਏਗੀ। ਤੀਜਾ, ਜਿਹੜਾ ਕਿ ਬਹੁਤ ਹੀ ਮਹੱਤਵਪੂਰਨ ਹੈ ਅਤੇ ਤੁਹਾਡੀ ਫਰਾਖਦਿਲੀ ਨਾਲ ਪਿਛਲੇ ਦਿਨੀਂ ਵਾਟਰ ਟੇਬਲ ਦਾ ਸਤਰ ਉੱਚਾ ਰੱਖਣ ਦਾ ਅਤੇ ਪਾਣੀ ਨੂੰ ਸਾਫ ਸੁਥਰਾ ਰੱਖਣ ਦਾ ਮਤਾ ਇਸ ਹਾਊਸ ਵਿੱਚ ਸਰਬਸੰਮਤੀ ਨਾਲ ਪਾਸ ਕੀਤਾ ਸੀ, ਲੇਕਿਨ ਜਿਹੜੀਆਂ ਇਸ ਵਿੱਚ imprisonments ਸੀ, ਜੇਕਰ Section 2 ਪੜ੍ਹਿਆ ਜਾਵੇ discharge of noxious or polluting matter in water bodies ਸਰ ਇਸ ਦੀ ਵਾਇਓਲੇਸ਼ਨ ਦੀ ਜੋ ਪ੍ਰੋਵੀਜਨ ਸੀ, It was punishable with imprisonment terms between one and half year and six years and a fine ਸੀ, ਇਸ ਅਮੈਂਡਮੈਂਟ ਦੇ ਤਹਿਤ imprisonment ਨੂੰ ਬਿਲਕੁਲ ਖਤਮ ਕਰ ਦਿੱਤਾ ਹੈ ਅਤੇ ਸਿਰਫ ਪੈਨੇਲਟੀ 10 ਹਜ਼ਾਰ ਤੋਂ ਲੈ ਕੇ 15 ਲੱਖ ਰੁਪਏ ਤੱਕ ਰੱਖੀ ਗਈ ਹੈ। ਸਰ, ਅਗਰ ਅਸੀਂ ਪਾਣੀ ਨੂੰ ਪ੍ਰਦੂਸ਼ਿਤ ਕਰਦੇ ਹਾਂ, ਭਾਵੇਂ ਉਹ ਵਾਟਰ ਵੇਅਜ਼ ਦੇ ਵਿੱਚ ਹੋਵੇ ਜਾਂ ਵਾਟਰ ਗਰਾਊਂਡ ਦੇ ਵਿੱਚ ਹੋਵੇ, ਸਾਡਾ ਪਾਣੀ ਪ੍ਰਦੂਸ਼ਿਤ ਹੋ ਰਿਹਾ ਹੈ। ਅੱਜ ਪਾਣੀ ਵਿੱਚ ਯੂਰੇਨੀਅਮ ਅਤੇ ਹੈਵੀ ਮੈਟਲ ਮਿਲ ਗਏ ਹਨ। ਸਪੀਕਰ ਸਾਹਿਬ, ਜਿਹੜਾ imprisonment ਹੋਣਾ ਸੀ, ਉਹ ਇਸ ਅਮੈਂਡਮੈਂਟ ਵਿੱਚੋਂ ਬਿਲਕੁਲ ਖਤਮ ਕਰ ਦਿੱਤਾ ਗਿਆ ਹੈ। ਮੈਂ ਇਸ ਦੇ ਬਿਲਕੁਲ ਬਰਖਿਲਾਫ ਹਾਂ। ਹਵਾ ਅਤੇ ਪਾਣੀ ਸਾਡੇ ਲਈ ਬਹੁਤ ਹੀ ਮਹੱਤਵਪੂਰਨ ਹਨ। ਸਗੋਂ ਇਸ ਵਿੱਚ ਸਾਨੂੰ ਬਹੁਤ imprisonment ਹੋਰ ਕਰਨ ਦੀ ਜ਼ਰੂਰਤ ਹੈ। ਇਸ ਵਿੱਚ ਹੋਰ ਸਖਤਾਈ ਕਰਨੀ ਚਾਹੀਦੀ ਸੀ। Sir, last, Penaly for other offences ਸਰ, ਇਸ ਵਿੱਚ ਵੀ ਜਿਹੜਾ ਪਿਛਲਾ ਡਿਸਚਾਰਜ ਆਫ ਵਾਟਰ ਸੀ, ਜਿਸ ਵਿੱਚ noxious and polluting matter ਸਨ, ਉਸ ਲਈ ਵੀ ਤਿੰਨ ਮਹੀਨੇ ਦੀ imprisonment or fine ਸੀ, ਉਸ ਵਿੱਚ imprisonment ਕੱਢ ਦਿੱਤੀ ਗਈ ਹੈ। ਮੇਰੀ ਇਸ ਹਾਊਸ ਨੂੰ ਗੁਜਾਰਿਸ਼ ਹੈ ਕਿ ਇਸ ਰੈਜ਼ੋਲਿਊਸ਼ਨ ਨੂੰ ਪਾਸ ਨਾ ਕੀਤਾ ਜਾਵੇ। ਜਦੋਂ ਤੱਕ ਅਸੀਂ ਫੈਡਰਲ ਸਟਰੱਕਚਰ ਨੂੰ ਮੇਨਟੇਨ ਨਹੀਂ ਕਰਾਂਗਾ ਇਸ ਪਵਿੱਤਰ ਸਦਨ ਦੀ ਕੋਈ ਅਹਿਮੀਅਤ ਨਹੀਂ ਰਹੇਗੀ ਕਿਉਂਕਿ ਸਾਰੀਆਂ ਪਾਵਰਜ਼ ਸੈਂਟਰ ਗੌਰਮਿੰਟ ਆਪਣੇ ਕੋਲ ਲੈ ਲਈ ਹੈ। ਲੋਕਾਂ ਦਾ ਸਾਨੂੰ ਚੁਣ ਕੇ ਇੱਥੇ ਭੇਜਣ ਦਾ ਕੋਈ ਫਾਇਦਾ ਨਹੀਂ ਹੋਵੇਗਾ। ਦੂਜਾ, ਅਗਰ ਅਸੀਂ ਪਾਣੀ ਨੂੰ ਨਹੀਂ ਬਚਾ ਸਕਦੇ ਜਾਂ ਆਉਣ ਵਾਲੀ ਪੀੜ੍ਹੀ ਲਈ ਪਾਣੀ ਸਾਫ-ਸੁਥਰਾ ਨਹੀਂ ਰੱਖ ਸਕਦੇ ਤਾਂ ਬੜੀ ਨਮੋਸ਼ੀ ਵਾਲੀ ਗੱਲ ਹੋਵੇਗੀ। ਮੈਂ ਇਹ ਵੀ ਕਹਾਂਗਾ ਕਿ ਜੇਕਰ ਇਹ ਮਤਾ ਪਾਸ ਹੋ ਜਾਂਦਾ ਹੈ ਤਾਂ ਸਾਡੇ ਲਈ ਅਤੇ ਆਉਣ ਵਾਲੀ ਪੀੜ੍ਹੀ ਲਈ ਬਹੁਤ ਮੰਦਭਾਗਾ ਹੋਵੇਗਾ। ਸਪੀਕਰ ਸਾਹਿਬ, ਤੁਹਾਡਾ ਸਮਾਂ ਦੇਣ ਲਈ ਬਹੁਤ-ਬਹੁਤ ਧੰਨਵਾਦ ਜੀ। ਜੈ ਹਿੰਦ

(ਇਸ ਸਮੇਂ ਸੰਸਦੀ ਮਾਮਲੇ ਮੰਤਰੀ, ਸਰਦਾਰ ਰਵਜੋਤ ਸਿੰਘ ਮਤੇ ਸਬੰਧੀ ਕਲੈਰੀਫਿਕੇਸ਼ਨ ਦੇਣ ਲਈ ਸਮਾਂ ਮੰਗ ਰਹੇ ਸਨ।)

**ਮਾਣਯੋਗ ਸਪੀਕਰ:** ਪ੍ਰਸ਼ਨ ਹੈ ਕਿ-

ਹਾਂ ਜੀ, ਮੰਤਰੀ ਜੀ। ਡਾਕਟਰ ਰਵਜੋਤ ਸਿੰਘ ਜੀ।

**1205/Manika Rani/Monika sharma**

**1210/Gurpreet kaur**

**ਸੰਸਦੀ ਮਾਮਲੇ ਮੰਤਰੀ (ਡਾਕਟਰ ਰਵਜੋਤ ਸਿੰਘ):** ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਮਾਣਯੋਗ ਮੈਂਬਰ ਅਵਤਾਰ ਸਿੰਘ ਜੂਨੀਅਰ ਜੀ ਵੱਲੋਂ ਕੁਝ ਕਿਊਰੀਜ਼ ਲਗਾਈਆਂ ਗਈਆਂ ਹਨ। ਮੈਂ ਮੈਂਬਰ ਸਾਹਿਬ ਨੂੰ ਕਲੀਅਰ ਕਰ ਦੇਣਾ ਚਾਹੁੰਦਾ ਹਾਂ ਕਿ ਜਿਵੇਂ ਪਹਿਲੀ ਗੱਲ appointment of Chairman ਦੀ ਹੋਈ ਹੈ। ਪਹਿਲਾ recommending Board ਵਿੱਚ ਸਟੇਟ ਦੇ ਚੀਫ ਸੈਕਟਰੀ ਸਾਹਿਬ ਹੁੰਦੇ ਸਨ ਅਤੇ ਨਾਲ ਹੀ ਸਟੇਟ ਸਾਇੰਸ ਅਤੇ ਟੈਕਨਾਲੋਜੀ ਦੇ ਸੈਕਟਰੀ ਸਾਹਿਬ ਹੁੰਦੇ ਸਨ। ਇਹ ਦੋਨੋਂ ਸਟੇਟ ਦੇ ਮੈਂਬਰ ਹੁੰਦੇ ਸਨ। ਹੁਣ ਜਿਹੜੀ ਅਮੈਂਡਮੈਂਟ ਹੋਈ ਹੈ ਉਸ ਅਨੁਸਾਰ ਸੀ.ਐਸ. ਸਾਹਿਬ ਅਤੇ ਸਾਇੰਸ ਅਤੇ ਟੈਕਨਾਲੋਜੀ ਦੇ ਸੈਕਟਰੀ ਸਾਹਿਬ ਹੋਣਗੇ ਅਤੇ ਇਸ ਵਿੱਚ ਇੱਕ ਨਵਾਂ ਮੈਂਬਰ Joint Secretary , Ministry of Environment ਤੋਂ ਐਡ ਹੋਏ ਹਨ। ਜੇਕਰ ਅਸੀਂ ਤਿੰਨਾਂ ਦੀ ਗਿਣਤੀ ਕਰ ਲਈਏ ਤਾਂ ਇਸ ਵਿੱਚ ਦੋ ਮੈਂਬਰ ਸਟੇਟ ਦੇ ਹਨ ਅਤੇ ਇੱਕ ਸੈਂਟਰ ਦਾ ਮੈਂਬਰ ਹੈ। ਇਸ ਵਿੱਚ ਸਟੇਟ ਦਾ ਹੀ ਫਾਇਦਾ ਹੈ। ਜੇਕਰ ਇਸ ਸਬੰਧੀ ਵੋਟਿੰਗ ਕਰਵਾ ਦੇਈਏ ਤਾਂ ਉਹ ਸਟੇਟ ਦੇ ਹੱਕ ਵਿੱਚ ਹੀ ਜਾਵੇਗਾ। ਪਹਿਲਾਂ ਇਸ ਵਿੱਚ ਚੇਅਰਮੈਨ ਸਾਹਿਬ, ਲੈਵਲ 13 ਦੇ ਅਫਸਰ ਹੁੰਦੇ ਸਨ ਅਤੇ ਉਹ ਡਾਇਰੈਕਟਰ ਲੈਵਲ ਦੇ ਹੁੰਦੇ ਸਨ ਪਰ ਹੁਣ ਇਸ ਵਿੱਚ ਕੀਤੀ ਗਈ ਅਮੈਂਡਮੈਂਟ ਅਨੁਸਾਰ ਪੰਜ ਸਾਲ ਦੇ ਤਜਰਬੇ ਨਾਲ ਲੈਵਲ-14 ਅਫਸਰ, ਸੈਕਟਰੀ ਸਾਹਿਬ ਦੇ ਲੈਵਲ ਦੇ ਚੇਅਰਮੈਨ ਸਾਹਿਬ ਨਿਯੁਕਤ ਹੋਣਗੇ। ਇਨ੍ਹਾਂ ਵੱਲੋਂ ਦੂਜੀ ਗੱਲ Adjudicating Officer ਦੀ ਕੀਤੀ ਗਈ ਹੈ। ਮੈਨੂੰ ਲੱਗਦਾ ਹੈ, ਇਨ੍ਹਾਂ ਨੂੰ ਪੜ੍ਹਨ ਵੇਲੇ ਥੋੜ੍ਹਾ ਭੁਲੇਖਾ ਲੱਗ ਗਿਆ ਹੈ। ਹੁਣ ਜੋ ਨੋਟੀਫਾਈ ਹੋਇਆ ਹੈ ਉਸ ਅਨੁਸਾਰ Secretary in charge Environment Department of State/ Union Territory Administration for the respective jurisdiction ਜਿਸ ਸਟੇਟ ਵਿੱਚ ਅਸੀਂ Adjudicating Officer ਲਗਾਉਣਾ ਹੈ he will be the Secretary in charge ਉਹ ਸਟੇਟ ਦਾ ਹੋਵੇਗਾ। Union Territory ਜਿੱਥੇ exist ਕਰਦੀ ਹੈ ਜਾਂ ਚੰਡੀਗੜ੍ਹ ਵਿਖੇ exist ਕਰਦੀ ਹੈ that will be Joint Secretary from the Government of India ਇਸ ਐਕਟ ਵਿੱਚ ਕੁਝ ਚੇਂਜਿਜ਼ ਹੋਈਆਂ ਹਨ। ਮੈਂ ਇਹੀ ਕਹਿਣਾ ਚਾਹੁੰਦਾ ਹਾਂ ਕਿ to ease of doing business and to promote industry ਇਸ ਨੂੰ ਪਾਸ ਕਰਨਾ ਸਾਡੀ ਇੰਡਸਟਰੀ ਲਈ ਬਹੁਤ ਫਾਇਦੇਮੰਦ ਹੋਵੇਗਾ। ਜੇਕਰ ਮੈਂਬਰ ਸਾਹਿਬ ਦਾ ਕੋਈ ਹੋਰ ਕੁਐਸਚਨ ਹੈ ਤਾਂ I am answerable to that। ਧੰਨਵਾਦ ਜੀ।

**ਸ੍ਰੀ ਅਵਤਾਰ ਸਿੰਘ ਜੂਨੀਅਰ (ਜਲੰਧਰ ਉੱਤਰੀ):** ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਵਜ਼ੀਰ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਜੋ imprisonment ਦਾ issue ਸੀ, ਪੰਜਾਬ ਵਿੱਚ ਇੰਡਸਟਰੀ ਲੈ ਕੇ ਆਉਣਾ ਅਤੇ ਉਸ ਨੂੰ ਪ੍ਰਫੁੱਲਿਤ ਕਰਨਾ ਸਰਕਾਰ ਦੀ ਬਹੁਤ ਵੱਡੀ ਜ਼ਿੰਮੇਵਾਰੀ ਹੈ ਅਤੇ ਅਸੀਂ ਇੰਪਲਾਇਮੈਂਟ ਜੈਨਰੇਟ ਕਰਨ ਵਾਸਤੇ ਵੀ ਸਾਰੇ ਵਚਨਬੱਧ ਹਾਂ। ਕੀ ਅਸੀਂ ਇਨਵਾਇਰਨਮੈਂਟ ਖਰਾਬ ਕਰਕੇ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਕੈਂਸਰ

ਦੀ ਬਿਮਾਰੀ ਵਿੱਚ ਝੋਖ ਕੇ ਅਤੇ ਲੰਗਜ਼ ਪ੍ਰਾਬਲਮ ਕਰਕੇ ਅਤੇ ਆਪਣੀ ਹਵਾ ਅਤੇ ਵਾਤਾਵਰਣ ਨੂੰ ਖਰਾਬ ਕਰਕੇ ਕਿੰਨਾ ਕੁਝ ਖਰਾਬ ਕਰ ਰਹੇ ਹਾਂ। ਕੀ ਇਹ ਸਰਕਾਰ ਦੀ ਜ਼ਿੰਮੇਵਾਰੀ ਨਹੀਂ ਬਣਦੀ ਕਿ ਈਜ਼ ਆਫ ਬਿਜ਼ਨਸ ਜ਼ਰੂਰ ਦੇਣ ਪਰ ਆਪਣੇ ਵਾਤਾਵਰਣ ਨੂੰ ਪ੍ਰਮੁੱਖ ਰੱਖਦੇ ਹੋਏ ਜੇਕਰ ਇਹ ਜ਼ਿੰਮੇਵਾਰੀ ਬਣਦੀ ਹੈ ਤਾਂ ਅਸੀਂ ਇਸ ਰੈਜ਼ੋਲਿਊਸ਼ਨ ਨੂੰ ਨਕਾਰੀਏ। ਇਸ ਲਈ ਇਸ ਵਿੱਚ ਸਭ ਤੋਂ ਪਹਿਲਾਂ imprisonment ਆਉਣੀ ਚਾਹੀਦੀ ਹੈ। ਜਿਹੜੀ ਵੱਡੀ ਇੰਡਸਟਰੀ ਹਜ਼ਾਰਾਂ-ਕਰੋੜਾਂ ਰੁਪਏ ਦੀ ਹੋਵੇਗੀ ਤਾਂ 15 ਲੱਖ ਰੁਪਿਆ ਫਾਈਨ ਦੇ ਕੇ ਜੇਕਰ ਉਹ ਇਸ ਤੋਂ ਬਾਹਰ ਹੋ ਸਕੇ ਤਾਂ ਮੈਂ ਇਹ ਰੈਜ਼ੋਲਿਊਸ਼ਨ ਦੇ ਖਿਲਾਫ ਹਾਂ। ਧੰਨਵਾਦ ਜੀ।

**ਸੰਸਦੀ ਮਾਮਲੇ ਮੰਤਰੀ**: ਸਪੀਕਰ ਸਾਹਿਬ, ਮੈਂਬਰ ਸਾਹਿਬ ਦਾ ਬਹੁਤ ਵਾਜਿਬ ਕੁਐਸਚਨ ਅਤੇ ਬਹੁਤ ਵਾਜਿਬ ਕਿਊਰੀ ਹੈ। ਜੇਕਰ ਪੰਜਾਬ ਦੀ ਇੰਡਸਟਰੀ ਦਾ ਗ੍ਰਾਫ ਦੇਖਿਆ ਜਾਵੇ ਤਾਂ ਜਦੋਂ ਦੀ ਸਰਕਾਰੀ ਆਈ ਹੈ we are trying our level best ਕਿ ਅਸੀਂ ਇੰਡਸਟਰੀ ਨੂੰ ਪ੍ਰਮੋਟ ਕਰਕੇ ਪੰਜਾਬ ਵਿੱਚ ਇੰਡਸਟਰੀਜ਼ ਦੀ ਇਨਵੈਸਟਮੈਂਟ ਕਰਵਾਈਏ। ਅਸੀਂ ਐਕਟ ਨੂੰ ਥੋੜ੍ਹਾ ਮੋਡੀਫਾਈ ਕਰ ਰਹੇ ਹਾਂ ਪਰ ਇਸ ਦਾ ਮਤਲਬ ਇਹ ਨਹੀਂ ਕਿ ਅਸੀਂ ਉਸ ਦੀ strictness ਨੂੰ ਘਟਾ ਰਹੇ ਹਾਂ। ਅਸੀਂ ਅਧਿਕਾਰਤ ਸਜ਼ਾ ਦੀ ਅਵਸਥਾ ਨੂੰ ਚੇਂਜ ਕਰਕੇ ਉਸ ਨੂੰ ਜੁਰਮਾਨੇ ਵਿੱਚ ਬਦਲ ਕਰਕੇ ਉਸ ਦਾ ਬਦਲਾਅ ਕਰ ਰਹੇ ਹਾਂ। ਇਸ ਵਿੱਚ ਪੈਨੈਲਿਟੀ ਦੀ ਫੀਸ ਲਿਮਟ 15 ਹਜਾਰ ਤੋਂ 15 ਲੱਖ ਰੁਪਏ ਤੱਕ ਹੈ। ਮੈਂ ਸਮਝਦਾ ਹਾਂ ਕਿ ਇਹ ਪੰਜਾਬ ਦੇ ਹਿੱਤ ਵਿੱਚ, ਪੰਜਾਬ ਵਿੱਚ ਇੰਡਸਟਰੀ ਲਿਆਉਣ ਵਿੱਚ ਅਤੇ ਇਸ ਬਿਲ ਦੇ ਹੱਕ ਵਿੱਚ ਇਸ ਨੂੰ ਪਾਸ ਕਰ ਦੇਣਾ ਚਾਹੀਦਾ ਹੈ। ਧੰਨਵਾਦ ਜੀ।

**1210/Gurpreet kaur/Shubham jain**

**1215/Rajneet Kaur**

**ਮਾਣਯੋਗ ਸਪੀਕਰ** : ਪ੍ਰਸ਼ਨ ਹੈ-

" ਕਿ ਜਦੋਂ ਭਾਰਤ ਦੀ ਸੰਸਦ ਨੇ ਜਲ ਪ੍ਰਦੂਸ਼ਣ ਦੀ ਰੋਕਥਾਮ ਅਤੇ ਨਿਯੰਤਰਣ ਅਤੇ ਪਾਣੀ ਦੀ ਸ਼ੁੱਧਤਾ ਨੂੰ ਬਹਾਲ ਰੱਖਣ ਲਈ ਜਲ (ਪ੍ਰਦੂਸ਼ਣ ਰੋਕਥਾਮ ਅਤੇ ਨਿਯੰਤਰਣ) ਐਕਟ, 1974 (1974 ਦਾ ਕੇਂਦਰੀ ਐਕਟ ਨੰ.6) ਲਾਗੂ ਕੀਤਾ ਸੀ।

ਅਤੇ ਕਿਉਂਕਿ ਪੰਜਾਬ ਰਾਜ ਦੀ ਵਿਧਾਨ ਸਭਾ ਨੇ ਭਾਰਤ ਦੇ ਸੰਵਿਧਾਨ ਦੀ ਧਾਰਾ 252 ਦੀ ਪਾਲਣਾ ਵਿੱਚ, 3 ਫਰਵਰੀ, 1975 ਦੇ ਮਤੇ ਰਾਹੀਂ ਜਲ (ਪ੍ਰਦੂਸ਼ਣ ਰੋਕਥਾਮ ਅਤੇ ਨਿਯੰਤਰਣ) ਐਕਟ, 1974 ਨੂੰ ਅਪਣਾਉਣ ਦਾ ਸੰਕਲਪ ਲਿਆ ਸੀ।

ਅਤੇ ਕਿਉਂਕਿ ਪੰਜਾਬ ਰਾਜ ਦੀ ਵਿਧਾਨ ਸਭਾ ਨੇ ਭਾਰਤ ਦੇ ਸੰਵਿਧਾਨ ਦੀ ਧਾਰਾ 252 ਦੀ ਪਾਲਣਾ ਵਿੱਚ, 15 ਅਕਤੂਬਰ, 1979 ਦੇ ਮਤੇ ਰਾਹੀਂ ਜਲ (ਪ੍ਰਦੂਸ਼ਣ ਅਤੇ ਰੋਕਥਾਮ ਨਿਯੰਤਰਣ) ਸੋਧ ਐਕਟ, 1978 (1978 ਦਾ ਕੇਂਦਰੀ ਐਕਟ ਨੰ. 44) ਨੂੰ ਅਪਣਾਉਣ ਦਾ ਫੈਸਲਾ ਕੀਤਾ ਸੀ।

ਅਤੇ ਕਿਉਂਕਿ ਪੰਜਾਬ ਰਾਜ ਦੀ ਵਿਧਾਨ ਸਭਾ ਨੇ ਭਾਰਤ ਦੇ ਸੰਵਿਧਾਨ ਦੀ ਧਾਰਾ 252 ਦੀ ਪਾਲਣਾ ਵਿੱਚ, 9 ਅਪ੍ਰੈਲ, 1992 ਦੇ ਮਤੇ ਰਾਹੀਂ ਜਲ (ਪ੍ਰਦੂਸ਼ਣ ਰੋਕਥਾਮ ਅਤੇ ਨਿਯੰਤਰਣ) ਸੋਧ ਐਕਟ, 1988 (1988 ਦਾ ਕੇਂਦਰੀ ਐਕਟ ਨੰ.53) ਨੂੰ ਅਪਣਾਉਣ ਦਾ ਫੈਸਲਾ ਕੀਤਾ ਸੀ।

ਅਤੇ ਜਿੱਥੇ ਭਾਰਤ ਦੀ ਸੰਸਦ ਨੇ 15.2.2024 ਨੂੰ ਨੋਟੀਫਾਈ ਕੀਤਾ ਗਿਆ ਜਲ (ਪ੍ਰਦੂਸ਼ਣ ਰੋਕਥਾਮ ਅਤੇ ਨਿਯੰਤਰਣ) ਸੋਧ ਐਕਟ, 2024 (2024 ਦਾ ਕੇਂਦਰੀ ਐਕਟ ਨੰ.5) ਲਾਗੂ ਕੀਤਾ ਸੀ।

ਅਤੇ ਜਿੱਥੇ ਸੋਧ ਐਕਟ, 2024, ਪਹਿਲੀ ਵਾਰ, ਹਿਮਾਚਲ ਪ੍ਰਦੇਸ਼ ਅਤੇ ਰਾਜਸਥਾਨ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ 'ਤੇ ਲਾਗੂ ਹੋਵੇਗਾ; ਅਤੇ ਇਹ ਅਜਿਹੇ ਹੋਰ ਰਾਜਾਂ 'ਤੇ ਲਾਗੂ ਹੋਵੇਗਾ ਜੋ ਇਸ ਐਕਟ ਨੂੰ ਅਪਣਾਉਣਗੇ, ਸੰਵਿਧਾਨ ਦੇ ਅਨੁਛੇਦ 252 ਦੇ ਉਪਖੰਡ (1) ਦੇ ਅਧੀਨ ਆਪਣੀਆਂ ਵਿਧਾਨ ਸਭਾਵਾਂ ਅਤੇ ਵਿਧਾਨ ਪ੍ਰੀਸ਼ਦਾਂ (ਜੇਕਰ ਕੋਈ ਹੈ) ਵਿੱਚ ਇੱਕ ਮਤਾ ਪਾਸ ਕਰਕੇ, ਜਿਸ ਨੂੰ ਧਾਰਾ (2) ਦੇ ਨਾਲ ਪੜ੍ਹਿਆ ਜਾਂਦਾ ਹੈ, ਅਜਿਹਾ ਅਪਣਾਉਣ ਦੀ ਮਿਤੀ ਤੋਂ ਪ੍ਰਭਾਵੀ ਹੋਵੇਗਾ।

ਅਤੇ ਜਿੱਥੇ, ਇਸ ਸੋਧ ਐਕਟ, 2024 ਦਾ ਉਦੇਸ਼ ਦੇਸ਼ ਵਿੱਚ ਕਾਰੋਬਾਰ ਕਰਨ ਵਿੱਚ ਆਸਾਨੀ ਨੂੰ ਸੁਚਾਰੂ ਬਣਾਉਣ ਅਤੇ ਰਾਜ ਪ੍ਰਦੂਸ਼ਣ ਕੰਟਰੋਲ ਬੋਰਡਾਂ ਦੇ ਚੇਅਰਮੈਨ ਦੀ ਨਾਮਜ਼ਦਗੀ ਦੀ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ ਲਈ ਮੂਲ ਐਕਟ "ਜਲ (ਪ੍ਰਦੂਸ਼ਣ ਰੋਕਥਾਮ ਅਤੇ ਨਿਯੰਤਰਣ) ਐਕਟ, 1974" (1974 ਦਾ ਕੇਂਦਰੀ ਐਕਟ ਨੰ.6) ਦੇ ਉਪਬੰਧਾਂ ਨੂੰ ਅਪਰਾਧ ਦੀ ਸ਼੍ਰੇਣੀ ਤੋਂ ਬਾਹਰ ਕਰਨਾ ਹੈ;

ਅਤੇ ਕਿਉਂਕਿ ਇਸ ਵਿਧਾਨ ਸਭਾ ਨੂੰ ਇਹ ਲੋੜੀਂਦਾ ਜਾਪਦਾ ਹੈ ਕਿ ਉਪਰੋਕਤ ਸੋਧ ਐਕਟ, 2024 ਨੂੰ ਇਸ ਵਿਧਾਨ ਸਭਾ ਵਿੱਚ ਇੱਕ ਮਤਾ ਪਾਸ ਕਰਕੇ ਪੰਜਾਬ ਰਾਜ ਵਿੱਚ ਅਪਣਾਇਆ ਜਾਵੇ।

ਹੁਣ, ਇਸ ਲਈ, ਭਾਰਤ ਦੇ ਸੰਵਿਧਾਨ ਦੇ ਅਨੁਛੇਦ 252 ਦੇ ਉਪਭਾਗ (1) ਦੇ ਨਾਲ ਪੜ੍ਹੇ ਗਏ ਉਪਭਾਗ (2) ਦੁਆਰਾ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਇਹ ਅਸੈਂਬਲੀ ਇਸ ਦੁਆਰਾ ਮਤਾ ਪਾਉਂਦੀ ਹੈ ਕਿ ਜਲ (ਪ੍ਰਦੂਸ਼ਣ ਰੋਕਥਾਮ ਅਤੇ ਨਿਯੰਤਰਣ) ਸੋਧ ਐਕਟ, 2024 ਦੇ ਸੰਬੰਧ ਵਿੱਚ ਸੋਧਾਂ ਨੂੰ ਪੰਜਾਬ ਰਾਜ ਲਈ ਅਪਣਾਇਆ ਜਾਵੇ ਜਿਵੇਂ ਕਿ ਸੰਸਦ ਦੁਆਰਾ ਲਾਗੂ ਕੀਤਾ ਗਿਆ ਹੈ।"

***ਪ੍ਰਸਤਾਵ ਪ੍ਰਵਾਨ ਹੋਇਆ।***

---------

## MOTION REGARDING CONSTITUTION OF ELECTED COMMITTEES FOR THE YEAR 2025-26

**ਮਾਣਯੋਗ ਸਪੀਕਰ** : ਸੰਸਦੀ ਮਾਮਲੇ ਮੰਤਰੀ ਸਾਲ 2025-26 ਲਈ ਚੁਣੀਆਂ ਜਾਣ ਵਾਲੀਆਂ ਕਮੇਟੀਆਂ ਦੇ ਗਠਨ ਸਬੰਧੀ ਪ੍ਰਸਤਾਵ ਪੇਸ਼ ਕਰਨ।

**ਸੰਸਦੀ ਮਾਮਲੇ ਮੰਤਰੀ (ਡਾਕਟਰ ਰਵਜੋਤ ਸਿੰਘ)**: ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਕਿਉਂਜੋ ਸਾਲ 2025-26 ਲਈ -

1. ਲੋਕ ਲੇਖਾ ਕਮੇਟੀ;

2. ਅਨੁਮਾਨ ਕਮੇਟੀ;

3. ਸਰਕਾਰੀ ਕਾਰੋਬਾਰ ਕਮੇਟੀ; ਅਤੇ

4. ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਕਮੇਟੀ ਲਈ ਚੋਣਾਂ 31 ਮਾਰਚ, 2025 ਤੋਂ ਪਹਿਲਾਂ ਕੀਤੀਆਂ ਜਾਣੀਆਂ ਬਣਦੀਆਂ ਹਨ; ਅਤੇ

ਕਿਉਂਜੋ ਸਦਨ ਕੋਲ ਬਾਕੀ ਰਹਿੰਦਾ ਸਮਾਂ ਬਹੁਤ ਘੱਟ ਹੈ ਅਤੇ ਸਾਧਾਰਨ ਰੂਪ ਵਿੱਚ ਇਨ੍ਹਾਂ ਕਮੇਟੀਆਂ ਲਈ ਚੋਣ ਕਰਵਾਉਣਾ ਸੰਭਵ ਨਹੀਂ ਹੈ;

ਇਸ ਲਈ ਹੁਣ ਇਹ ਸਦਨ ਸਪੀਕਰ, ਪੰਜਾਬ ਵਿਧਾਨ ਸਭਾ ਨੂੰ ਸਦਨ ਵਿੱਚ ਵੱਖ-ਵੱਖ ਪਾਰਟੀਆਂ/ਗਰੁੱਪਾਂ ਦੀ ਅਨੁਪਾਤੀ ਸੰਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਉਕਤ ਵਰਣਿਤ ਸਾਲ ਲਈ ਉਪਰੋਕਤ ਕਮੇਟੀਆਂ ਦੇ ਮੈਂਬਰ ਨਾਮਜ਼ਦ ਕਰਨ ਦਾ ਅਧਿਕਾਰ ਦਿੰਦਾ ਹੈ;

ਇਹ ਸਦਨ ਹੋਰ ਇਹ ਵੀ ਮਤਾ ਪਕਾਉਂਦਾ ਹੈ ਕਿ ਉਪਰੋਕਤ ਮੰਤਵ ਲਈ ਸਾਲ 2025-26 ਲਈ ਉਕਤ ਕਮੇਟੀਆਂ ਦੀਆਂ ਚੋਣਾਂ ਸਬੰਧੀ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ ਜੋ ਉਕਤ ਮਤੇ ਨਾਲ ਮੇਲ ਨਾ ਖਾਂਦੇ ਹੋਣ ਜਾਂ ਉਸਦੇ ਉਲਟ ਹੋਣ, ਮੁਅੱਤਲ ਰਹਿਣਗੇ।

**ਮਾਣਯੋਗ ਸਪੀਕਰ** : ਪ੍ਰਸਤਾਵ ਕੀਤਾ-

ਕਿ ਕਿਉਂਜੋ ਸਾਲ 2025-26 ਲਈ -

1. ਲੋਕ ਲੇਖਾ ਕਮੇਟੀ;

2. ਅਨੁਮਾਨ ਕਮੇਟੀ;

3. ਸਰਕਾਰੀ ਕਾਰੋਬਾਰ ਕਮੇਟੀ; ਅਤੇ

4. ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਕਮੇਟੀ ਲਈ ਚੋਣਾਂ 31 ਮਾਰਚ, 2025 ਤੋਂ ਪਹਿਲਾਂ ਕੀਤੀਆਂ ਜਾਣੀਆਂ ਬਣਦੀਆਂ ਹਨ; ਅਤੇ

ਕਿਉਂਜੋ ਸਦਨ ਕੋਲ ਬਾਕੀ ਰਹਿੰਦਾ ਸਮਾਂ ਬਹੁਤ ਘੱਟ ਹੈ ਅਤੇ ਸਾਧਾਰਨ ਰੂਪ ਵਿੱਚ ਇਨ੍ਹਾਂ ਕਮੇਟੀਆਂ ਲਈ ਚੋਣ ਕਰਵਾਉਣਾ ਸੰਭਵ ਨਹੀਂ ਹੈ;

ਇਸ ਲਈ ਹੁਣ ਇਹ ਸਦਨ ਸਪੀਕਰ, ਪੰਜਾਬ ਵਿਧਾਨ ਸਭਾ ਨੂੰ ਸਦਨ ਵਿੱਚ ਵੱਖ-ਵੱਖ ਪਾਰਟੀਆਂ/ਗਰੁੱਪਾਂ ਦੀ ਅਨੁਪਾਤੀ ਸੰਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਉਕਤ ਵਰਣਿਤ ਸਾਲ ਲਈ ਉਪਰੋਕਤ ਕਮੇਟੀਆਂ ਦੇ ਮੈਂਬਰ ਨਾਮਜ਼ਦ ਕਰਨ ਦਾ ਅਧਿਕਾਰ ਦਿੰਦਾ ਹੈ;

ਇਹ ਸਦਨ ਹੋਰ ਇਹ ਵੀ ਮਤਾ ਪਕਾਉਂਦਾ ਹੈ ਕਿ ਉਪਰੋਕਤ ਮੰਤਵ ਲਈ ਸਾਲ 2025-26 ਲਈ ਉਕਤ ਕਮੇਟੀਆਂ ਦੀਆਂ ਚੋਣਾਂ ਸਬੰਧੀ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ ਜੋ ਉਕਤ ਮਤੇ ਨਾਲ ਮੇਲ ਨਾ ਖਾਂਦੇ ਹੋਣ ਜਾਂ ਉਸਦੇ ਉਲਟ ਹੋਣ, ਮੁਅੱਤਲ ਰਹਿਣਗੇ।

**ਮਾਣਯੋਗ ਸਪੀਕਰ** : ਪ੍ਰਸ਼ਨ ਹੈ-

ਕਿ ਕਿਉਂਜੋ ਸਾਲ 2025-26 ਲਈ -

1. ਲੋਕ ਲੇਖਾ ਕਮੇਟੀ;

2. ਅਨੁਮਾਨ ਕਮੇਟੀ;

3. ਸਰਕਾਰੀ ਕਾਰੋਬਾਰ ਕਮੇਟੀ; ਅਤੇ

4. ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਕਮੇਟੀ ਲਈ ਚੋਣਾਂ 31 ਮਾਰਚ, 2025 ਤੋਂ ਪਹਿਲਾਂ ਕੀਤੀਆਂ ਜਾਣੀਆਂ ਬਣਦੀਆਂ ਹਨ; ਅਤੇ

ਕਿਉਂਜੋ ਸਦਨ ਕੋਲ ਬਾਕੀ ਰਹਿੰਦਾ ਸਮਾਂ ਬਹੁਤ ਘੱਟ ਹੈ ਅਤੇ ਸਾਧਾਰਨ ਰੂਪ ਵਿੱਚ ਇਨ੍ਹਾਂ ਕਮੇਟੀਆਂ ਲਈ ਚੋਣ ਕਰਵਾਉਣਾ ਸੰਭਵ ਨਹੀਂ ਹੈ;

ਇਸ ਲਈ ਹੁਣ ਇਹ ਸਦਨ ਸਪੀਕਰ, ਪੰਜਾਬ ਵਿਧਾਨ ਸਭਾ ਨੂੰ ਸਦਨ ਵਿੱਚ ਵੱਖ-ਵੱਖ ਪਾਰਟੀਆਂ/ਗਰੁੱਪਾਂ ਦੀ ਅਨੁਪਾਤੀ ਸੰਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਉਕਤ ਵਰਣਿਤ ਸਾਲ ਲਈ ਉਪਰੋਕਤ ਕਮੇਟੀਆਂ ਦੇ ਮੈਂਬਰ ਨਾਮਜ਼ਦ ਕਰਨ ਦਾ ਅਧਿਕਾਰ ਦਿੰਦਾ ਹੈ;

ਇਹ ਸਦਨ ਹੋਰ ਇਹ ਵੀ ਮਤਾ ਪਕਾਉਂਦਾ ਹੈ ਕਿ ਉਪਰੋਕਤ ਮੰਤਵ ਲਈ ਸਾਲ 2025-26 ਲਈ ਉਕਤ ਕਮੇਟੀਆਂ ਦੀਆਂ ਚੋਣਾਂ ਸਬੰਧੀ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ ਜੋ ਉਕਤ ਮਤੇ ਨਾਲ ਮੇਲ ਨਾ ਖਾਂਦੇ ਹੋਣ ਜਾਂ ਉਸਦੇ ਉਲਟ ਹੋਣ, ਮੁਅੱਤਲ ਰਹਿਣਗੇ।

***ਪ੍ਰਸਤਾਵ ਪ੍ਰਵਾਨ ਹੋਇਆ।***

--------

**1215/Rajneet Kaur/Shubham jain**

**1220/Kuldeep kaur**

## LEGISLATIVE BUSINESS

### 1. The Indian Stamp (Punjab Amendment) Bill, 2025

**ਮਾਨਯੋਗ ਸਪੀਕਰ :** ਸਰਦਾਰ ਹਰਦੀਪ ਸਿੰਘ ਮੁੰਡੀਆਂ, ਮਾਲ ਮੰਤਰੀ ਬਿਲ ਪੇਸ਼ ਕਰਨ।

**ਮਾਲ ਮੰਤਰੀ (ਸਰਦਾਰ ਹਰਦੀਪ ਸਿੰਘ ਮੁੰਡੀਆਂ) :** ਸ਼੍ਰੀਮਾਨ ਜੀ, ਮੈਂ ਦਿ ਇੰਡੀਅਨ ਸਟੈਂਪ (ਪੰਜਾਬ ਸੋਧਨਾ) ਬਿਲ, 2025 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ -

ਕਿ ਦਿ ਇੰਡੀਅਨ ਸਟੈਂਪ (ਪੰਜਾਬ ਸੋਧਨਾ) ਬਿਲ, 2025 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ -

ਕਿ ਦਿ ਇੰਡੀਅਨ ਸਟੈਂਪ (ਪੰਜਾਬ ਸੋਧਨਾ) ਬਿਲ, 2025 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

(ਇਸ ਸਮੇਂ ਕੋਈ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਦਿ ਇੰਡੀਅਨ ਸਟੈਂਪ (ਪੰਜਾਬ ਸੋਧਨਾ) ਬਿਲ, 2025 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ**: ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 2**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 2 ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ ਕਲਾਜ਼ (1)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਮਾਲ ਮੰਤਰੀ (ਸਰਦਾਰ ਹਰਦੀਪ ਸਿੰਘ ਮੁੰਡੀਆਂ) :** ਸ੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

ਕਿ ਦਿ ਇੰਡੀਅਨ ਸਟੈਂਪ (ਪੰਜਾਬ ਸੋਧਨਾ) ਬਿਲ, 2025 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ -

ਕਿ ਦਿ ਇੰਡੀਅਨ ਸਟੈਂਪ (ਪੰਜਾਬ ਸੋਧਨਾ) ਬਿਲ, 2025 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਦਿ ਇੰਡੀਅਨ ਸਟੈਂਪ (ਪੰਜਾਬ ਸੋਧਨਾ) ਬਿਲ, 2025 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

---------

**2. THE TRANSFER OF PRISONERS (PUNJAB AMENDMENT) BILL, 2025**

**ਮਾਨਯੋਗ ਸਪੀਕਰ :** ਸਰਦਾਰ ਲਾਲਜੀਤ ਸਿੰਘ ਭੁੱਲਰ, ਜੇਲ੍ਹਾਂ ਮੰਤਰੀ ਬਿਲ ਪੇਸ਼ ਕਰਨ।

**ਜੇਲ੍ਹਾਂ ਮੰਤਰੀ (ਸਰਦਾਰ ਲਾਲਜੀਤ ਸਿੰਘ ਭੁੱਲਰ) :** ਸ੍ਰੀਮਾਨ ਜੀ, ਮੈਂ ਦਿ ਟਰਾਂਸਫਰ ਆਫ ਪ੍ਰੀਜ਼ਨਰਜ਼ (ਪੰਜਾਬ ਸੋਧਨਾ) ਬਿਲ, 2025 ਪੇਸ਼ ਕਰਦਾ ਹਾਂ।

ਸ੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ -

ਕਿ ਦਿ ਟਰਾਂਸਫਰ ਆਫ ਪ੍ਰੀਜ਼ਨਰਜ਼ (ਪੰਜਾਬ ਸੋਧਨਾ) ਬਿਲ, 2025 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ -

ਕਿ ਦਿ ਟਰਾਂਸਫਰ ਆਫ ਪ੍ਰੀਜ਼ਨਰਜ਼ (ਪੰਜਾਬ ਸੋਧਨਾ) ਬਿਲ, 2025 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

(ਇਸ ਸਮੇਂ ਕੋਈ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਦਿ ਟਰਾਂਸਫਰ ਆਫ ਪ੍ਰੀਜ਼ਨਰਜ਼ (ਪੰਜਾਬ ਸੋਧਨਾ) ਬਿਲ, 2025 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 2**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 2 ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਜੇਲ੍ਹਾਂ ਮੰਤਰੀ (ਸਰਦਾਰ ਲਾਲਜੀਤ ਸਿੰਘ ਭੁੱਲਰ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

ਕਿ ਦਿ ਟਰਾਂਸਫਰ ਆਫ ਪ੍ਰੀਜ਼ਨਰਜ਼ (ਪੰਜਾਬ ਸੋਧਨਾ) ਬਿਲ, 2025 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ -

ਕਿ ਦਿ ਟਰਾਂਸਫਰ ਆਫ ਪ੍ਰੀਜ਼ਨਰਜ਼ (ਪੰਜਾਬ ਸੋਧਨਾ) ਬਿਲ, 2025 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਦਿ ਟਰਾਂਸਫਰ ਆਫ ਪ੍ਰੀਜ਼ਨਰਜ਼ (ਪੰਜਾਬ ਸੋਧਨਾ) ਬਿਲ, 2025 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

---------

**1220/Kuldeep kaur/Abhishek gautam**

**1225/Pawan sharma**

**3.THE PUNJAB REGULATION OF CRUSHER UNITS AND STOCKISTS AND RETAILERS BILL, 2025**

**ਮਾਣਯੋਗ ਸਪੀਕਰ :** ਖਣਨ ਤੇ ਭੂ ਵਿਗਿਆਨ ਮੰਤਰੀ ਜੀ, ਬਿਲ ਪੇਸ਼ ਕਰਨ

**ਖਣਨ ਤੇ ਭੂ ਵਿਗਿਆਨ ਮੰਤਰੀ (ਸ੍ਰੀ ਬਰਿੰਦਰ ਕੁਮਾਰ ਗੋਇਲ):** ਸ਼੍ਰੀਮਾਨ ਜੀ, ਮੈਂ ਦਿ ਪੰਜਾਬ ਰੈਗੂਲੇਸ਼ਨ ਆਫ ਕਰੱਸ਼ਰ ਯੂਨਿਟਜ਼ ਐਂਡ ਸਟਾਕਿਸਟਸ ਐਂਡ ਰਿਟੇਲਰਜ਼ ਬਿਲ, 2025 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ -

ਕਿ ਦਿ ਪੰਜਾਬ ਰੈਗੂਲੇਸ਼ਨ ਆਫ ਕਰੱਸ਼ਰ ਯੂਨਿਟਜ਼ ਐਂਡ ਸਟਾਕਿਸਟਸ ਐਂਡ ਰਿਟੇਲਰਜ਼ ਬਿਲ, 2025 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਣਯੋਗ ਸਪੀਕਰ :** ਪ੍ਰਸਤਾਵ ਕੀਤਾ-

ਕਿ ਦਿ ਪੰਜਾਬ ਰੈਗੂਲੇਸ਼ਨ ਆਫ ਕਰੱਸ਼ਰ ਯੂਨਿਟਜ਼ ਐਂਡ ਸਟਾਕਿਸਟਸ ਐਂਡ ਰਿਟੇਲਰਜ਼ ਬਿਲ, 2025 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

(ਇਸ ਸਮੇਂ ਕੋਈ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ।)

**ਮਾਣਯੋਗ ਸਪੀਕਰ:** ਪ੍ਰਸ਼ਨ ਹੈ -

ਕਿ ਦਿ ਪੰਜਾਬ ਰੈਗੂਲੇਸ਼ਨ ਆਫ ਕਰੱਸ਼ਰ ਯੂਨਿਟਜ਼ ਐਂਡ ਸਟਾਕਿਸਟਸ ਐਂਡ ਰਿਟੇਲਰਜ਼ ਬਿਲ, 2025 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਣਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2) ਤੇ (3)**

**ਮਾਣਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਕਲਾਜ਼ 1 ਦੀਆਂ ਸਬ-ਕਲਾਜ਼ਾਂ (2) ਤੇ (3) ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ਾਂ 2 ਤੋਂ 29**

**ਮਾਣਯੋਗ ਸਪੀਕਰ :** ਕਿਉਂਜੋ ਕਲਾਜ਼ਾਂ 2 ਤੋਂ 29 ਵਿੱਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ?

(ਅਵਾਜ਼ਾਂ : ਹਾਂ ਜੀ, ਹਾਂ ਜੀ)

**ਮਾਣਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ਾਂ 2 ਤੋਂ 29 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਣਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਣਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਣਯੋਗ ਸਪੀਕਰ :** ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਖਣਨ ਤੇ ਭੂ ਵਿਗਿਆਨ ਮੰਤਰੀ (ਸ੍ਰੀ ਬਰਿੰਦਰ ਕੁਮਾਰ ਗੋਇਲ):** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਦਿ ਪੰਜਾਬ ਰੈਗੂਲੇਸ਼ਨ ਆਫ ਕਰੱਸ਼ਰ ਯੂਨਿਟਜ਼ ਐਂਡ ਸਟਾਕਿਸਟਸ ਐਂਡ ਰਿਟੇਲਰਜ਼ ਬਿਲ, 2025 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ :** ਪ੍ਰਸਤਾਵ ਕੀਤਾ -

ਕਿ ਦਿ ਪੰਜਾਬ ਰੈਗੂਲੇਸ਼ਨ ਆਫ ਕਰੱਸ਼ਰ ਯੂਨਿਟਜ਼ ਐਂਡ ਸਟਾਕਿਸਟਸ ਐਂਡ ਰਿਟੇਲਰਜ਼ ਬਿਲ, 2025 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਦਿ ਪੰਜਾਬ ਰੈਗੂਲੇਸ਼ਨ ਆਫ ਕਰੱਸ਼ਰ ਯੂਨਿਟਜ਼ ਐਂਡ ਸਟਾਕਿਸਟਸ ਐਂਡ ਰਿਟੇਲਰਜ਼ ਬਿਲ, 2025 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

------------

**ਮਾਣਯੋਗ ਸਪੀਕਰ:** ਸਦਨ, ਅਣਮਿੱਥੇ ਸਮੇਂ ਲਈ ਸਥਗਿਤ ਹੁੰਦਾ ਹੈ।

***12.29 ਵਜੇ** (*ਇਸ ਉਪਰੰਤ ਅਣਮਿਥੇ ਸਮੇਂ ਲਈ ਸਥਗਿਤ ਹੋ ਗਿਆ।)

**ਬਾਅਦ ਦੁਪਹਿਰ**